Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.
# ਪੰਜਾਬ ਮੇਲ
Chief Editor: **Gurjatinder Singh Randhawa**
Punjab Mail USA

FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।

RE/MAX
Gurjatinder S. Randhawa
REALTOR CA DRE licence # 01490567
916-320-9444

Vol. 18, Issue- 831, 05 to 11 Dec., 2024, Ph: 916-320-9444, E-mail: punjabmailusa@yahoo.com, Web: punjabmailusa.com

# ਸ੍ਰੀ ਦਰਬਾਰ ਸਾਹਿਬ ਦੇ ਬਾਹਰ ਸੁਖਬੀਰ ਬਾਦਲ ਨੂੰ ਗੋਲੀ ਮਾਰਨ ਦੀ ਕੋਸ਼ਿਸ਼

- ਸੁਰੱਖਿਆ ਕਰਮਚਾਰੀ ਦੀ ਮੁਸ਼ਤੈਦੀ ਨਾਲ ਹਮਲਾਵਰ ਕਾਬੂ
- ਲਗਾਤਾਰ ਦੂਜੇ ਦਿਨ ਸ੍ਰੀ ਦਰਬਾਰ ਸਾਹਿਬ ਵਿਖੇ ਮੱਥਾ ਟੇਕਣ ਆਇਆ ਸੀ ਹਮਲਾਵਰ
- ਸੁਖਬੀਰ ਬਾਦਲ ਧਾਰਮਿਕ ਸਜ਼ਾ ਤਹਿਤ ਸੇਵਾਦਾਰ ਵਜੋਂ ਸ੍ਰੀ ਦਰਬਾਰ ਸਾਹਿਬ ਦੇ ਬਾਹਰ ਸੀ ਤਾਇਨਾਤ

**ਚੰਡੀਗੜ੍ਹ, (ਪੰਜਾਬ ਮੇਲ)-** ਸ੍ਰੀ ਦਰਬਾਰ ਸਾਹਿਬ ਵਿਖੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ 'ਤੇ ਉਸ ਵਕਤ ਫਾਈਰਿੰਗ ਹੋ ਗਈ, ਜਦੋਂ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਲਗਾਈ ਗਈ ਧਾਰਮਿਕ ਸਜ਼ਾ ਤਹਿਤ ਦੂਜੇ ਦਿਨ ਬੁੱਧਵਾਰ ਸਵੇਰੇ ਦੀ ਸੇਵਾ ਕਰਦਿਆਂ ਸ੍ਰੀ ਦਰਬਾਰ ਸਾਹਿਬ ਦੇ ਬਾਹਰ ਸੇਵਾਦਾਰ ਵਜੋਂ ਵ੍ਹੀਲਚੇਅਰ 'ਤੇ ਬੈਠੇ ਹੋਏ ਸਨ। ਕਥਿਤ ਤੌਰ 'ਤੇ ਹਮਲਾ ਕਰਨ ਵਾਲਾ ਵਿਅਕਤੀ ਅਚਾਨਕ ਸੁਖਬੀਰ ਸਿੰਘ ਬਾਦਲ ਦੇ ਸਾਹਮਣੇ ਆਇਆ ਅਤੇ ਉਸ ਨੇ ਆਪਣੇ ਡੱਬ ਵਿਚੋਂ ਪਿਸਤੌਲ ਕੱਢ ਕੇ ਗੋਲੀ ਚਲਾ ਦਿੱਤੀ। ਪਰ ਕੋਲ ਖੜ੍ਹੇ ਸੁਰੱਖਿਆ ਕਰਮਚਾਰੀ ਨੇ ਫੁਰਤੀ ਵਰਤਦੇ ਹੋਏ ਗੋਲੀ ਚਲਦਿਆਂ ਹੀ ਹਮਲਾਵਰ ਦੀ ਬਾਂਹ ਉਪਰ ਨੂੰ ਕਰ ਦਿੱਤੀ, ਜਿਸ ਤੋਂ ਹਮਲਾਵਰ ਆਪਣੇ ਨਿਸ਼ਾਨੇ ਤੋਂ ਖੁੰਝ ਗਿਆ। ਉਸ ਤੋਂ ਬਾਅਦ ਬਾਕੀ ਸੁਰੱਖਿਆ ਦਸਤਿਆਂ ਨੇ ਉਸ ਨੂੰ ਕਾਬੂ ਕਰ ਲਿਆ। ਹਮਲਾ ਕਰਨ ਵਾਲੇ ਦੀ ਪਛਾਣ ਦਲ ਖਾਲਸਾ ਨਾਲ ਸੰਬੰਧਤ ਨਰਾਇਣ ਸਿੰਘ ਚੌੜਾ ਵਜੋਂ ਹੋਈ ਹੈ। ਏ.ਡੀ.ਸੀ.ਪੀ. ਹਰਪਾਲ ਸਿੰਘ ਨੇ ਦੱਸਿਆ ਕਿ ਹਮਲਾ ਕਰਨ ਵਾਲਾ ਵਿਅਕਤੀ ਨਰਾਇਣ ਸਿੰਘ ਲਗਾਤਾਰ ਦੂਜੇ ਦਿਨ ਸ੍ਰੀ ਦਰਬਾਰ ਸਾਹਿਬ ਵਿਖੇ ਮੱਥਾ ਟੇਕਣ ਆਇਆ ਸੀ।

ਜ਼ਿਕਰਯੋਗ ਹੈ ਕਿ ਸੁਖਬੀਰ ਸਿੰਘ ਬਾਦਲ ਨੂੰ ਮੰਗਲਵਾਰ ਨੂੰ ਉਨ੍ਹਾਂ ਦੇ ਰਾਜ ਦੌਰਾਨ ਪੰਜਾਬ ਵਿਚ ਹੋਈਆਂ ਘਟਨਾਵਾਂ ਲਈ ਜ਼ਿੰਮੇਵਾਰ ਠਹਿਰਾਉਂਦੇ ਹੋਏ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਤਨਖਾਹ ਲਾਈ ਗਈ ਸੀ। ਉਨ੍ਹਾਂ ਦੇ ਨਾਲ ਸੁਖਦੇਵ ਸਿੰਘ ਢੀਂਡਸਾ ਅਤੇ ਉਸ ਵਕਤ ਮੰਤਰੀ ਮੰਡਲ ਵਿਚ ਰਹਿ ਚੁੱਕੇ ਮੈਂਬਰਾਂ ਨੂੰ ਵੀ ਤਨਖਾਹ ਲਾਈ ਗਈ ਸੀ। ਬਾਕੀ ਮੈਂਬਰ ਤਾਂ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਪਖਾਨਿਆਂ ਦੀ ਸਫਾਈ ਅਤੇ ਉਪਰੰਤ ਇਸ਼ਨਾਨ ਕਰਕੇ ਲੰਗਰ ਘਰ 'ਚ ਜੂਠੇ ਬਰਤਨ ਸਾਫ ਕਰਨ ਦੀ ਸੇਵਾ, ਗੁਰਬਾਣੀ ਕੀਰਤਨ ਸਰਵਣ ਕਰਨ ਦੀ ਸੇਵਾ ਅਤੇ ਨਿਤਨੇਮ ਤੋਂ ਇਲਾਵਾ ਸੁਖਮਨੀ ਸਾਹਿਬ ਦਾ ਪਾਠ ਕਰਨ ਦੀ ਸੇਵਾ ਲਗਾਈ ਗਈ ਸੀ। ਇਸ ਤੋਂ ਇਲਾਵਾ ਇਨ੍ਹਾਂ ਸਭਨਾਂ ਨੇ ਤਖਤ ਸ੍ਰੀ ਕੇਸਗੜ੍ਹ ਸਾਹਿਬ, ਤਖਤ ਸ੍ਰੀ ਦਮਦਮਾ ਸਾਹਿਬ, ਗੁਰਦੁਆਰਾ ਸ੍ਰੀ ਮੁਕਤਸਰ ਸਾਹਿਬ ਅਤੇ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਵੀ ਇਨ੍ਹਾਂ ਨੂੰ 2-2 ਦਿਨ ਦੀ ਸੇਵਾ ਪੂਰੀਆਂ ਕਰਨ ਦੀ ਤਨਖਾਹ ਲਾਈ ਗਈ ਹੈ।

ਸੁਖਬੀਰ ਸਿੰਘ ਬਾਦਲ ਦੇ ਪੈਰ 'ਤੇ ਪਲਸਤਰ ਲੱਗੇ ਹੋਣੇ ਕਾਰਨ ਉਹ ਵ੍ਹੀਲਚੇਅਰ 'ਤੇ ਸੀ। ਇਸੇ ਤਰ੍ਹਾਂ ਸੁਖਦੇਵ ਸਿੰਘ ਢੀਂਡਸਾ ਵੀ ਵ੍ਹੀਲਚੇਅਰ 'ਤੇ ਹੋਣ ਕਾਰਨ ਇਸ ਤਨਖਾਹ ਤਹਿਤ ਸ੍ਰੀ ਹਰਿਮੰਦਰ ਸਾਹਿਬ ਦੇ ਘੰਟਾ ਘਰ ਵਾਲੇ ਪਾਸੇ ਦਰਸ਼ਨੀ ਡਿਓੜੀ 'ਤੇ ਸੇਵਾਦਾਰ ਦੀ ਡਿਊਟੀ ਨਿਭਾਈ ਜਾ ਰਹੀ ਸੀ। ਇਥੇ ਦੋਵਾਂ ਨੇ ਇਕ ਘੰਟਾ ਡਿਊਟੀ ਦੇਣੀ ਸੀ। ਇਸ ਮੌਕੇ ਉਨ੍ਹਾਂ ਦੇ ਹੱਥਾਂ ਵਿਚ ਬਰਛੇ ਫੜੇ ਹੋਏ ਸਨ ਅਤੇ ਦੋਵਾਂ ਦੇ ਗਲ਼ਾਂ ਵਿਚ ਤਖਤੀਆਂ ਸਨ।

■ **ਬਾਕੀ ਖਬਰ ਸਫਾ 17 'ਤੇ**



ਨਰਾਇਣ ਸਿੰਘ ਚੌੜਾ ਨੂੰ ਸੁਖਬੀਰ ਬਾਦਲ 'ਤੇ ਗੋਲੀ ਚਲਾਉਣ ਸਮੇਂ ਫੜਦੇ ਹੋਏ ਸੁਰੱਖਿਆ ਕਰਮੀ।



ਤਨਖਾਹੀਆ ਕਰਾਰ ਦਿੱਤੇ ਸੁਖਬੀਰ ਸਿੰਘ ਬਾਦਲ ਵ੍ਹੀਲਚੇਅਰ 'ਤੇ ਬੈਠ ਕੇ ਸੇਵਾਦਾਰ ਵਜੋਂ ਡਿਊਟੀ ਨਿਭਾਉਂਦੇ ਹੋਏ।

## ਸੁਖਬੀਰ ਬਾਦਲ 'ਤੇ ਗੋਲੀ ਚੱਲਣ ਮਗਰੋਂ ਸ੍ਰੀ ਦਰਬਾਰ ਸਾਹਿਬ ਪਹੁੰਚੇ ਬੀਬੀ ਬਾਦਲ

**ਅੰਮ੍ਰਿਤਸਰ, (ਪੰਜਾਬ ਮੇਲ)-** ਧਾਰਮਿਕ ਸਜ਼ਾ ਨਿਭਾਉਣ ਦੇ ਦੂਜੇ ਦਿਨ ਜਦੋਂ ਸੁਖਬੀਰ ਸਿੰਘ ਬਾਦਲ ਦਰਬਾਰ ਸਾਹਿਬ ਦੀ ਡਿਓੜੀ ਵਿਖੇ ਸੇਵਾਦਾਰ ਦੀ ਡਿਊਟੀ ਨਿਭਾ ਰਹੇ ਸਨ, ਤਾਂ ਉਨ੍ਹਾਂ ਨੂੰ ਨਾਰਾਇਣ ਸਿੰਘ ਚੌੜਾ ਨੇ ਗੋਲੀ ਮਾਰਨ ਦੀ ਕੋਸ਼ਿਸ਼ ਕੀਤੀ। ਜਿਸ ਤੋਂ ਤੁਰੰਤ ਬਾਅਦ ਉਸ ਨੂੰ ਸੇਵਾਦਾਰਾਂ ਨੇ ਮੌਕੇ ਉੱਤੇ ਕਾਬੂ ਕਰਕੇ ਪੁਲਿਸ ਦੇ ਹਵਾਲੇ ਕਰ ਦਿੱਤਾ। ਸੁਖਬੀਰ ਸਿੰਘ ਬਾਦਲ 'ਤੇ ਗੋਲੀ ਚੱਲਣ ਦੀ ਖ਼ਬਰ ਨੂੰ ਸੁਣ ਤੁਰੰਤ ਹਰਸਿਮਰਤ ਕੌਰ ਬਾਦਲ ਸ੍ਰੀ ਦਰਬਾਰ ਸਾਹਿਬ ਪਹੁੰਚੇ, ਜਿੱਥੇ ਉਨ੍ਹਾਂ ਨਤਮਸਤਕ ਹੋਣ ਉਪਰੰਤ ਸੁਖਬੀਰ ਸਿੰਘ ਬਾਦਲ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਬੀਬੀ ਬਾਦਲ ਬੇਹੱਦ ਭਾਵੁਕ ਨਜ਼ਰ ਆਏ।

ਜ਼ਿਕਰਯੋਗ ਹੈ ਕਿ ਸ੍ਰੀ ਦਰਬਾਰ ਸਾਹਿਬ ਦੇ ਬਾਹਰ ਧਾਰਮਿਕ ਸਜ਼ਾ ਭੁਗਤ ਰਹੇ ਸੁਖਬੀਰ ਸਿੰਘ ਬਾਦਲ 'ਤੇ ਜਾਨਲੇਵਾ ਹਮਲਾ ਹੋ ਗਿਆ। ਇਸ ਹਮਲੇ ਵਿਚ ਭਾਵੇਂ ਗੋਲੀ ਚੱਲੀ ਹੈ ਪਰ ਸੁਖਬੀਰ ਸਿੰਘ ਬਾਦਲ



ਵਾਲ-ਵਾਲ ਬਚ ਗਏ। ਗੋਲੀ ਚਲਾਉਣ ਵਾਲੇ ਨਰਾਇਣ ਚੌੜਾ ਨੂੰ ਲੈ ਕੇ ਪੁਲਿਸ ਨੇ ਸਨਸਨੀਖੇਜ਼ ਖੁਲਾਸਾ ਕੀਤਾ ਹੈ। ਉਹ ਪਹਿਲਾਂ ਵੀ ਗਰਮ ਖਿਆਲੀਆਂ ਨਾਲ ਜੁੜਿਆ ਹੋਇਆ ਦੱਸਿਆ ਜਾ ਰਿਹਾ ਹੈ। ਪੁਲਿਸ ਮੁਤਾਬਕ ਨਰਾਇਣ ਸਿੰਘ ਪਹਿਲੇ ਦਿਨ ਵੀ ਸ੍ਰੀ ਦਰਬਾਰ ਸਾਹਿਬ ਆਇਆ ਸੀ ਅਤੇ ਪੁਲਿਸ ਵਲੋਂ ਪਹਿਲਾਂ ਤੋਂ ਹੀ ਉਸ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖੀ ਜਾ ਰਹੀ ਸੀ।

## ਸੁਖਬੀਰ ਬਾਦਲ 'ਤੇ ਹੋਏ ਜਾਨਲੇਵਾ ਹਮਲੇ ਦੀ ਵੱਖ-ਵੱਖ ਆਗੂਆਂ ਵੱਲੋਂ ਨਿਖੇਧੀ

**ਅੰਮ੍ਰਿਤਸਰ/ਹੁਸ਼ਿਆਰਪੁਰ, (ਪੰਜਾਬ ਮੇਲ)-** ਰੂਹਾਨੀਅਤ ਦੇ ਕੇਂਦਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਵਿਖੇ ਸਿੱਖਾਂ ਦੀ ਸਰਬ ਉੱਚ ਅਦਾਲਤ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਲਗਾਈ ਗਈ ਸੇਵਾ ਨਿਭਾਉਂਦੇ ਸਮੇਂ ਸੁਖਬੀਰ ਸਿੰਘ ਬਾਦਲ 'ਤੇ ਗੋਲੀ ਚਲਾ ਕੇ ਜਾਨਲੇਵਾ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਗਈ। ਇਸ ਜਾਨਲੇਵਾ ਹਮਲੇ ਦੀ ਮੰਦਭਾਗੀ ਘਟਨਾ 'ਤੇ ਜ਼ਿਲ੍ਹਾ ਹੁਸ਼ਿਆਰਪੁਰ ਨਾਲ ਸੰਬੰਧਤ ਵੱਖ-ਵੱਖ ਆਗੂਆਂ ਨੇ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਦਿਹਾਤੀ ਲਖਵਿੰਦਰ ਸਿੰਘ ਲੱਖੀ, ਸਾਬਕਾ ਜ਼ਿਲ੍ਹਾ ਪ੍ਰਧਾਨ ਸ਼ਹਿਰੀ ਜਤਿੰਦਰ ਸਿੰਘ ਲਾਲੀ ਬਾਜਵਾ, ਸਾਬਕਾ ਸੰਸਦ ਮੈਂਬਰ ਵਰਿੰਦਰ ਸਿੰਘ ਬਾਜਵਾ, ਸਾਬਕਾ ਮੰਤਰੀ ਚੌਧਰੀ ਬਲਵੀਰ ਸਿੰਘ ਮਿਆਣੀ, ਵਰਿੰਦਰ ਸਿੰਘ ਜੀਆ ਨੱਥਾ ਨੇ ਸਖ਼ਤ ਸ਼ਬਦਾਂ ਵਿਚ ਨਿੰਦਿਆ ਕੀਤੀ। ਇਸ ਮੌਕੇ ਜਿਲਾ ਪ੍ਰਧਾਨ ਲਖਵਿੰਦਰ ਸਿੰਘ ਲੱਖੀ ਨੇ ਕਿਹਾ ਕਿ ਇਸ ਜਾਨਲੇਵਾ ਹਮਲੇ ਨਾਲ ਇਹ ਸਾਬਤ ਹੋ ਜਾਂਦਾ ਹੈ, ਸਿੱਖ ਵਿਰੋਧੀ ਜਮਾਤਾਂ ਸਿੱਖ ਆਗੂਆਂ ਨੂੰ ਖ਼ਤਮ ਕਰਨਾ ਚਾਹੁੰਦੀਆਂ ਹਨ, ਜੋਕਿ ਬਹੁਤ ਹੀ ਮੰਦਭਾਗਾ ਹੈ।

## ਪਾਕਿਸਤਾਨ ਤੋਂ ਅਸਲਾ ਭਾਰਤ ਲਿਆਉਂਦਾ ਰਿਹਾ ਹੈ ਨਰਾਇਣ ਸਿੰਘ ਚੌੜਾ

**ਅੰਮ੍ਰਿਤਸਰ, (ਪੰਜਾਬ ਮੇਲ)-** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਹਰਿਮੰਦਰ ਸਾਹਿਬ ਕੰਪਲੈਕਸ 'ਚ ਹੱਤਿਆ ਕਰਨ ਦੀ ਕੋਸ਼ਿਸ਼ ਸਾਬਕਾ ਅੱਤਵਾਦੀ ਨਰਾਇਣ ਸਿੰਘ ਚੌੜਾ ਵੱਲੋਂ ਕੀਤੀ ਗਈ ਸੀ। ਨਰਾਇਣ ਸਿੰਘ ਚੌੜਾ ਬੱਬਰ ਖਾਲਸਾ ਸੰਗਠਨ ਨਾਲ ਜੁੜਿਆ ਰਿਹਾ ਹੈ ਤੇ ਚੰਡੀਗੜ੍ਹ ਦੀ ਬੁੜੈਲ ਜੇਲ੍ਹ ਬ੍ਰੇਕ ਕਾਂਡ ਦਾ ਵੀ ਮੁਲਜ਼ਮ ਹੈ। ਇਸ ਤੋਂ ਇਲਾਵਾ ਉਸ 'ਤੇ ਪਾਕਿਸਤਾਨ ਤੋਂ ਵੱਡੀ ਮਾਤਰਾ 'ਚ ਹਥਿਆਰ ਲਿਆਉਣ ਦਾ ਦੋਸ਼ ਹੈ। ਨਰਾਇਣ ਸਿੰਘ 'ਤੇ ਦਰਜਨ ਦੇ ਕਰੀਬ ਕੇਸ ਦਰਜ ਹਨ। ਪਾਕਿਸਤਾਨ 'ਚ



ਰਹਿੰਦਿਆਂ ਉਸ ਨੇ ਗੁਰਿੱਲਾ ਯੁੱਧ ਤੇ ਦੇਸ਼ ਧ੍ਰੋਹੀ ਸਾਹਿਤ 'ਤੇ ਇੱਕ ਕਿਤਾਬ ਵੀ ਲਿਖੀ ਸੀ। ਨਰਾਇਣ ਸਿੰਘ 'ਤੇ ਦੋਸ਼ ਇਹ ਹੈ ਕਿ ਸਾਲ 2004 'ਚ ਬੁੜੈਲ ਜੇਲ੍ਹ ਤੋੜ ਕੇ ਚਾਰ ਖ਼ਾਲਿਸਤਾਨੀ ਫਰਾਰ ਹੋ ਗਏ ਸਨ। ਚੌੜਾ ਨੇ ਉਸ ਵਿਚ ਉਨ੍ਹਾਂ ਦੀ ਮਦਦ ਕੀਤੀ ਸੀ।

■ **ਬਾਕੀ ਖਬਰ ਸਫਾ 17 'ਤੇ**

# ਅਮਰੀਕਾ 'ਚ ਬਜ਼ੁਰਗ ਸੀਨੀਅਰ ਸਿਟੀਜ਼ਨਾਂ ਤੋਂ 3.5 ਮਿਲੀਅਨ ਡਾਲਰ ਦੀ ਠੱਗੀ ਮਾਰਨ ਵਾਲੇ ਭਾਰਤੀ ਨੂੰ 16 ਸਾਲ ਦੀ ਕੈਦ

**■ ਸਜ਼ਾ ਪੂਰੀ ਹੋਣ 'ਤੇ ਕੀਤਾ ਜਾਵੇਗਾ ਡਿਪੋਰਟ**

**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)**- ਅਮਰੀਕਾ 'ਚ ਸ਼ਹਿਰ ਦੇ ਨਾਗਰਿਕਾਂ ਨਾਲ ਧੋਖਾਧੜੀ ਕਰਨ ਦੇ ਵੱਡੇ ਘਪਲੇ 'ਚ ਇਕ ਗੁਜਰਾਤੀ ਵਿਅਕਤੀ ਨੂੰ ਪੀੜਤਾਂ ਦੇ ਘਰਾਂ 'ਚ ਭੇਜ ਕੇ ਨਕਦੀ ਇਕੱਠੀ ਕਰਨ ਦੇ ਦੋਸ਼ 'ਚ ਅਦਾਲਤ ਨੇ 16 ਸਾਲ ਦੀ ਸਜ਼ਾ ਸੁਣਾਈ ਹੈ। ਟੈਕਸਾਸ ਦੇ ਦੱਖਣੀ ਜ਼ਿਲ੍ਹੇ ਦੇ ਅਟਾਰਨੀ ਦਫਤਰ ਦੇ ਅਨੁਸਾਰ, 39 ਸਾਲਾ ਸੋਹਿਲ ਵੋਹਰਾ 'ਤੇ ਮੇਲ ਫਰਾਡ ਅਤੇ ਵਾਇਰ ਫਰਾਡ ਦਾ ਦੋਸ਼ ਲਗਾਇਆ ਗਿਆ ਸੀ। ਸੋਹਿਲ ਵੋਹਰਾ ਜੋ ਗ੍ਰੇਟਰ ਸ਼ਿਕਾਗੋ ਵਿਚ ਰਹਿੰਦਾ ਹੈ ਅਤੇ ਉਸ ਕੋਲ ਅਮਰੀਕਾ ਦੀ ਸਥਾਈ ਰਿਹਾਇਸ਼ ਭਾਵ ਗ੍ਰੀਨ ਕਾਰਡ ਹੈ, ਨੂੰ 188 ਮਹੀਨੇ ਜੇਲ੍ਹ ਕੱਟਣੀ ਪਵੇਗੀ ਅਤੇ ਪੀੜਤਾਂ ਤੋਂ ਵਸੂਲੇ ਗਏ 3.5 ਮਿਲੀਅਨ ਡਾਲਰ ਵੀ ਵਾਪਸ ਕਰਨੇ ਪੈਣਗੇ। ਅਦਾਲਤੀ ਸੁਣਵਾਈ ਦੌਰਾਨ ਇਹ ਗੱਲ ਵੀ ਸਾਹਮਣੇ ਆਈ ਕਿ ਸੋਹਿਲ ਵੋਹਰਾ ਦੀ ਧੋਖਾਧੜੀ ਦਾ ਸ਼ਿਕਾਰ ਹੋਏ 80 ਫੀਸਦੀ ਸੀਨੀਅਰ ਸਿਟੀਜ਼ਨ ਸਨ, ਜਿਨ੍ਹਾਂ ਵਿਚੋਂ 33 ਜਾਂ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੇ ਅਦਾਲਤ ਵਿਚ ਗਵਾਹੀ ਦਿੱਤੀ ਸੀ। ਜਿਸ ਰੈਕੇਟ ਵਿਚ ਸੋਹਿਲ ਵੋਹਰਾ ਸ਼ਾਮਲ ਸੀ, ਉਹ ਭਾਰਤ ਵਿਚ ਚੱਲ ਰਹੇ ਕਾਲ ਸੈਂਟਰਾਂ ਰਾਹੀਂ ਅਮਰੀਕਾ ਦੇ ਸੀਨੀਅਰ ਨਾਗਰਿਕਾਂ ਨੂੰ ਨਿਸ਼ਾਨਾ ਬਣਾ ਕੇ ਉਨ੍ਹਾਂ ਤੋਂ ਪੈਸੇ ਇਕੱਠੇ ਕਰਦਾ ਸੀ। ਆਖ਼ਰਕਾਰ ਇਹ ਘੁਟਾਲਾ ਸੋਹਿਲ ਵੋਹਰਾ ਤੱਕ ਪਹੁੰਚ ਗਿਆ, ਜਦੋਂ ਸੋਹਿਲ ਵੋਹਰਾ ਜਿਨ੍ਹਾਂ ਲੋਕਾਂ ਨੂੰ ਪੈਸੇ ਇਕੱਠੇ ਕਰਨ ਲਈ ਭੇਜ ਰਿਹਾ ਸੀ, ਉਨ੍ਹਾਂ ਵਿਚੋਂ ਕੁਝ ਫੜੇ ਗਏ ਅਤੇ ਉਸ ਨੂੰ ਵੀ 2023 ਵਿਚ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਅਦਾਲਤ ਵਿਚ ਪੇਸ਼ ਕੀਤੇ ਗਏ ਦਸਤਾਵੇਜ਼ਾਂ ਅਨੁਸਾਰ 2017 ਤੋਂ 2022 ਦਰਮਿਆਨ ਸੋਹਿਲ ਵੋਹਰਾ ਨੇ ਅਮਰੀਕਾ ਵਿਚ ਆਪਣੇ ਬੰਦਿਆਂ ਰਾਹੀਂ ਲੱਖਾਂ ਡਾਲਰ ਇਕੱਠੇ ਕੀਤੇ। ਆਪਣੀ ਗ੍ਰਿਫਤਾਰੀ ਤੋਂ ਬਾਅਦ, ਸੋਹਿਲ ਵੋਹਰਾ ਨੇ 23 ਅਕਤੂਬਰ 2023 ਨੂੰ ਅਦਾਲਤ 'ਚ ਆਪਣਾ ਜੁਰਮ ਕਬੂਲ ਕਰ ਲਿਆ ਸੀ ਅਤੇ ਹਾਲ ਹੀ ਵਿਚ ਉਸ ਨੂੰ ਸਜ਼ਾ ਸੁਣਾਈ ਗਈ।

# ਅਮਰੀਕੀ ਅਦਾਲਤ ਦਾ ਅਹਿਮ ਫੈਸਲਾ: ਟੈਕਸਾਸ 'ਚ ਮੈਕਸੀਕੋ ਬਾਰਡਰ 'ਤੇ ਲੱਗੀ ਵਾੜ ਨਹੀਂ ਹਟਾਈ ਜਾਵੇਗੀ

**■ ਕਿਹਾ: ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਅਮਰੀਕਾ ਆਉਣ ਤੋਂ ਰੋਕਣ ਲਈ ਲਗਾਈ ਗਈ ਹੈ ਵਾੜ**

**ਵਾਸ਼ਿੰਗਟਨ, (ਪੰਜਾਬ ਮੇਲ)**- ਟੈਕਸਾਸ ਵਿਚ ਮੈਕਸੀਕੋ ਦੀ ਸਰਹੱਦ ਦੇ ਨਾਲ ਤਾਰ ਦੀ ਵਾੜ ਨੂੰ ਹਟਾਉਣ ਦੀ ਜੋਅ ਬਾਇਡਨ ਪ੍ਰਸ਼ਾਸਨ ਦੀ ਯੋਜਨਾ ਨੂੰ ਇੱਕ ਅਮਰੀਕੀ ਅਦਾਲਤ ਨੇ ਨਾਕਾਮ ਕਰ ਦਿੱਤਾ ਹੈ। ਇਹ ਵਾੜ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਅਮਰੀਕਾ ਆਉਣ ਤੋਂ ਰੋਕਣ ਲਈ ਲਗਾਈ ਗਈ ਸੀ।

ਅਮਰੀਕਾ ਦੀ 5ਵੀਂ ਸਰਕਟ ਕੋਰਟ ਆਫ ਅਪੀਲਸ ਨੇ ਇਹ ਫੈਸਲਾ 2-1 ਦੇ ਬਹੁਮਤ ਨਾਲ ਦਿੱਤਾ ਹੈ। ਇੰਨਾ ਹੀ ਨਹੀਂ, ਇਸ ਨੇ ਰਿਪਬਲਿਕਨ ਦੀ ਅਗਵਾਈ ਵਾਲੇ ਟੈਕਸਾਸ ਲਈ ਵਾੜ ਨੂੰ ਹਟਾਏ ਬਿਨਾਂ ਫੈਡਰਲ ਸਰਕਾਰ 'ਤੇ ਕਬਜ਼ਾ ਕਰਨ ਲਈ ਮੁਕੱਦਮਾ ਚਲਾਉਣ ਦਾ ਰਸਤਾ ਵੀ ਸਾਫ਼ ਕਰ ਦਿੱਤਾ ਹੈ। ਅਦਾਲਤ ਨੇ ਇੱਕ ਸੰਘੀ ਜੱਜ ਦੇ ਨਵੰਬਰ 2023 ਦੇ ਆਦੇਸ਼ ਨੂੰ ਵੀ ਉਲਟਾ ਦਿੱਤਾ, ਜਿਸ ਵਿਚ ਟੈਕਸਾਸ ਨੂੰ ਇੱਕ ਮੁੱਢਲੇ ਹੁਕਮ ਤੋਂ ਇਨਕਾਰ ਕੀਤਾ ਗਿਆ ਸੀ। ਰਾਸ਼ਟਰਪਤੀ-ਚੁਣੇ ਹੋਏ ਡੋਨਾਲਡ ਟਰੰਪ ਦੁਆਰਾ ਨਿਯੁਕਤ ਕੀਤੇ ਗਏ ਸਰਕਟ ਜੱਜ ਕਾਇਲ ਡੰਕਨ ਨੇ ਬਹੁਮਤ ਦੇ ਫੈਸਲੇ ਵਿਚ ਲਿਖਿਆ ਕਿ ਟੈਕਸਾਸ ਸਿਰਫ ਆਪਣੀ ਜਾਇਦਾਦ ਦੀ ਰੱਖਿਆ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ ਅਤੇ ਯੂ.ਐੱਸ. ਬਾਰਡਰ ਪੈਟਰੋਲ ਨੂੰ ਨਿਯਮਤ ਕਰਨ ਦਾ ਕੋਈ ਇਰਾਦਾ ਨਹੀਂ ਸੀ।

ਡੰਕਨ ਨੇ ਕਿਹਾ ਕਿ ਉਸਨੇ ਫੈਡਰਲ ਸਰਕਾਰ ਦੀਆਂ ਚਿੰਤਾਵਾਂ ਨੂੰ ਰੱਦ ਕਰ ਦਿੱਤਾ ਹੈ ਕਿ ਟੈਕਸਾਸ ਦੇ ਹੱਕ ਵਿਚ ਫੈਸਲਾ ਇਮੀਗ੍ਰੇਸ਼ਨ ਕਾਨੂੰਨ ਲਾਗੂ ਕਰਨ ਵਿਚ ਰੁਕਾਵਟ ਪੈਦਾ ਕਰੇਗਾ ਅਤੇ ਮੈਕਸੀਕੋ ਨਾਲ ਸਰਕਾਰ ਦੇ ਸਬੰਧਾਂ ਨੂੰ ਕਮਜ਼ੋਰ ਕਰੇਗਾ। ਜੱਜ ਨੇ ਕਿਹਾ ਕਿ ਸਰਕਾਰੀ ਦਖਲਅੰਦਾਜ਼ੀ ਅਤੇ ਨਿਯੰਤਰਣ ਤੋਂ ਜਾਇਦਾਦ ਦੇ ਅਧਿਕਾਰਾਂ ਦੀ ਰੱਖਿਆ ਕਰਨਾ ਅਤੇ ਇਹ ਯਕੀਨੀ ਬਣਾਉਣ ਲਈ ਕਿ ਕੇਂਦਰ ਦੇ ਇਮੀਗ੍ਰੇਸ਼ਨ ਕਾਨੂੰਨ ਲਾਗੂ ਕਰਨ ਵਾਲੇ ਨਿਯਮ ਜਾਇਦਾਦ ਮਾਲਕਾਂ ਦੇ ਅਧਿਕਾਰਾਂ 'ਤੇ ਬੇਲੋੜੀ ਦਖਲਅੰਦਾਜ਼ੀ ਨਾ ਕਰਨ, ਇਹ ਸਭ ਦੇ ਹਿੱਤ ਵਿਚ ਹੈ। ਟੈਕਸਾਸ ਰਿਪਬਲਿਕਨ ਅਟਾਰਨੀ ਜਨਰਲ ਕੇਨ ਪੈਕਸਟਨ ਨੇ ਇਸ ਨੂੰ ਸੂਬੇ ਦੀ ਵੱਡੀ ਜਿੱਤ ਦੱਸਿਆ ਹੈ। ਜਸਟਿਸ ਡੰਕਨ ਦੀ ਰਾਏ ਨੂੰ ਸਰਕਟ ਜੱਜ ਡੌਨ ਵਿਲੇਟ ਨੇ ਵੀ ਸਮਰਥਨ ਦਿੱਤਾ। ਉਨ੍ਹਾਂ ਦੀ ਨਿਯੁਕਤੀ ਵੀ ਟਰੰਪ ਨੇ ਕੀਤੀ ਸੀ। ਹਾਲਾਂਕਿ, ਬਾਇਡਨ ਦੁਆਰਾ ਨਿਯੁਕਤ ਜੱਜ ਇਰਮਾ ਕੈਰੀਲੋ ਰਮੀਰੇਜ਼ ਇਨ੍ਹਾਂ ਦੋਵਾਂ ਜੱਜਾਂ ਦੇ ਵਿਚਾਰਾਂ ਨਾਲ ਅਸਹਿਮਤ ਸਨ।

# ਸ਼ਿਕਾਗੋ 'ਚ ਗੈਸ ਸਟੇਸ਼ਨ 'ਤੇ ਕੰਮ ਕਰਦੇ ਭਾਰਤੀ ਵਿਦਿਆਰਥੀ ਦੀ ਗੋਲੀ ਮਾਰ ਕੇ ਹੱਤਿਆ



**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)**- ਅਮਰੀਕਾ ਦੇ ਸ਼ਿਕਾਗੋ ਦੇ ਇਕ ਪੈਟਰੋਲ ਪੰਪ 'ਤੇ ਭਾਰਤੀ ਲੜਕੇ ਦੀ ਗੋਲੀ ਮਾਰ ਕੇ ਹੱਤਿਆ ਕਰ ਦੇਣ ਦੇ ਬਾਰੇ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ। ਜਾਣਕਾਰੀ ਅਨੁਸਾਰ ਮ੍ਰਿਤਕ ਸ਼ਿਕਾਗੋ ਵਿਚ ਆਪਣੀ ਪੜ੍ਹਾਈ ਦਾ ਖ਼ਰਚਾ ਚਲਾਉਣ ਲਈ ਕੰਮ ਕਰ ਰਹੇ ਇਸ ਭਾਰਤੀ ਵਿਦਿਆਰਥੀ ਦੀ ਦੋ ਅਣਪਛਾਤੇ ਵਿਅਕਤੀਆਂ ਨੇ ਗੈਸ ਸਟੇਸ਼ਨ 'ਤੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਮ੍ਰਿਤਕ ਦੀ ਪਛਾਣ ਤੇਜਾ ਨੁਕਾਰਪੂ (22) ਦੇ ਨਾਂ ਨਾਲ ਹੋਈ। ਇਹ ਭਾਰਤੀ ਵਿਦਿਆਰਥੀ ਭਾਰਤ ਦੇ ਤੇਲੰਗਾਨਾ ਰਾਜ ਦਾ ਰਹਿਣ ਵਾਲਾ ਸੀ ਅਤੇ ਇੱਥੇ ਮਾਸਟਰ ਆਫ਼ ਬਿਜ਼ਨਸ ਐਡਮਿਨਿਸਟ੍ਰੇਸ਼ਨ ਦਾ ਕੋਰਸ ਕਰ ਰਿਹਾ ਸੀ। ਦੂਜੇ ਪਾਸੇ ਉਹ ਗੈਸ ਸਟੇਸ਼ਨ 'ਤੇ ਪਾਰਟ ਟਾਈਮ ਕੰਮ ਕਰਕੇ ਵੀ ਆਪਣਾ ਰੋਜ਼ਾਨਾ ਦਾ ਖਰਚਾ ਚਲਾ ਰਿਹਾ ਸੀ। ਇਸ ਦੌਰਾਨ ਭਾਰਤੀ ਦੂਤਘਰ ਵੀ ਇਸ ਘਟਨਾ ਤੋਂ ਬਾਅਦ ਉਸ ਦੇ ਪਰਿਵਾਰ ਨਾਲ ਲਗਾਤਾਰ ਸੰਪਰਕ ਵਿਚ ਹੈ। ਇਸ ਭਾਰਤੀ ਨੌਜਵਾਨ ਦੀ ਗੋਲੀ ਮਾਰ ਕੇ ਹੱਤਿਆ ਕਰ ਦੇਣ ਦੇ ਬਾਰੇ ਭਾਰਤੀ ਦੂਤਾਵਾਸ ਅਤੇ ਭਾਰਤ ਦੇ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਭਾਰਤੀ ਵਿਦਿਆਰਥੀ ਦੀ ਹੱਤਿਆ ਦੀ ਖਬਰ 'ਤੇ ਪ੍ਰਤੀਕਿਰਿਆ ਦਿੱਤੀ ਹੈ। ਮ੍ਰਿਤਕ ਤਿੰਨ ਮਹੀਨੇ ਪਹਿਲਾਂ ਹੀ ਅਮਰੀਕਾ ਗਿਆ ਸੀ। ਰਿਪੋਰਟਾਂ ਮੁਤਾਬਕ ਸਾਈ ਤੇਜਾ ਨੁਕਾਰਪੂ ਮੂਲ ਰੂਪ ਵਿਚ ਤੇਲੰਗਾਨਾ ਦੇ ਖੰਮਮ ਜ਼ਿਲ੍ਹੇ ਦਾ ਰਹਿਣ ਵਾਲਾ ਸੀ ਅਤੇ ਅਮਰੀਕਾ ਵਿਚ ਪਾਰਟ ਟਾਈਮ ਨੌਕਰੀ ਕਰ ਰਿਹਾ ਸੀ। ਖਬਰਾਂ ਮੁਤਾਬਕ ਘਟਨਾ ਦੇ ਸਮੇਂ ਭਾਰਤੀ ਵਿਦਿਆਰਥੀ ਆਪਣੇ ਦੋਸਤ ਦੀ ਮਦਦ ਲਈ ਪੈਟਰੋਲ ਪੰਪ 'ਤੇ ਕੰਮ ਕਰ ਰਿਹਾ ਸੀ। ਮ੍ਰਿਤਕ ਭਾਰਤੀ ਵਿਦਿਆਰਥੀ ਨੇ ਭਾਰਤ ਤੋਂ ਬੀ.ਬੀ.ਏ. ਕੀਤੀ ਸੀ ਅਤੇ ਐੱਮ.ਬੀ.ਏ. ਦੀ ਪੜ੍ਹਾਈ ਕਰਨ ਲਈ ਅਮਰੀਕਾ ਆਇਆ ਸੀ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :**
**www.punjabmailusa.com**

**Global Allianz**
ਕਾਨੂੰਨੀ ਸਲਾਹਾਂ
**LAW FIRM LLP**
■ ਇਮੀਗਰੇਸ਼ਨ ਸੇਵਾਵਾਂ
■ ਘਰੇਲੂ ਹਿੰਸਾ ਦੇ ਕੇਸ
■ ਨਸ਼ਾ ਕਰਕੇ ਗੱਡੀ ਚਲਾਉਣਾ
■ ਕੰਮ 'ਤੇ ਸੱਟ ਲਗਣਾ
Asylum & Deportation Defense



Atul Kapoor
C.E.O



Neat Allen Sawyer
Attorney at law
Designed By Punjab Mail USA
555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਟਰੰਪ ਆਪਣੀ ਧੀ ਦੇ ਜਵਾਈ ਨੂੰ ਮਿਡਲ ਈਸਟ ਦਾ ਸਲਾਹਕਾਰ ਨਿਯੁਕਤ ਕਰਨਗੇ

- ਦੂਜੀ ਧੀ ਦੇ ਜਵਾਈ ਨੂੰ ਫਰਾਂਸ 'ਚ ਨਿਯੁਕਤ ਕਰਨਗੇ ਰਾਜਦੂਤ
- ਅਮਰੀਕੀ ਸਿਆਸਤ 'ਚ ਭਾਈ ਭਤੀਜਾਵਾਦ ਦਾ ਬੋਲਬਾਲਾ



**ਵਾਸ਼ਿੰਗਟਨ, (ਰਾਜ ਗੋਗਨਾ/ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਅਮਰੀਕੀ ਰਾਸ਼ਟਰਪਤੀ ਚੁਣੇ ਗਏ ਡੋਨਾਲਡ ਟਰੰਪ ਦੁਆਰਾ ਬੀਤੇ ਦਿਨਾਂ ਵਿਚ ਆਪਣੇ ਪ੍ਰਸ਼ਾਸਨ 'ਚ ਕੀਤੀਆਂ ਨਿਯੁਕਤੀਆਂ ਜਾਂ ਨਾਮਜ਼ਦਗੀਆਂ ਤੋਂ ਇਕ ਗੱਲ ਉਭਰ ਕੇ ਸਾਹਮਣੇ ਆਈ ਹੈ ਕਿ ਕਈ ਪ੍ਰਮੁੱਖ ਅਹੁੱਦਿਆਂ ਉਪਰ ਉਨ੍ਹਾਂ ਨੇ ਆਪਣੇ ਨਜ਼ਦੀਕੀ ਰਿਸ਼ਤੇਦਾਰਾਂ ਤੇ ਸਕੇ-ਸਬੰਧੀਆਂ ਨੂੰ ਤਰਜੀਹ ਦਿੱਤੀ ਹੈ। ਇਨ੍ਹਾਂ ਵਿਚ ਟਰੰਪ ਦੀਆਂ ਦੋ ਧੀਆਂ ਦੇ ਸਹੁਰੇ ਵੀ ਸ਼ਾਮਲ ਹਨ। ਉਸ ਨੇ ਮੱਧ ਪੂਰਬ ਲਈ ਸਲਾਹਕਾਰ ਦੇ ਵਜੋਂ ਆਪਣੀ ਧੀ ਰੇਫਨੀ ਦੇ ਜਵਾਈ, ਮਸਾਦ ਬੂਲੋਸ ਨੂੰ ਚੁਣਿਆ ਹੈ। ਉਹ ਅਰਬ ਅਤੇ ਮੱਧ ਪੂਰਬ ਦੇਸ਼ਾਂ ਬਾਰੇ ਟਰੰਪ ਨੂੰ ਸਲਾਹ ਦੇਣਗੇ। ਉਨ੍ਹਾਂ ਨੇ ਅਮਰੀਕਾ ਵਿਚ ਰਹਿੰਦੇ ਅਰਬੀ ਮੂਲ ਦੇ ਲੋਕਾਂ ਨੂੰ ਟਰੰਪ ਨੂੰ ਵੋਟਾਂ ਦੇਣ ਦੇ ਵੱਲ ਮੋੜਿਆ ਸੀ ਅਤੇ ਅਮਰੀਕੀ-ਅਰਬ ਵੋਟਾਂ ਟਰੰਪ ਨੂੰ ਦਿੱਤੀਆਂ ਗਈਆਂ ਸੀ। ਇਸ ਭਵਿੱਖੀ ਨਿਯੁਕਤੀ ਦੇ ਬਾਰੇ 'ਚ ਟਰੰਪ ਨੇ ਕਿਹਾ ਕਿ ਉਹ ਮੱਧ ਪੂਰਬ 'ਚ ਸ਼ਾਂਤੀ ਲਿਆਉਣ 'ਚ ਮਦਦ ਕਰਨਗੇ ਪਰ ਨਾ ਹੀ ਇਸ ਬਾਰੇ ਕੁਝ ਕਿਹਾ ਕਿ ਉਹ ਸ਼ਾਂਤੀ ਕਿਵੇਂ ਲਿਆਉਣਗੇ।

ਮਸਾਦ ਬੂਲੋਸ ਹੁਣ ਇੱਕ ਡੀਲਰ (ਦਲਾਲ) ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਨੇ ਪਹਿਲਾਂ ਲੇਬਨਾਨ ਵਿਚ ਰਾਜਦੂਤ ਵਜੋਂ ਦਿਲਚਸਪੀ ਦਿਖਾਈ ਸੀ। ਕਿਉਂਕਿ ਉਹ ਕਈ ਸਾਲਾਂ ਤੋਂ ਲੇਬਨਾਨ ਵਿਚ ਰਹਿੰਦੇ ਸਨ। ਉਸ ਕੋਲ ਮੱਧ ਪੂਰਬ ਦਾ ਵਿਆਪਕ ਗਿਆਨ ਵੀ ਹੈ। ਉਹ ਟਰੰਪ ਦੇ ਸਹਿਯੋਗੀ ਬੈਂਜਾਮਿਨ ਨੇਤਨਯਾਹੂ ਦਾ ਵੀ ਕੱਟੜ ਸਮਰਥਕ ਹੈ।

ਇਸ ਤੋਂ ਇਲਾਵਾ ਟਰੰਪ ਆਪਣੇ ਇਕ ਰਿਸ਼ਤੇਦਾਰ ਮਾਈਕ ਹਕਾਵੀ ਨੂੰ ਇਜ਼ਰਾਈਲ ਵਿਚ ਵੀ ਰਾਜਦੂਤ ਨਿਯੁਕਤ ਕਰਨਗੇ। ਇਹ ਵੀ ਪਤਾ ਲੱਗਾ ਹੈ। ਹਕਾਬੀ ਸਪੱਸ਼ਟ ਤੌਰ 'ਤੇ ਫਲਸਤੀਨ ਵਿਰੋਧੀ ਹੈ। ਉਹ ਕਹਿੰਦੇ ਹਨ ਕਿ ਫਲਸਤੀਨ ਵਰਗੀ ਕੋਈ ਚੀਜ਼ ਨਹੀਂ ਹੈ। ਟਰੰਪ ਨੇ ਮੈਟ ਹੇਗਸੈਟ ਨੂੰ ਰੱਖਿਆ ਸਕੱਤਰ ਚੁਣਿਆ ਹੈ। ਉਹ ਇਸਲਾਮ ਦੇ ਮਹਾਨ ਅਸਥਾਨਾਂ ਵਿਚੋਂ ਇੱਕ, ਮਨਾਤੀ ਅਲ ਅਰੀਕਾ ਮਸਜਿਦ ਦੀ ਥਾਂ ਉੱਤੇ ਬਾਈਬਲ ਵਿਚ ਦੱਸੇ ਅਨੁਸਾਰ ਇੱਕ ਯਹੂਦੀ ਸਿਨਾਗੋਗ (ਮਸਜਿਦ) ਬਣਾਉਣਾ ਚਾਹੁੰਦੇ ਹਨ। ਡੋਨਾਲਡ ਟਰੰਪ ਆਪਣੀ ਦੂਜੀ ਧੀ ਦੇ ਜਵਾਈ ਜੈਰੇਡ ਕੁਸ਼ਨਰ ਨੂੰ ਫਰਾਂਸ 'ਚ ਰਾਜਦੂਤ ਨਿਯੁਕਤ ਕਰਨਾ ਚਾਹੁੰਦੇ ਹਨ, ਜਿਵੇਂ ਕਿ ਉਸ ਨੇ ਪਿਛਲੇ ਸ਼ਨੀਵਾਰ ਨੂੰ ਐਲਾਨ ਕੀਤਾ ਸੀ। ਇਸ ਸੂਚੀ ਤੋਂ ਹੁਣ ਇਹ ਸਪੱਸ਼ਟ ਹੋ ਗਿਆ ਹੈ ਕਿ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਕੱਟੜ ਇਜ਼ਰਾਈਲ ਪੱਖੀ ਹਨ। ਉਹ ਅਜਿਹੇ ਸਹਾਇਕਾਂ ਨੂੰ ਵੀ ਚੁਣਦਾ ਹੈ, ਜੋ ਇਜ਼ਰਾਈਲ ਪੱਖੀ ਹਨ ਅਤੇ ਲਗਾਤਾਰ ਉਸ ਦਾ ਸਮਰਥਨ ਕਰਦੇ ਹਨ। 2 ਅਹਿਮ ਅਹੁੱਦਿਆਂ ਉਪਰ ਆਪਣੇ ਕੁੜਮਾਂ ਦੀ ਚੋਣ ਕਰਨ ਤੋਂ ਇਹ ਗੱਲ ਭਲੀਭਾਂਤ ਸਾਫ ਹੋ ਜਾਂਦੀ ਹੈ ਕਿ ਪਹਿਲੇ ਕਾਰਜਕਾਲ ਵਾਂਗ ਦੂਸਰੇ ਕਾਰਜਕਾਲ ਵਿਚ ਵੀ ਉਹ ਆਪਣੇ ਪਰਿਵਾਰਕ ਮੈਂਬਰ ਉਪਰ ਭਰੋਸਾ ਕਰ ਰਹੇ ਹਨ।

## ਟਰੰਪ ਦੇ ਇਮੀਗ੍ਰੇਸ਼ਨ 'ਤੇ ਸਖਤੀ ਦੇ ਵਾਅਦੇ ਨੇ ਵਿਦਿਆਰਥੀ ਤੇ ਵਿਦਵਾਨਾਂ 'ਚ ਵਧਾਈ ਚਿੰਤਾ

**ਵਾਸ਼ਿੰਗਟਨ ਡੀ.ਸੀ. (ਪੰਜਾਬ ਮੇਲ)**- ਸੰਯੁਕਤ ਰਾਜ ਦੀਆਂ ਕਈ ਯੂਨੀਵਰਸਿਟੀਆਂ ਨੇ ਰਾਸ਼ਟਰਪਤੀ ਚੁਣੇ ਗਏ ਡੋਨਾਲਡ ਟਰੰਪ ਦੇ ਉਦਘਾਟਨ ਤੋਂ ਪਹਿਲਾਂ ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਸਟਾਫ ਨੂੰ ਸਲਾਹ ਜਾਰੀ ਕੀਤੀ ਹੈ, ਜੋ ਇਮੀਗ੍ਰੇਸ਼ਨ ਨੀਤੀਆਂ ਵਿਚ ਸੰਭਾਵੀ ਤਬਦੀਲੀਆਂ ਨੂੰ ਲੈ ਕੇ ਵਧ ਰਹੀ ਅਨਿਸ਼ਚਿਤਤਾ ਨੂੰ ਦਰਸਾਉਂਦੀ ਹੈ। ਇੱਕ ਰਿਪੋਰਟ ਅਨੁਸਾਰ, ਟਰੰਪ ਦੇ ਇਮੀਗ੍ਰੇਸ਼ਨ ਉਪਾਵਾਂ ਨੂੰ ਸਖਤੀ ਨਾਲ ਲਾਗੂ ਕਰਨ ਦੇ ਵਾਅਦੇ ਦੇ ਵਿਚਕਾਰ ਬਹੁਤ ਸਾਰੇ ਅੰਤਰਰਾਸ਼ਟਰੀ ਵਿਦਿਆਰਥੀ ਅਤੇ ਵਿਦਵਾਨ ਦੇਸ਼ ਵਿਚ ਆਪਣੇ ਭਵਿੱਖ ਨੂੰ ਲੈ ਕੇ ਚਿੰਤਤ ਹਨ। ਟਰੰਪ ਨੇ ਸੰਯੁਕਤ ਰਾਜ ਦੇ ਇਤਿਹਾਸ ਵਿਚ ਸਭ ਤੋਂ ਵੱਡੇ ਦੇਸ਼ ਨਿਕਾਲੇ ਦੀ ਕਾਰਵਾਈ ਕਰਨ ਦਾ ਵਾਅਦਾ ਕੀਤਾ ਹੈ, ਇੱਥੋਂ ਤੱਕ ਕਿ ਇਸਨੂੰ ਲਾਗੂ ਕਰਨ ਲਈ ਫੌਜ ਦੀ ਸ਼ਮੂਲੀਅਤ ਦਾ ਸੁਝਾਅ ਵੀ ਦਿੱਤਾ ਹੈ। ਡਿਫਰਡ ਐਕਸ਼ਨ ਫਾਰ ਚਾਈਲਡਹੁੱਡ ਅਰਾਈਵਲਜ਼ (ਡੀ.ਏ.ਸੀ.ਏ.) ਪ੍ਰੋਗਰਾਮ ਨੂੰ ਖਤਮ ਕਰਨ ਦੀਆਂ ਉਸਦੀਆਂ ਪਿਛਲੀਆਂ ਕੋਸ਼ਿਸ਼ਾਂ, ਜੋ ਕਿ ਅੱਧੇ ਮਿਲੀਅਨ ਤੋਂ ਵੱਧ ਪ੍ਰਵਾਸੀਆਂ ਨੂੰ ਬਚਾਉਂਦੀਆਂ ਹਨ, ਜੋ ਅਮਰੀਕਾ ਵਿਚ ਬੱਚਿਆਂ ਦੇ ਰੂਪ ਵਿਚ ਪਹੁੰਚੇ ਸਨ, ਨੇ ਅਕਾਦਮਿਕ ਭਾਈਚਾਰੇ ਵਿਚ ਚਿੰਤਾਵਾਂ ਨੂੰ ਵੀ ਵਧਾ ਦਿੱਤਾ ਹੈ।

# ਅਮਰੀਕਾ 'ਚ ਨਵੰਬਰ ਮਹੀਨੇ ਗੈਰ-ਕਾਨੂੰਨੀ ਪ੍ਰਵਾਸੀਆਂ 'ਚ ਆਈ ਵੱਡੀ ਗਿਰਾਵਟ

- ਟਰੰਪ ਦਾ ਡਰ ਜਾਂ ਬਾਇਡਨ ਦੀ ਕਾਮਯਾਬੀ?

**ਵਾਸ਼ਿੰਗਟਨ, (ਪੰਜਾਬ ਮੇਲ)**- ਮੈਕਸੀਕੋ ਅਤੇ ਕੈਨੇਡਾ ਨਾਲ ਲੱਗਦੀਆਂ ਸਰਹੱਦਾਂ ਰਾਹੀਂ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਆਉਣ ਵਾਲੇ ਪ੍ਰਵਾਸੀਆਂ ਦੀ ਗਿਣਤੀ ਨਵੰਬਰ ਵਿਚ ਕਾਫੀ ਘਟੀ ਹੈ। ਇਸ ਬਾਰੇ ਚਰਚਾਵਾਂ ਚੱਲ ਰਹੀਆਂ ਹਨ ਕਿ ਕੀ ਇਸ ਨੂੰ ਰਾਸ਼ਟਰਪਤੀ ਜੋਅ ਬਾਇਡਨ ਵੱਲੋਂ ਪਿਛਲੇ ਕੁਝ ਮਹੀਨਿਆਂ ਤੋਂ ਅਪਣਾਈ ਜਾ ਰਹੀ ਨੀਤੀ ਦਾ ਨਤੀਜਾ ਮੰਨਿਆ ਜਾਣਾ ਚਾਹੀਦਾ ਹੈ ਜਾਂ ਡੋਨਾਲਡ ਟਰੰਪ ਦੇ ਵ੍ਹਾਈਟ ਹਾਊਸ ਤੱਕ ਪਹੁੰਚਣ ਦਾ ਡਰ।

ਅਮਰੀਕੀ ਕਸਟਮ ਅਤੇ ਬਾਰਡਰ ਪ੍ਰੋਟੈਕਸ਼ਨ ਅਧਿਕਾਰੀ ਨੇ ਦੱਸਿਆ ਕਿ ਸ਼ੁਰੂਆਤੀ ਅੰਕੜਿਆਂ ਦੇ ਅਨੁਸਾਰ, ਯੂ.ਐੱਸ. ਬਾਰਡਰ ਗਸ਼ਤੀ ਨੇ ਨਵੰਬਰ ਵਿਚ ਲਗਭਗ 47,000 ਪ੍ਰਵਾਸੀਆਂ ਨੂੰ ਗੈਰ-ਕਾਨੂੰਨੀ ਤੌਰ 'ਤੇ ਯੂ.ਐੱਸ.-ਮੈਕਸੀਕੋ ਸਰਹੱਦ ਪਾਰ ਕਰਕੇ ਗ੍ਰਿਫਤਾਰ ਕੀਤਾ ਸੀ। ਪਿਛਲੇ ਮਹੀਨੇ ਅਕਤੂਬਰ 'ਚ ਕਰੀਬ 57,000 ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ।

ਉਨ੍ਹਾਂ ਦੱਸਿਆ ਕਿ ਨਵੰਬਰ ਦੇ ਅੰਕੜੇ ਅਕਤੂਬਰ ਦੇ ਮੁਕਾਬਲੇ 10 ਹਜ਼ਾਰ ਘੱਟ ਹਨ। ਇੰਨਾ ਹੀ ਨਹੀਂ, ਜੁਲਾਈ 2020 ਕੋਰੋਨਾ ਮਹਾਮਾਰੀ ਤੋਂ ਘੱਟ ਹੈ ਅਤੇ ਜਦੋਂ ਟਰੰਪ ਰਾਸ਼ਟਰਪਤੀ ਅਹੁਦੇ 'ਤੇ ਸਨ। ਅਧਿਕਾਰੀ ਮੁਤਾਬਕ ਕੈਨੇਡਾ ਨਾਲ ਲੱਗਦੀ ਸਰਹੱਦ 'ਤੇ ਗੈਰ-ਕਾਨੂੰਨੀ ਢੰਗ ਨਾਲ ਸਰਹੱਦ ਪਾਰ ਕਰਦੇ ਹੋਏ ਲਗਭਗ 700 ਪ੍ਰਵਾਸੀ ਫੜੇ ਗਏ ਹਨ, ਜਦਕਿ ਅਕਤੂਬਰ 'ਚ ਇਹ ਗਿਣਤੀ 1,300 ਸੀ।

ਇੱਕ ਸੀਨੀਅਰ ਅਮਰੀਕੀ ਸਰਹੱਦੀ ਅਧਿਕਾਰੀ ਨੇ ਕਿਹਾ ਕਿ ਪ੍ਰਵਾਸੀਆਂ ਦੀ ਗਿਣਤੀ ਵਿਚ ਗਿਰਾਵਟ ਇੱਕ ਰੁਝਾਨ ਦੇ ਅਨੁਸਾਰ ਹੈ, ਜੋ ਮਹੀਨਿਆਂ ਤੋਂ ਚੱਲ ਰਿਹਾ ਹੈ। ਇਹ ਰਾਸ਼ਟਰਪਤੀ-ਚੁਣੇ ਹੋਏ ਡੋਨਾਲਡ ਟਰੰਪ ਦੇ ਦਾਅਵੇ ਨੂੰ ਗਲਤ ਸਾਬਤ ਕਰਨ ਲਈ ਬਹੁਤ ਘੱਟ ਕਰਦਾ ਹੈ ਕਿ ਬਾਇਡਨ ਪ੍ਰਸ਼ਾਸਨ ਦੇ ਅਧੀਨ ਗੈਰ-ਕਾਨੂੰਨੀ ਇਮੀਗ੍ਰੇਸ਼ਨ ਕੰਟਰੋਲ ਤੋਂ ਬਾਹਰ ਹੋ ਗਿਆ ਹੈ। ਪਿਛਲੇ ਹਫਤੇ, ਟਰੰਪ ਨੇ ਮੈਕਸੀਕੋ ਅਤੇ ਕੈਨੇਡਾ ਨੂੰ ਧਮਕੀ ਦਿੱਤੀ ਸੀ ਕਿ ਜੇਕਰ ਉਨ੍ਹਾਂ ਨੇ ਗੈਰ-ਕਾਨੂੰਨੀ ਪ੍ਰਵਾਸੀਆਂ ਅਤੇ ਫੈਂਟਾਨਿਲ ਨੂੰ ਅਮਰੀਕਾ 'ਚ ਆਉਣ ਤੋਂ ਨਹੀਂ ਰੋਕਿਆ, ਤਾਂ ਉਨ੍ਹਾਂ ਦੇ ਆਯਾਤ 'ਤੇ 25˙ ਟੈਰਿਫ ਲਗਾਇਆ ਜਾਵੇਗਾ।

ਦੱਸ ਦਈਏ ਕਿ ਮੈਕਸੀਕੋ ਸਰਹੱਦ ਰਾਹੀਂ ਗੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਆਉਣ ਵਾਲੇ ਪ੍ਰਵਾਸੀਆਂ ਦੀ ਗ੍ਰਿਫਤਾਰੀ 'ਚ ਨਾਟਕੀ ਕਮੀ ਆਈ ਹੈ। ਇਸ ਦਾ ਮੁੱਖ ਕਾਰਨ ਬਾਇਡਨ ਸਰਕਾਰ ਵੱਲੋਂ ਜੂਨ ਵਿਚ ਲਗਾਈਆਂ ਗਈਆਂ ਪਾਬੰਦੀਆਂ ਹਨ।



# ਗੁਰਦੁਆਰਾ ਸਾਹਿਬ ਸੰਤ ਸਾਗਰ, ਸੈਕਰਾਮੈਂਟੋ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਬਾਰੇ ਹੋਇਆ ਸੈਮੀਨਾਰ













**ਸੈਕਰਾਮੈਂਟੋ, (ਪੰਜਾਬ ਮੇਲ)-** ਗੁਰਦੁਆਰਾ ਸਾਹਿਬ ਸੰਤ ਸਾਗਰ, ਸੈਕਰਾਮੈਂਟੋ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਬਾਰੇ ਇਕ ਸੈਮੀਨਾਰ ਕਰਵਾਇਆ ਗਿਆ। ਇਸ ਸਮਾਗਮ ਵਿਚ ਵੱਖ-ਵੱਖ ਧਰਮਾਂ ਦੇ ਲੋਕਾਂ ਨੇ ਹਿੱਸਾ ਲਿਆ। ਸਿੱਖਾਂ ਤੋਂ ਇਲਾਵਾ, ਹਿੰਦੂ, ਬੋਧੀ, ਜੈਨ ਧਰਮ ਨਾਲ ਸੰਬੰਧਤ 200 ਲੋਕਾਂ ਨੇ ਇਸ ਸਮਾਗਮ 'ਚ ਸ਼ਮੂਲੀਅਤ ਕੀਤੀ। ਐਲਕ ਗਰੋਵ ਸਿਟੀ ਦੀ ਮੇਅਰ ਬੌਬੀ ਸਿੰਘ ਐਲਨ ਅਤੇ ਵਾਇਸ ਮੇਅਰ ਰਾਡ ਬਰਿਊਅਰ ਤੋਂ ਇਲਾਵਾ ਰੌਕਲਿਨ ਸਿਟੀ ਕੌਂਸਲ ਮੈਂਬਰ ਜਿਲ ਗੈਲਡੋ, ਗੁਰਦੁਆਰਾ ਸਾਹਿਬ ਸੰਤ ਸਾਗਰ ਦੇ ਮੁਖੀ ਨਰਿੰਦਰਪਾਲ ਸਿੰਘ ਹੁੰਦਲ, ਇੰਟਰਫੇਥ ਕੌਂਸਲ ਮੈਂਬਰ ਅਕਰਮ ਕੇਵਲ, ਡਾ. ਭਾਵਿਨ ਪਾਰਿਖ, ਨਿੱਕੀ ਸਿੰਘ, ਲਖਵਿੰਦਰ ਸਿੰਘ ਲੱਖੀ ਅਤੇ ਰੀਵਾ ਕੌਰ ਤੋਂ ਇਲਾਵਾ ਹੋਰ ਵੀ ਆਗੂ ਇਸ ਮੌਕੇ ਹਾਜ਼ਰ ਸਨ।

ਮੇਅਰ ਬੌਬੀ ਸਿੰਘ ਐਲਨ ਨੇ ਬੋਲਦਿਆਂ ਕਿਹਾ ਕਿ ਧਾਰਮਿਕ ਅਸਹਿਣਸ਼ੀਲਤਾ ਸਾਡੇ ਸਮਾਜ ਨੂੰ ਪਲੀਤ ਕਰ ਰਹੀ ਹੈ। ਸਾਨੂੰ ਗੁਰੂ ਸਾਹਿਬਾਨਾਂ ਦੇ ਉਪਦੇਸ਼ਾਂ 'ਤੇ ਚੱਲਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਾਡੇ ਗੁਰੂਆਂ ਅਨੁਸਾਰ ਸਾਰੇ ਧਰਮ ਬਰਾਬਰ ਹਨ। ਕੋਈ ਵੀ ਧਰਮ ਸਾਨੂੰ ਊਚ-ਨੀਚ ਨਹੀਂ ਸਿਖਾਉਂਦਾ। ਇਸ ਦੌਰਾਨ ਗੁਰਦੁਆਰਾ ਸਾਹਿਬ ਸੰਤ ਸਾਗਰ ਦੇ ਮੁਖੀ ਨਰਿੰਦਰਪਾਲ ਸਿੰਘ ਹੁੰਦਲ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ। ਉਨ੍ਹਾਂ ਦੱਸਿਆ ਕਿ ਗੁਰੂ ਸਾਹਿਬ ਨੇ ਆਪਣਾ ਬਲਿਦਾਨ ਦੂਜੇ ਧਰਮਾਂ ਦੀ ਰੱਖਿਆ ਕਰਨ ਲਈ ਦਿੱਤਾ ਸੀ। ਉਨ੍ਹਾਂ ਹਮੇਸ਼ਾ ਭਾਈਚਾਰਕ ਸਾਂਝ ਵਧਾਉਣ ਲਈ ਸਿੱਖਿਆ ਦਿੱਤੀ ਸੀ। ਸਾਨੂੰ ਉਨ੍ਹਾਂ ਦੇ ਮਿਸ਼ਨ ਨੂੰ ਅੱਗੇ ਲਿਜਾਉਣ ਲਈ ਯਤਨ ਕਰਨੇ ਚਾਹੀਦੇ ਹਨ।

# ਯੂ.ਐੱਸ. ਡਿਪਾਰਟਮੈਂਟ ਵੱਖ-ਵੱਖ ਰੁਜ਼ਗਾਰ-ਆਧਾਰਿਤ ਵੀਜ਼ਾ ਨੰਬਰਾਂ ਨੂੰ ਰੱਖਣ ਦੀ ਕਰ ਰਿਹੈ ਕੋਸ਼ਿਸ਼

**ਵਾਸ਼ਿੰਗਟਨ, (ਪੰਜਾਬ ਮੇਲ)-** ਦਸੰਬਰ 2024 ਦੇ ਮਾਸਿਕ ਵੀਜ਼ਾ ਬੁਲੇਟਿਨ ਵਿਚ ਰੋਜ਼ਗਾਰ-ਆਧਾਰਿਤ ਤਰਜੀਹੀ ਕੇਸਾਂ ਲਈ ਚਾਰਟ ਫਾਈਲ ਕਰਨ ਦੀਆਂ ਤਰੀਕਾਂ ਦੀ ਵਰਤੋਂ ਕਰਨਾ ਜਾਰੀ ਰੱਖ ਕੇ, ਯੂ.ਐੱਸ. ਡਿਪਾਰਟਮੈਂਟ ਆਫ਼ ਸਟੇਟ ਨੇ ਇਹ ਵੀ ਸੰਕੇਤ ਦਿੱਤਾ ਹੈ ਕਿ ਉਹ ਅਜੇ ਵੀ ਵੱਖ-ਵੱਖ ਰੁਜ਼ਗਾਰ-ਆਧਾਰਿਤ ਵੀਜ਼ਾ ਨੰਬਰਾਂ ਨੂੰ ਰੱਖਣ ਦੀ ਪੂਰੀ ਕੋਸ਼ਿਸ਼ ਕਰ ਰਿਹਾ ਹੈ।

ਯੂ.ਐੱਸ. ਡਿਪਾਰਟਮੈਂਟ ਆਫ਼ ਸਟੇਟ (ਡੀ.ਓ.ਐੱਸ.) ਆਪਣੇ ਵੀਜ਼ਾ ਬੁਲੇਟਿਨ 'ਤੇ ਮੌਜੂਦਾ ਪ੍ਰਵਾਸੀ ਵੀਜ਼ਾ ਉਪਲਬਧਤਾ ਜਾਣਕਾਰੀ ਪ੍ਰਕਾਸ਼ਿਤ ਕਰਦਾ ਹੈ। ਵੀਜ਼ਾ ਬੁਲੇਟਿਨ ਦਿਖਾਉਂਦਾ ਹੈ ਕਿ ਕਦੋਂ ਪ੍ਰਵਾਸੀ ਵੀਜ਼ਾ ਸੰਭਾਵੀ ਪ੍ਰਵਾਸੀਆਂ ਨੂੰ ਉਨ੍ਹਾਂ ਦੀਆਂ ਵਿਅਕਤੀਗਤ ਤਰਜੀਹੀ ਮਿਤੀਆਂ ਦੇ ਆਧਾਰ 'ਤੇ ਜਾਰੀ ਕਰਨ ਲਈ ਉਪਲਬਧ ਹੁੰਦਾ ਹੈ। ਹਰ ਮਹੀਨੇ, ਡੀ.ਓ.ਐੱਸ. ਆਪਣੇ ਵੀਜ਼ਾ ਬੁਲੇਟਿਨ 'ਤੇ ਪ੍ਰਤੀ ਵੀਜ਼ਾ ਤਰਜੀਹ ਸ਼੍ਰੇਣੀ ਲਈ ਦੋ ਚਾਰਟ ਪ੍ਰਕਾਸ਼ਿਤ ਕਰਦਾ ਹੈ। ਚਾਰਟ ਐਪਲੀਕੇਸ਼ਨ ਦੀਆਂ ਅੰਤਿਮ ਮਿਤੀਆਂ ਅਤੇ ਅਰਜ਼ੀਆਂ ਭਰਨ ਦੀਆਂ ਤਰੀਕਾਂ 'ਤੇ ਆਧਾਰਿਤ ਹਨ।

ਅੰਤਿਮ ਕਾਰਵਾਈ ਮਿਤੀਆਂ ਦਾ ਚਾਰਟ ਉਨ੍ਹਾਂ ਤਾਰੀਖਾਂ ਨੂੰ ਦਰਸਾਉਂਦਾ ਹੈ ਜਦੋਂ ਅੰਤ ਵਿੱਚ ਵੀਜ਼ਾ ਜਾਰੀ ਕੀਤਾ ਜਾ ਸਕਦਾ ਹੈ ਅਤੇ ਅਰਜ਼ੀਆਂ ਭਰਨ ਦੀਆਂ ਤਾਰੀਖਾਂ ਸਭ ਤੋਂ ਪਹਿਲੀਆਂ ਤਾਰੀਖਾਂ ਨੂੰ ਦਰਸਾਉਂਦੀਆਂ ਹਨ, ਜਦੋਂ ਬਿਨੈਕਾਰ ਅਰਜ਼ੀ ਦੇਣ ਦੇ ਯੋਗ ਹੋ ਸਕਦੇ ਹਨ।

ਯੂ.ਐੱਸ.ਸੀ.ਆਈ.ਐੱਸ. ਸਟੇਟਸ ਐਪਲੀਕੇਸ਼ਨਾਂ ਦੇ ਰੁਜ਼ਗਾਰ-ਆਧਾਰਿਤ ਸਮਾਯੋਜਨ ਲਈ ਫਾਈਲ ਕਰਨ ਦੀਆਂ ਤਰੀਕਾਂ ਦੀ ਵਰਤੋਂ ਕਰਨਾ ਜਾਰੀ ਰੱਖੇਗਾ।

## ਦਸੰਬਰ 2024 ਵੀਜ਼ਾ ਬੁਲੇਟਿਨ

ਇਹ ਅਕਤੂਬਰ 2024 ਦੇ ਵੀਜ਼ਾ ਬੁਲੇਟਿਨ ਵਿਚ ਸ਼ੁਰੂ ਹੋਏ ਬਦਲਾਅ ਦੀ ਨਿਰੰਤਰਤਾ ਹੈ। ਇਸ ਤੋਂ ਇਲਾਵਾ, ਯੂ.ਐੱਸ.ਸੀ.ਆਈ.ਐੱਸ. ਨੇ ਫੈਮਿਲੀ-ਸਪਾਂਸਰਡ ਐਡਜਸਟਮੈਂਟ ਆਫ ਸਟੇਟਸ ਐਪਲੀਕੇਸ਼ਨ ਟੇਬਲ ਲਈ ਫਾਈਲ ਕਰਨ ਦੀਆਂ ਤਰੀਕਾਂ ਦੀ ਪਾਲਣਾ ਕਰਨਾ ਜਾਰੀ ਰੱਖਣ ਦਾ ਫੈਸਲਾ ਕੀਤਾ ਹੈ। ਜਦੋਂ ਕਿ ਦਸੰਬਰ 2024 ਵੀਜ਼ਾ ਬੁਲੇਟਿਨ ਦੁਨੀਆ ਭਰ ਦੇ ਵਿਅਕਤੀਆਂ ਲਈ ਅੰਦੋਲਨ ਦੀਆਂ ਤਾਰੀਖਾਂ ਨੂੰ ਦਰਸਾਉਂਦਾ ਹੈ, ਇਹ ਲੇਖ ਖਾਸ ਤੌਰ 'ਤੇ ਉਨ੍ਹਾਂ ਤਾਰੀਖਾਂ 'ਤੇ ਧਿਆਨ ਕੇਂਦਰਿਤ ਕਰੇਗਾ, ਜੋ ਭਾਰਤੀ ਨਾਗਰਿਕਾਂ ਨੂੰ ਪ੍ਰਭਾਵਤ ਕਰਦੀਆਂ ਹਨ।

**ਭਾਰਤੀ ਨਾਗਰਿਕਾਂ/ ਯੂ.ਐੱਸ.ਸੀ.ਆਈ.ਐੱਸ. ਲਈ ਖਾਸ ਪਰਿਵਾਰਕ-ਪ੍ਰਾਯੋਜਿਤ ਤਰਜੀਹੀ ਮਾਮਲੇ :** ਪਰਿਵਾਰ ਆਧਾਰਿਤ ਪਹਿਲੀ ਤਰਜੀਹ ਸ਼੍ਰੇਣੀ (ਐੱਫ.-1 -ਯੂ.ਐੱਸ. ਨਾਗਰਿਕਾਂ ਦੇ ਅਣਵਿਆਹੇ ਪੁੱਤਰ ਅਤੇ ਧੀਆਂ): ਭਾਰਤ ਦੀ ਵੀਜ਼ਾ ਕੱਟ-ਆਫ ਮਿਤੀ 1 ਸਤੰਬਰ, 2017 ਨੂੰ ਰਹੇਗੀ।

ਪਰਿਵਾਰ-ਆਧਾਰਿਤ ਦੂਜੀ ਤਰਜੀਹ ਸ਼੍ਰੇਣੀ (ਐੱਫ2ਏ - ਸਥਾਈ ਨਿਵਾਸੀਆਂ ਦੇ ਜੀਵਨ ਸਾਥੀ ਅਤੇ ਬੱਚੇ): ਭਾਰਤ ਦੀ ਵੀਜ਼ਾ ਕੱਟ-ਆਫ ਮਿਤੀ ਵੀ 15 ਜੁਲਾਈ, 2024 ਨੂੰ ਰਹਿੰਦੀ ਹੈ।

ਸਥਾਈ ਨਿਵਾਸੀਆਂ ਦੀ ਪਰਿਵਾਰਕ-ਆਧਾਰਿਤ ਦੂਜੀ ਤਰਜੀਹ ਸ਼੍ਰੇਣੀ (ਐੱਫ2ਬੀ - ਅਣਵਿਆਹੇ ਪੁੱਤਰ ਅਤੇ ਧੀਆਂ (21 ਸਾਲ ਜਾਂ ਇਸ ਤੋਂ ਵੱਧ ਉਮਰ ਦੇ): ਭਾਰਤ ਦੀ ਵੀਜ਼ਾ ਕੱਟ-ਆਫ ਮਿਤੀ 1 ਜਨਵਰੀ, 2017 ਨੂੰ ਰਹੇਗੀ।



# ਟਰੰਪ ਦੀ ਚਿਤਾਵਨੀ ਬਾਅਦ ਕੈਨੇਡਾ ਵੱਲੋਂ ਸਰਹੱਦ 'ਤੇ ਸਖਤੀ ਦਾ ਫ਼ੈਸਲਾ

**■ ਪ੍ਰਧਾਨ ਮੰਤਰੀ ਟਰੂਡੋ ਵੱਲੋਂ ਸੀ.ਬੀ.ਐੱਸ.ਏ. ਦੇ ਫੰਡ ਵਧਾਉਣ ਨੂੰ ਹਰੀ ਝੰਡੀ**

**ਵੈਨਕੂਵਰ, (ਪੰਜਾਬ ਮੇਲ)**- ਅਮਰੀਕਾ ਦੇ ਨਵੇਂ ਚੁਣੇ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਅਹੁਦਾ ਸੰਭਾਲਦਿਆਂ ਹੀ ਕੈਨੇਡਾ ਤੇ ਮੈਕਸੀਕੋ ਤੋਂ ਦਰਾਮਦ ਹੁੰਦੇ ਸਾਮਾਨ 'ਤੇ 25 ਫ਼ੀਸਦੀ ਟੈਕਸ ਲਾਉਣ ਦੇ ਐਲਾਨ ਤੋਂ ਬਾਅਦ ਕੈਨੇਡਾ ਨੇ ਪੂਰਬ ਤੋਂ ਪੱਛਮ ਤੱਕ ਅਮਰੀਕਾ ਨਾਲ ਜੁੜਦੀ 8891 ਕਿਲੋਮੀਟਰ ਲੰਮੀ ਸਰਹੱਦ 'ਤੇ ਸਖ਼ਤੀ ਵਧਾਉਣ ਦਾ ਫ਼ੈਸਲਾ ਕੀਤਾ ਹੈ। ਸਰਹੱਦ ਤੋਂ ਆਰ-ਪਾਰ ਜਾਣ ਲਈ ਛੋਟੇ-ਵੱਡੇ 100 ਦੇ ਕਰੀਬ ਪ੍ਰਵਾਨਿਤ ਲਾਂਘੇ ਹਨ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਸੂਬਿਆਂ ਦੇ ਮੁੱਖ ਮੰਤਰੀਆਂ ਨਾਲ ਕੀਤੀ ਮੀਟਿੰਗ ਤੋਂ ਬਾਅਦ ਇਸ ਵਾਸਤੇ ਵਾਧੂ ਫੰਡ ਜਾਰੀ ਕਰਨ ਦਾ ਐਲਾਨ ਕੀਤਾ ਗਿਆ ਹੈ।

ਜ਼ਿਕਰਯੋਗ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਪਿਛਲੇ ਦਿਨੀਂ ਕਿਹਾ ਸੀ ਕਿ ਦੋਵਾਂ ਗੁਆਂਢੀ ਮੁਲਕਾਂ ਨਾਲ ਜੁੜਦੀਆਂ ਸਰਹੱਦਾਂ 'ਤੇ ਸਖ਼ਤੀ ਨਾ ਹੋਣ ਕਾਰਨ ਗਲਤ ਅਨਸਰ ਤੇ ਸਾਮਾਨ ਅਮਰੀਕਾ 'ਚ ਦਾਖ਼ਲ ਹੁੰਦਾ ਹੈ, ਜਿਸ 'ਤੇ ਰੋਕ ਲੱਗਣੀ ਜ਼ਰੂਰੀ ਹੈ। ਉਨ੍ਹਾਂ ਸਖ਼ਤੀ ਨਾ ਹੋਣ ਦਾ ਠੀਕਰਾ ਕੈਨੇਡਾ ਅਤੇ ਮੈਕਸੀਕੋ ਸਿਰ ਭੰਨਿਆ ਸੀ। ਬਰਾਮਦ ਟੈਕਸ ਵਿਚ ਵਾਧਾ ਕੈਨੇਡਾ ਦੀ ਸਨਅਤ ਲਈ ਘਾਤਕ ਸਾਬਤ ਹੋ ਸਕਦਾ ਹੈ। ਕੈਨੇਡਾ ਵੱਲੋਂ ਦੇਸ਼ ਦੀ ਸਰਹੱਦ ਨੂੰ ਸੁਰੱਖਿਅਤ ਰੱਖਣ ਦੀ ਜ਼ਿੰਮੇਵਾਰੀ ਕੈਨੇਡਾ ਬਾਰਡਰ ਸਰਵਿਸ ਏਜੰਸੀ (ਸੀ.ਬੀ.ਐੱਸ.ਏ.) ਜ਼ਿੰਮੇ ਹੁੰਦੀ ਹੈ, ਜਿਸਦੀ ਨਫ਼ਰੀ ਤੇ ਸਾਜ਼ੋ ਸਾਮਾਨ ਵਿਚ ਵਾਧੇ ਲਈ ਕੇਂਦਰ ਨੇ ਹੋਰ ਫੰਡ ਜਾਰੀ ਕਰਨ ਦਾ ਐਲਾਨ ਕੀਤਾ ਹੈ।



**ਕੈਨੇਡਾ ਤੇ ਅਮਰੀਕਾ ਦੇ ਆਰ-ਪਾਰ ਜਾਣ ਲਈ 1891 ਈਸਵੀ 'ਚ ਬਣਿਆ ਗੇਟ, ਜਿਸ ਉੱਤੇ 'ਇੱਕੋ ਮਾਂ ਦੇ ਪੁੱਤਰ' ਲਿਖਿਆ ਹੈ।**

ਪ੍ਰਧਾਨ ਮੰਤਰੀ ਟਰੂਡੋ ਵੱਲੋਂ ਸੂਬਾਈ ਮੁੱਖ ਮੰਤਰੀਆਂ ਨਾਲ ਕੀਤੀ ਗਈ ਮੀਟਿੰਗ ਵਿਚ ਉਨ੍ਹਾਂ ਨੂੰ ਸੁਚੇਤ ਕੀਤਾ ਗਿਆ ਕਿ ਦੋ ਮਹੀਨੇ ਬਾਅਦ ਅਮਰੀਕਨ ਰਾਸ਼ਟਰਪਤੀ ਦੇ ਕਿਸੇ ਫ਼ੈਸਲੇ ਤੋਂ ਪਹਿਲਾਂ ਸਖ਼ਤੀ ਦੇ ਨਤੀਜੇ ਸਾਹਮਣੇ ਲਿਆਉਣੇ ਪੈਣਗੇ। ਇਸ ਤੋਂ ਪਹਿਲਾਂ ਕੈਨੇਡਾ ਨੇ ਇਹ ਕਹਿ ਕੇ ਆਪਣੇ-ਆਪ ਨੂੰ ਸੁਰਖ਼ਰੂ ਕਰ ਲਿਆ ਸੀ ਕਿ ਅਮਰੀਕਾ ਵਿਚ ਸਰਹੱਦੀ ਨਾਜਾਇਜ਼ ਲਾਂਘੇ ਸਿਰਫ਼ ਮੈਕਸੀਕੋ ਵਾਲੇ ਪਾਸਿਓਂ ਹਨ, ਪਰ ਪਿਛਲੇ ਕੁਝ ਸਾਲਾਂ ਦੀਆਂ ਘਟਨਾਵਾਂ ਦੀ ਘੋਖ ਤੋਂ ਹਫ਼ਤੇ ਬਾਅਦ ਬੁੱਧਵਾਰ ਨੂੰ ਪ੍ਰੀਮੀਅਰਾਂ ਦੀ ਮੀਟਿੰਗ ਵਿਚ ਅਜਿਹਾ ਐਲਾਨ ਕੀਤੇ ਜਾਣ 'ਤੇ ਸਭ ਨੂੰ ਹੈਰਾਨੀ ਤਾਂ ਹੋਈ, ਪਰ ਇਸ ਨੂੰ ਚੰਗਾ ਫ਼ੈਸਲਾ ਮੰਨਿਆ ਗਿਆ।

# ਟਰੰਪ ਵਿਰੁੱਧ 2020 ਦੀਆਂ ਚੋਣਾਂ ਦੇ ਨਤੀਜੇ ਬਦਲਣ ਦੀ ਕੋਸ਼ਿਸ਼ ਦਾ ਮਾਮਲਾ ਰੱਦ



**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਨਿਆਂ ਵਿਭਾਗ ਦੇ ਵਿਸ਼ੇਸ਼ ਵਕੀਲ ਜੈਕ ਸਮਿੱਥ ਵੱਲੋਂ ਕੀਤੀ ਬੇਨਤੀ ਉਪਰੰਤ ਇਕ ਸੰਘੀ ਜੱਜ ਨੇ ਰਾਸ਼ਟਰਪਤੀ ਚੁਣੇ ਗਏ ਡੋਨਾਲਡ ਟਰੰਪ ਵਿਰੁੱਧ 2020 ਦੀਆਂ ਚੋਣਾਂ ਦੇ ਨਤੀਜ਼ੇ ਬਦਲਣ ਦੀ ਕਥਿਤ ਕੋਸ਼ਿਸ਼ ਦੇ ਮਾਮਲੇ 'ਚ ਲਗਾਏ ਸਾਰੇ ਦੋਸ਼ ਰੱਦ ਕਰ ਦਿੱਤੇ ਹਨ। ਯੂ.ਐੱਸ. ਡਿਸਟ੍ਰਿਕਟ ਜੱਜ ਤਾਨੀਆ ਚੁਟਕਨ ਨੇ ਨਿਆਂ ਵਿਭਾਗ ਦੀ ਬੇਨਤੀ ਨਾਲ ਸਹਿਮਤੀ ਪ੍ਰਗਟਾਉਣ ਉਪਰੰਤ ਆਪਣਾ ਫੈਸਲਾ ਸੁਣਾਇਆ। ਬੀਤੇ ਦਿਨੀਂ ਸਮਿਥ ਵੱਲੋਂ ਜੱਜ ਨੂੰ ਮਾਮਲੇ ਵਿਚ ਸਾਰੀ ਕਾਰਵਾਈ ਰੋਕ ਦੇਣ ਲਈ ਕਹਿ ਜਾਣ ਉਪਰੰਤ ਉਕਤ ਬੇਨਤੀ ਦੀ ਆਸ ਕੀਤੀ ਜਾ ਰਹੀ ਸੀ, ਕਿਉਂਕਿ ਨਿਆਂ ਵਿਭਾਗ ਦੀ ਨੀਤੀ ਅਨੁਸਾਰ ਮੌਜੂਦਾ ਰਾਸ਼ਟਰਪਤੀ ਵਿਰੁੱਧ ਮੁਕੱਦਮਾ ਨਹੀਂ ਚਲਾਇਆ ਜਾ ਸਕਦਾ। 5 ਨਵੰਬਰ ਨੂੰ ਟਰੰਪ ਦੇ ਰਾਸ਼ਟਰਪਤੀ ਚੁਣੇ ਜਾਣ ਉਪਰੰਤ ਉਨ੍ਹਾਂ ਵਿਰੁੱਧ ਦਾਇਰ ਸੰਘੀ ਮਾਮਲਾ ਕਿਸੇ ਵੇਲੇ ਵੀ ਵਾਪਸ ਲਏ ਜਾਣ ਦੀ ਆਸ ਕੀਤੀ ਜਾ ਰਹੀ ਸੀ। ਸਮਿੱਥ ਨੇ ਆਪਣੇ 6 ਸਫ਼ਿਆਂ ਦੀ ਬੇਨਤੀ ਵਿਚ ਲਿਖਿਆ ਹੈ ਕਿ ਨਿਆਂ ਵਿਭਾਗ ਦੀ ਇਹ ਨੀਤੀ ਹੈ ਕਿ ਅਮਰੀਕੀ ਸੰਵਿਧਾਨ ਮੌਜੂਦਾ ਰਾਸ਼ਟਰਪਤੀ ਵਿਰੁੱਧ ਸੰਘੀ ਦੋਸ਼ਾਂ 'ਤੇ ਅਪਰਾਧਿਕ ਮੁਕੱਦਮੇ ਦੀ ਇਜਾਜ਼ਤ ਨਹੀਂ ਦਿੰਦਾ। ਇਹ ਰੋਕ ਸਪੱਸ਼ਟ ਹੈ, ਜਿਸ ਅਨੁਸਾਰ ਅਪਰਾਧ ਦੀ ਗੰਭੀਰਤਾ ਨੂੰ ਨਹੀਂ ਵੇਖਿਆ ਜਾਂਦਾ ਅਤੇ ਨਾ ਹੀ ਮੁਕੱਦਮੇ ਵਿਚ ਪੇਸ਼ ਸਬੂਤਾਂ ਜਾਂ ਗੁਣਾਂ ਦੋਸ਼ਾਂ ਵੱਲ ਤਵੱਜੋਂ ਦਿੱਤੀ ਜਾਂਦੀ ਹੈ।

ਇਸ ਫੈਸਲੇ 'ਤੇ ਪ੍ਰਤੀਕਰਮ ਪ੍ਰਗਟ ਕਰਦਿਆਂ ਟਰੰਪ ਦੇ ਬੁਲਾਰੇ ਸਟੀਵਨ ਚੇਓਂਗ ਨੇ ਕਿਹਾ ਹੈ ਕਿ ਨਿਆਂ ਵਿਭਾਗ ਵੱਲੋਂ ਰਾਸ਼ਟਰਪਤੀ ਟਰੰਪ ਵਿਰੁੱਧ ਗੈਰ-ਸੰਵਿਧਾਨਕ ਸੰਘੀ ਮਾਮਲੇ ਖਤਮ ਕਰਨਾ ਦਾ ਫੈਸਲਾ ਨਿਆਂ ਵਿਵਸਥਾ ਦੀ ਵੱਡੀ ਜਿੱਤ ਹੈ। ਉਪ ਰਾਸ਼ਟਰਪਤੀ ਚੁਣੇ ਗਏ ਜੇ.ਡੀ. ਵੈਂਸ ਨੇ ਕਿਹਾ ਹੈ ਕਿ ਜੇਕਰ ਟਰੰਪ ਚੋਣ ਹਾਰ ਜਾਂਦੇ ਤਾਂ ਉਸ ਨੂੰ ਆਪਣੀ ਬਾਕੀ ਬਚੀ ਜ਼ਿੰਦਗੀ ਸਲਾਖਾਂ ਪਿੱਛੇ ਕੱਟਣੀ ਪੈਣੀ ਸੀ।

# ਅਮਰੀਕਾ ਤੋਂ ਬਿਜਲੀ ਖ਼ਰੀਦ ਕੇ ਕੰਮ ਚਲਾ ਰਿਹਾ ਕੈਨੇਡਾ

**ਓਟਵਾ, (ਪੰਜਾਬ ਮੇਲ)**-ਆਪਣੇ ਗੁਆਂਢੀ ਮੁਲਕ ਨੂੰ ਵਾਧੂ ਪਣ-ਬਿਜਲੀ ਨਿਰਯਾਤ ਕਰਨ ਦੇ ਲਗਭਗ ਦੋ ਦਹਾਕਿਆਂ ਬਾਅਦ ਸੋਕੇ ਅਤੇ ਖ਼ਰਾਬ ਮੌਸਮ ਕਾਰਨ ਕੈਨੇਡਾ ਨੂੰ ਅਮਰੀਕਾ ਕੈਨੇਡਾ ਨੂੰ ਦਰਪੇਸ਼ ਚੁਣੌਤੀ ਦੁਨੀਆਂ ਦੇ ਕਈ ਹੋਰ ਹਿੱਸਿਆਂ 'ਚ ਵੀ ਨਜ਼ਰ ਆਈ ਅਤੇ ਹਾਈਡਰੋ ਇਲੈਕਟ੍ਰਿਸਿਟੀ ਪੈਦਾ ਕਰਨ ਦੀ ਦਰ 2023 ਦੌਰਾਨ ਪੰਜ ਸਾਲ ਦੇ ਹੇਠਲੇ ਪੱਧਰ 'ਤੇ ਪੁੱਜ ਗਈ। ਬਿਜਲੀ ਦੀ ਮੰਗ ਪੂਰੀ ਕਰਨ ਲਈ ਬਦਲਵੇਂ ਸਰੋਤਾਂ ਦਾ ਵਰਤੋਂ ਕੀਤੀ ਗਈ ਅਤੇ ਗਰੀਨ ਹਾਊਸ ਗੈਸਾਂ 'ਚ 40 ਫ਼ੀਸਦੀ ਵਾਧਾ ਹੋਇਆ।

ਅਮਰੀਕੀ ਊਰਜਾ ਵਿਭਾਗ ਦੇ ਅਨੁਸਾਰ 2021 ਦੇ ਸੋਕੇ ਨੇ ਸੰਯੁਕਤ ਰਾਜ 'ਚ ਪਣ ਬਿਜਲੀ ਉਤਪਾਦਨ ਨੂੰ ਵੀ ਪ੍ਰਭਾਵਿਤ ਕੀਤਾ, ਜਿੱਥੇ ਕੁੱਲ ਉਤਪਾਦਨ ਔਸਤ ਨਾਲੋਂ 16 ਪ੍ਰਤੀਸ਼ਤ ਘੱਟ ਸੀ। ਅਮਰੀਕਾ ਦੇ ਸਭ ਤੋਂ ਵੱਡੇ ਹਾਈਡ੍ਰੋ ਪਾਵਰ ਜੈਨਰੇਟਰਾਂ ਵਿਚੋਂ ਇਕ ਨੇਵਾਡਾ ਦੇ ਹੂਵਰ ਡੈਮ 'ਚ ਉਤਪਾਦਨ ਵਿਚ 25 ਫ਼ੀਸਦੀ ਦੀ ਗਿਰਾਵਟ ਆਈ

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :**
**www.punjabmailusa.com**




# ਅਮਰੀਕਾ 'ਚ ਸ਼ਰਨ ਮੰਗਣ ਵਾਲੇ ਭਾਰਤੀਆਂ ਦੀ ਗਿਣਤੀ 'ਚ 855% ਦਾ ਹੋਇਆ ਵਾਧਾ

**■ ਯੂ.ਐੱਸ. ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਓਰਿਟੀ ਦੇ ਅੰਕੜਿਆਂ 'ਚ ਹੋਈ ਪੁਸ਼ਟੀ**



**ਵਾਸ਼ਿੰਗਟਨ, (ਪੰਜਾਬ ਮੇਲ)-** ਬੀਤੇ ਤਿੰਨ ਸਾਲਾਂ 'ਚ ਅਮਰੀਕਾ 'ਚ ਸ਼ਰਨ ਮੰਗਣ ਵਾਲੇ ਭਾਰਤੀਆਂ ਦੀਆਂ ਅਰਜ਼ੀਆਂ 'ਚ 855% ਦਾ ਵਾਧਾ ਹੋਇਆ ਹੈ।

2023 ਵਿਚ ਭਾਰਤੀ ਰੱਖਿਆਤਮਕ ਸ਼ਰਨ ਲਈ ਅਰਜ਼ੀ ਦੇਣ ਵਾਲੇ ਪੰਜਵੇਂ-ਸਭ ਤੋਂ ਵੱਡੇ ਰਾਸ਼ਟਰੀਅਤਾ ਸਮੂਹ ਅਤੇ ਹਾਂ-ਪੱਖੀ ਸ਼ਰਨ ਲਈ ਸੱਤਵੇਂ-ਸਭ ਤੋਂ ਵੱਡੇ ਸਮੂਹ ਵਜੋਂ ਦਰਜਾਬੰਦੀ ਕਰਦੇ ਹਨ।

ਸੰਯੁਕਤ ਰਾਜ ਅਮਰੀਕਾ ਵਿਚ ਸ਼ਰਨ ਮੰਗਣ ਵਾਲੇ ਭਾਰਤੀਆਂ ਦੀ ਗਿਣਤੀ ਵਿਚ ਪਿਛਲੇ ਤਿੰਨ ਸਾਲਾਂ ਵਿਚ ਨਾਟਕੀ ਵਾਧਾ ਹੋਇਆ ਹੈ, ਜੋ ਘਰੇਲੂ ਚੁਣੌਤੀਆਂ ਦੇ ਵਿਚਕਾਰ ਅਮਰੀਕੀ ਸੁਪਨੇ ਦੀ ਸਥਾਈ ਅਪੀਲ ਨੂੰ ਦਰਸਾਉਂਦਾ ਹੈ।

ਯੂ.ਐੱਸ. ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਓਰਿਟੀ (ਡੀ.ਐੱਚ.ਐੱਸ.) ਦੇ ਅੰਕੜਿਆਂ ਵਿਚ ਇੱਕ ਮਹੱਤਵਪੂਰਨ ਵਾਧਾ ਦਰਸਾਉਂਦਾ ਹੈ, ਜਿਸ ਵਿਚ ਭਾਰਤੀ ਸ਼ਰਣ ਅਰਜ਼ੀਆਂ 2021 ਵਿੱਤੀ ਸਾਲ ਵਿਚ 4,330 ਤੋਂ ਵੱਧ ਕੇ ਵਿੱਤੀ ਸਾਲ 2023 ਵਿਚ 41,330 ਹੋ ਗਈਆਂ, ਤਕਰੀਬਨ 855 ਪ੍ਰਤੀਸ਼ਤ ਵਾਧਾ। ਭਾਰਤੀ ਅਧਿਕਾਰੀਆਂ ਨੇ ਦੱਸਿਆ ਕਿ ਇਨ੍ਹਾਂ ਵਿਚੋਂ ਅੱਧੇ ਬਿਨੈਕਾਰ ਗੁਜਰਾਤ ਤੋਂ ਆਉਂਦੇ ਹਨ।

ਅਕਤੂਬਰ ਵਿਚ ਪ੍ਰਕਾਸ਼ਿਤ ਡੀ.ਐੱਚ.ਐੱਸ. ਦੀ 2023 ਅਸਾਈਲੀਜ਼ ਦੀ ਸਾਲਾਨਾ ਪ੍ਰਵਾਹ ਰਿਪੋਰਟ ਨੇ ਪੁਸ਼ਟੀ ਕੀਤੀ ਹੈ ਕਿ ਸਿਰਫ਼ ਉਸੇ ਸਾਲ ਵਿਚ 5,340 ਭਾਰਤੀਆਂ ਨੂੰ ਸ਼ਰਣ ਦਿੱਤੀ ਗਈ ਸੀ। ਵਿੱਤੀ ਸਾਲ 2021 ਵਿਚ ਉੱਪਰ ਵੱਲ ਰੁਝਾਨ ਸ਼ੁਰੂ ਹੋਇਆ, ਜਿਸ ਵਿਚ 4,330 ਭਾਰਤੀ ਸ਼ਰਣ ਮੰਗਣ ਵਾਲਿਆਂ ਨੂੰ ਰਿਕਾਰਡ ਕੀਤਾ ਗਿਆ, ਜਿਸ ਵਿਚ ਯੂ.ਐੱਸ. ਸਿਟੀਜ਼ਨਸ਼ਿਪ ਅਤੇ ਇਮੀਗ੍ਰੇਸ਼ਨ ਸੇਵਾਵਾਂ ਨੂੰ ਜਮ੍ਹਾਂ ਕਰਵਾਈਆਂ ਗਈਆਂ 2,090 ਹਾਂ-ਪੱਖੀ ਅਰਜ਼ੀਆਂ ਅਤੇ 2,240 ਰੱਖਿਆਤਮਕ ਅਰਜ਼ੀਆਂ ਸ਼ਾਮਲ ਹਨ। ਅਗਲੇ ਸਾਲ, 5,370 ਹਾਂ-ਪੱਖੀ ਅਤੇ 9,200 ਰੱਖਿਆਤਮਕ ਫਾਈਲਿੰਗ ਦੇ ਨਾਲ ਅਰਜ਼ੀਆਂ ਲਗਭਗ ਤਿੰਨ ਗੁਣਾ ਹੋ ਕੇ 14,570 ਹੋ ਗਈਆਂ। ਵਿੱਤੀ ਸਾਲ 2023 ਤੱਕ, ਭਾਰਤੀ ਸ਼ਰਣ ਅਰਜ਼ੀਆਂ 41,330 ਦੇ ਨਵੇਂ ਸਿਖਰ 'ਤੇ ਪਹੁੰਚ ਗਈਆਂ ਸਨ, ਜੋ ਪਿਛਲੇ ਸਾਲ ਦੇ ਕੁੱਲ ਨਾਲੋਂ ਲਗਭਗ ਤਿੰਨ ਗੁਣਾ ਸੀ।

ਸ਼ਰਣ ਗ੍ਰਾਂਟਾਂ ਵੀ ਇਸੇ ਤਰ੍ਹਾਂ ਵਧੀਆਂ ਹਨ, ਵਿੱਤੀ ਸਾਲ 2021-700 ਵਿਚ 1,330 ਭਾਰਤੀਆਂ ਨੂੰ ਹਾਂ-ਪੱਖੀ ਅਰਜ਼ੀਆਂ ਰਾਹੀਂ ਅਤੇ 630 ਨੂੰ ਰੱਖਿਆਤਮਕ ਕਾਰਵਾਈਆਂ ਰਾਹੀਂ ਸ਼ਰਣ ਦਿੱਤੀ ਗਈ ਹੈ। ਇਹ ਅੰਕੜਾ ਵਿੱਤੀ ਸਾਲ 2022 ਵਿਚ ਤਿੰਨ ਗੁਣਾ ਤੋਂ ਵੱਧ ਕੇ 4,260 ਹੋ ਗਿਆ, ਜਿਸ ਵਿਚ 2,180 ਹਾਂ-ਪੱਖੀ ਅਤੇ 2,080 ਰੱਖਿਆਤਮਕ ਗ੍ਰਾਂਟਾਂ ਸ਼ਾਮਲ ਹਨ। ਵਿੱਤੀ ਸਾਲ 2023 ਵਿਚ, 5,340 ਭਾਰਤੀਆਂ ਨੇ ਸ਼ਰਣ ਪ੍ਰਾਪਤ ਕਰਨ ਦਾ ਰੁਝਾਨ ਜਾਰੀ ਰੱਖਿਆ, ਜਿਸ ਵਿਚ 2,710 ਹਾਂ-ਪੱਖੀ ਅਤੇ 2,630 ਰੱਖਿਆਤਮਕ ਕੇਸ ਸ਼ਾਮਲ ਹਨ, ਜਿਸ ਨਾਲ ਭਾਰਤ ਨੂੰ ਰੱਖਿਆਤਮਕ ਸ਼ਰਣ ਗ੍ਰਾਂਟਾਂ ਲਈ ਪੰਜਵੀਂ ਸਭ ਤੋਂ ਵੱਡੀ ਰਾਸ਼ਟਰੀਅਤਾ ਵਜੋਂ ਸਥਾਪਿਤ ਕੀਤਾ ਗਿਆ।

# ਟਰੰਪ ਦੀ ਵਾਪਸੀ ਤੋਂ ਪਹਿਲਾਂ ਭਾਰਤੀ ਵਿਦਿਆਰਥੀਆਂ ਲਈ ਐਡਵਾਇਜ਼ਰੀ ਜਾਰੀ

**ਵਾਸ਼ਿੰਗਟਨ, (ਪੰਜਾਬ ਮੇਲ)-** ਡੋਨਾਲਡ ਟਰੰਪ ਦੇ ਰਾਸ਼ਟਰਪਤੀ ਅਹੁਦੇ ਦੀ ਸਹੁੰ ਚੁੱਕਣ ਤੋਂ ਪਹਿਲਾਂ ਯੂਨੀਵਰਸਿਟੀਆਂ ਆਪਣੇ ਵਿਦਿਆਰਥੀਆਂ ਨੂੰ ਚਿਤਾਵਨੀ ਦੇ ਰਹੀਆਂ ਹਨ। ਯੂਨੀਵਰਸਿਟੀਆਂ ਭਾਰਤੀਆਂ ਸਮੇਤ ਵਿਦੇਸ਼ੀ ਵਿਦਿਆਰਥੀਆਂ ਨੂੰ 20 ਜਨਵਰੀ ਨੂੰ ਟਰੰਪ ਦੇ ਰਾਸ਼ਟਰਪਤੀ ਬਣਨ ਤੋਂ ਪਹਿਲਾਂ ਆਪਣੀਆਂ ਸਰਦੀਆਂ ਦੀਆਂ ਛੁੱਟੀਆਂ ਤੋਂ ਵਾਪਸ ਆਉਣ ਲਈ ਕਹਿ ਰਹੀਆਂ ਹਨ। ਵਿਦਿਆਰਥੀਆਂ ਨੂੰ ਜਾਰੀ ਕੀਤੀ ਗਈ ਐਡਵਾਈਜ਼ਰੀ 'ਚ ਕਿਹਾ ਗਿਆ ਹੈ ਕਿ ਸੰਭਾਵਿਤ ਯਾਤਰਾ ਪਾਬੰਦੀਆਂ ਅਤੇ ਐਂਟਰੀ ਪੁਆਇੰਟਾਂ 'ਤੇ ਵਧੀ ਹੋਈ ਜਾਂਚ ਤੋਂ ਬਚਣ ਲਈ ਅਜਿਹਾ ਕਿਹਾ ਜਾ ਰਿਹਾ ਹੈ। ਮੰਨਿਆ ਜਾ ਰਿਹਾ ਹੈ ਕਿ ਜਦੋਂ ਟਰੰਪ ਸੱਤਾ 'ਚ ਆਉਣਗੇ, ਤਾਂ ਲੋਕਾਂ ਦਾ ਅਮਰੀਕਾ ਜਾਣਾ ਮੁਸ਼ਕਲ ਹੋ ਜਾਵੇਗਾ।

ਵਿਦਿਆਰਥੀਆਂ ਨੇ ਕਿਹਾ ਕਿ ਯੂਨੀਵਰਸਿਟੀਆਂ ਦੇ ਅਧਿਕਾਰੀ ਚੋਣ ਮੁਹਿੰਮ ਦੌਰਾਨ ਟਰੰਪ ਦੀ ਉਸ ਧਮਕੀ ਤੋਂ ਪਰੇਸ਼ਾਨ ਹਨ, ਜਿਸ ਵਿਚ ਉਨ੍ਹਾਂ ਨੇ ਅਮਰੀਕੀ ਇਤਿਹਾਸ ਵਿਚ ਗੈਰ-ਕਾਨੂੰਨੀ ਪ੍ਰਵਾਸੀਆਂ ਦੇ ਸਭ ਤੋਂ ਵੱਡੇ ਪੱਧਰ 'ਤੇ ਦੇਸ਼ ਨਿਕਾਲੇ ਦੀ ਗੱਲ ਕਹੀ ਸੀ। ਹਾਲਾਂਕਿ ਵੈਧ ਵੀਜ਼ਾ ਵਾਲੇ ਭਾਰਤੀ ਵਿਦਿਆਰਥੀਆਂ 'ਤੇ ਇਸ ਦਾ ਕੋਈ ਅਸਰ ਹੋਣ ਦੀ ਸੰਭਾਵਨਾ ਨਹੀਂ ਹੈ, ਪਰ ਯੂਨੀਵਰਸਿਟੀ ਪ੍ਰਸ਼ਾਸਨ ਨੇ ਕਿਹਾ ਕਿ ਜ਼ੋਖਮ ਨਹੀਂ ਲੈਣਾ ਚਾਹੀਦਾ। ਜਾਣਕਾਰੀ ਮੁਤਾਬਕ ਇਸ ਸਮੇਂ 400,000 ਤੋਂ ਵੱਧ ਗੈਰ-ਦਸਤਾਵੇਜ਼ੀ ਵਿਦਿਆਰਥੀ ਅਮਰੀਕਾ ਦੀ ਉੱਚ ਸਿੱਖਿਆ ਵਿਚ ਦਾਖਲ ਹਨ।

ਇਹ ਚਿੰਤਾ ਉਦੋਂ ਵੀ ਦੇਖਣ ਨੂੰ ਮਿਲ ਰਹੀ ਹੈ, ਜਦੋਂ ਪਹਿਲੀ ਵਾਰ ਭਾਰਤੀ ਵਿਦਿਆਰਥੀਆਂ ਦਾ ਦਾਖਲਾ ਚੀਨ ਦੇ ਮੁਕਾਬਲੇ ਵੱਧ ਗਿਆ ਹੈ। 2023-24 ਵਿਚਕਾਰ 2.7 ਲੱਖ ਚੀਨੀ ਵਿਦਿਆਰਥੀਆਂ ਦੇ ਮੁਕਾਬਲੇ 3.3 ਲੱਖ ਭਾਰਤੀ ਵਿਦਿਆਰਥੀ ਅਮਰੀਕੀ ਯੂਨੀਵਰਸਿਟੀਆਂ ਵਿਚ ਪਹੁੰਚੇ।

ਕੁਝ ਸੰਸਥਾਵਾਂ ਨੇ ਟਰੰਪ ਦੀ ਵਾਪਸੀ ਤੋਂ ਪਹਿਲਾਂ ਆਪਣੇ ਅਕਾਦਮਿਕ ਕੈਲੰਡਰਾਂ ਨੂੰ ਐਡਜਸਟ ਕਰ ਲਿਆ ਹੈ। ਇਕ ਰਿਪੋਰਟ ਅਨੁਸਾਰ ਓਰੇਗਨ ਵਿਚ ਸਲੇਮ ਵਿਚ ਵਿਲਮੇਟ ਯੂਨੀਵਰਸਿਟੀ ਵਿਚ ਡੇਟਾ ਸਾਇੰਸ ਵਿਚ ਇੱਕ ਪੋਸਟ ਗ੍ਰੈਜੂਏਟ ਵਿਦਿਆਰਥੀ ਨੇ ਕਿਹਾ ਕਿ ਉਸ ਦੀਆਂ ਕਲਾਸਾਂ ਆਮ ਤੌਰ 'ਤੇ ਸਾਲ ਦੇ ਪਹਿਲੇ ਹਫ਼ਤੇ ਤੋਂ ਬਾਅਦ ਸ਼ੁਰੂ ਹੁੰਦੀਆਂ ਹਨ। ਹਾਲਾਂਕਿ ਇਸ ਵਾਰ ਅਕਾਦਮਿਕ ਪ੍ਰੋਗਰਾਮ 2 ਜਨਵਰੀ ਤੋਂ ਸ਼ੁਰੂ ਹੋ ਰਿਹਾ ਹੈ। ਵਿਦਿਆਰਥੀ ਨੇ ਕਿਹਾ, 'ਸਾਡੇ ਪ੍ਰੋਫੈਸਰਾਂ ਮੁਤਾਬਕ ਜਨਵਰੀ ਦੇ ਪਹਿਲੇ ਹਫ਼ਤੇ ਤੋਂ ਬਾਅਦ ਆਉਣਾ ਜ਼ੋਖਮ ਭਰਿਆ ਹੋ ਸਕਦਾ ਹੈ।' ਯੇਲ ਯੂਨੀਵਰਸਿਟੀ ਨੇ ਵਿਦਿਆਰਥੀਆਂ ਦੇ ਸ਼ੰਕਿਆਂ ਨੂੰ ਦੂਰ ਕਰਨ ਲਈ ਇੱਕ ਵੱਖਰਾ ਸੈਸ਼ਨ ਵੀ ਆਯੋਜਿਤ ਕੀਤਾ। ਮਾਈਕ੍ਰੋਬਾਇਲ ਪੈਥੋਜੈਨੀਸਿਟੀ ਦੇ 22 ਸਾਲਾ ਗ੍ਰੈਜੂਏਟ ਵਿਦਿਆਰਥੀ ਨੇ ਕਿਹਾ, 'ਇਹ ਸਿਰਫ ਹਵਾਈ ਅੱਡਿਆਂ 'ਤੇ ਜਾਂ ਫਲਾਈਟ ਬੁਕਿੰਗ ਦੇ ਮਾਮਲੇ ਵਿਚ ਕਿਸੇ ਵੀ ਸੰਭਾਵੀ ਸਮੱਸਿਆ ਤੋਂ ਬਚਣ ਲਈ ਸੀ।'

# ਯੂ.ਐੱਸ. ਜੱਜ ਨੇ ਪ੍ਰਵਾਸੀ ਜੀਵਨ ਸਾਥੀ ਲਈ ਬਾਇਡਨ ਦੇ ਕਾਨੂੰਨੀਕਰਣ ਪ੍ਰੋਗਰਾਮ ਦੇ ਵਿਰੁੱਧ ਦਿੱਤਾ ਨਿਯਮ



**ਵਾਸ਼ਿੰਗਟਨ (ਪੰਜਾਬ ਮੇਲ)-** ਟੈਕਸਾਸ ਵਿਚ ਇੱਕ ਯੂ.ਐੱਸ. ਜੱਜ ਨੇ ਰਾਸ਼ਟਰਪਤੀ ਜੋਅ ਬਾਇਡਨ ਦੇ ਪ੍ਰੋਗਰਾਮ ਦੇ ਵਿਰੁੱਧ ਫੈਸਲਾ ਸੁਣਾਇਆ, ਜਿਸ ਵਿਚ ਅਮਰੀਕੀ ਨਾਗਰਿਕਾਂ ਦੇ ਕੁਝ ਪ੍ਰਵਾਸੀ ਜੀਵਨ ਸਾਥੀਆਂ ਲਈ ਨਾਗਰਿਕਤਾ ਦਾ ਰਸਤਾ ਪੇਸ਼ ਕੀਤਾ ਗਿਆ ਸੀ, ਇੱਕ ਅਜਿਹਾ ਝਟਕਾ ਜੋਅ ਬਾਇਡਨ ਦੇ ਦਫਤਰ ਵਿਚ ਆਖਰੀ ਮਹੀਨਿਆਂ ਤੱਕ ਪ੍ਰੋਗਰਾਮ ਨੂੰ ਰੋਕ ਸਕਦਾ ਹੈ।

ਯੂ.ਐੱਸ. ਦੇ ਜ਼ਿਲ੍ਹਾ ਜੱਜ ਜੇ. ਕੈਂਪਬੈਲ ਬਾਰਕਰ ਨੇ ਪ੍ਰੋਗਰਾਮ ਲੱਭਿਆ, ਜੋ ਲਗਭਗ 500,000 ਪ੍ਰਵਾਸੀਆਂ ਨੂੰ ਨਾਗਰਿਕਤਾ ਦੇਣ ਦਾ ਰਸਤਾ ਪ੍ਰਦਾਨ ਕਰਦਾ ਹੈ, ਜੋ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਦਾਖਲ ਹੋਏ ਹਨ, ਜੇਕਰ ਉਹ ਅਮਰੀਕੀ ਨਾਗਰਿਕਾਂ ਨਾਲ ਵਿਆਹੇ ਹੋਏ ਹਨ, ਬਾਇਡਨ ਦੇ ਕਾਰਜਕਾਰੀ ਅਧਿਕਾਰ ਨੂੰ ਪਾਰ ਕਰਦੇ ਹਨ।

ਇਹ ਪਹਿਲਕਦਮੀ, ਜਿਸ ਨੂੰ ਪਰਿਵਾਰਾਂ ਨੂੰ ਇਕੱਠੇ ਰੱਖਣਾ ਕਿਹਾ ਜਾਂਦਾ ਹੈ, ਅਗਸਤ ਵਿਚ ਸ਼ੁਰੂ ਕੀਤਾ ਗਿਆ ਸੀ, ਪਰ ਬਾਰਕਰ ਦੁਆਰਾ ਕੁਝ ਦਿਨਾਂ ਬਾਅਦ ਇਸਨੂੰ ਫ੍ਰੀਜ਼ ਕਰ ਦਿੱਤਾ ਸੀ, ਜਦੋਂ ਕਿ ਉਸਨੇ ਟੈਕਸਾਸ ਅਤੇ ਰਿਪਬਲਿਕਨ ਅਟਾਰਨੀ ਜਨਰਲ ਦੇ ਨਾਲ ਯੂ.ਐੱਸ. ਰਾਜਾਂ ਦੇ ਗੱਠਜੋੜ ਦੁਆਰਾ ਲਿਆਂਦੀ ਇੱਕ ਕਾਨੂੰਨੀ ਚੁਣੌਤੀ ਨੂੰ ਮੰਨਿਆ ਸੀ। ਬਾਇਡਨ ਨੇ ਰਾਸ਼ਟਰਪਤੀ ਦੀ ਦੌੜ ਤੋਂ ਬਾਹਰ ਹੋਣ ਤੋਂ ਪਹਿਲਾਂ ਅਤੇ ਉਪ ਰਾਸ਼ਟਰਪਤੀ ਕਮਲਾ ਹੈਰਿਸ ਲਈ ਰਿਪਬਲਿਕਨ ਡੋਨਾਲਡ ਟਰੰਪ, ਇੱਕ ਇਮੀਗ੍ਰੇਸ਼ਨ ਕੱਟੜਪੰਥੀ ਦਾ ਸਾਹਮਣਾ ਕਰਨ ਲਈ ਰਾਹ ਪੱਧਰਾ ਕਰਨ ਤੋਂ ਪਹਿਲਾਂ ਜੂਨ ਵਿਚ ਪ੍ਰੋਗਰਾਮ ਦੀ ਘੋਸ਼ਣਾ ਕੀਤੀ ਸੀ। ਟਰੰਪ ਨੇ ਹੈਰਿਸ ਨੂੰ ਹਰਾਇਆ ਅਤੇ ਇੱਕ ਵਿਆਪਕ ਇਮੀਗ੍ਰੇਸ਼ਨ ਕਰੈਕਡਾਊਨ ਦੀ ਸ਼ੁਰੂਆਤ ਕਰਨ ਦੀ ਉਮੀਦ ਕੀਤੀ ਜਾਂਦੀ ਹੈ, ਜਿਸ ਵਿਚ ਸੰਭਾਵਤ ਤੌਰ 'ਤੇ ਪ੍ਰਵਾਸੀ ਜੀਵਨ ਸਾਥੀ ਲਈ ਬਾਇਡਨ ਦੀ ਪਹਿਲਕਦਮੀ ਨੂੰ ਵਾਪਸ ਲੈਣਾ ਸ਼ਾਮਲ ਹੋਵੇਗਾ, ਜਿਸ ਨੂੰ ਟਰੰਪ ਦੀ ਮੁਹਿੰਮ ਨੇ "ਮਾਸ ਐਮਨੈਸਟੀ" ਕਿਹਾ, ਜੋ ਗੈਰ ਕਾਨੂੰਨੀ ਇਮੀਗ੍ਰੇਸ਼ਨ ਨੂੰ ਉਤਸ਼ਾਹਤ ਕਰੇਗੀ।




# ਕੈਨੇਡਾ ਤੋਂ ਅਮਰੀਕਾ ਸਮਗਲਿੰਗ ਕਰ ਰਹੇ 2 ਪੰਜਾਬੀ 300 ਕਰੋੜ ਤੋਂ ਵਧੇਰੇ ਦੀ ਕੋਕੀਨ ਸਮੇਤ ਗ੍ਰਿਫ਼ਤਾਰ

**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)-** ਇਲੀਨੋਇਸ ਸਟੇਟ ਪੁਲਿਸ ਨੇ ਬੀਤੇ ਦਿਨੀਂ ਆਇਓਵਾ ਸਟੇਟ ਲਾਈਨ ਦੇ ਨੇੜੇ ਇੱਕ ਸੈਮੀ-ਟ੍ਰੇਲਰ ਟਰੱਕ ਤੋਂ 40 ਮਿਲੀਅਨ ਡਾਲਰ ਤੋਂ ਵੱਧ ਦੀ ਕੋਕੀਨ ਜ਼ਬਤ ਕੀਤੀ ਹੈ। ਇਸ ਦੌਰਾਨ ਕੈਨੇਡੀਅਨ ਪੁਲਿਸ ਨੇ ਦੋ ਲੋਕਾਂ ਨੂੰ ਇਨ੍ਹਾਂ ਨਸ਼ੀਲੇ ਪਦਾਰਥਾਂ ਨਾਲ ਗ੍ਰਿਫਤਾਰ ਕੀਤਾ ਹੈ।



ਪੁਲਿਸ ਨੇ ਦੱਸਿਆ ਕਿ ਦੁਪਹਿਰ ਕਰੀਬ 2:10 ਵਜੇ, ਹੈਨਰੀ ਕਾਊਂਟੀ ਵਿਚ ਇੰਟਰਸਟੇਟ 80 ’ਤੇ ਇੱਕ ਵੋਲਵੋ ਸੈਮੀ-ਟ੍ਰੇਲਰ ’ਤੇ ਇੱਕ ਸਿਪਾਹੀ ਨੇ ਵਾਹਨ ਦੀ ਜਾਂਚ ਕੀਤੀ। ਤਲਾਸ਼ੀ ਦੌਰਾਨ ਦੌਰਾਨ, ਜਵਾਨ ਨੇ ‘ਅਪਰਾਧਿਕ ਗਤੀਵਿਧੀ ਦੇ ਬਹੁਤ ਸਾਰੇ ਸੰਕੇਤ’ ਦੇਖੇ ਅਤੇ ਟਰੱਕ ਦੀ ਤਲਾਸ਼ੀ ਲੈਣ ’ਤੇ 1,146 ਪੌਂਡ ਕੋਕੀਨ ਦਾ ਖੁਲਾਸਾ ਹੋਇਆ, ਜਿਸਦੀ ਕੀਮਤ 40 ਮਿਲੀਅਨ ਡਾਲਰ ਤੋਂ ਵੱਧ ਹੈ।

ਇਸ ਦੌਰਾਨ ਪੁਲਿਸ ਨੇ 27 ਸਾਲਾ ਵੰਸ਼ਪ੍ਰੀਤ ਸਿੰਘ ਅਤੇ 36 ਸਾਲਾ ਮਨਪ੍ਰੀਤ ਸਿੰਘ ਦੋਵਾਂ ਨੂੰ ਗ੍ਰਿਫਤਾਰ ਕੀਤਾ। ਉਨ੍ਹਾਂ ’ਤੇ ਕੋਕੀਨ ਰੱਖਣ, ਕੈਨੇਡਾ ਦੇ ਓਨਟਾਰੀਓ ਤੋਂ ਅਮਰੀਕਾ ਕੋਕੀਨ ਪਹੁੰਚਾਉਣ ਤੇ ਕੋਕੀਨ ਦੀ ਤਸਕਰੀ ਦੇ ਸੰਗੀਨ ਦੋਸ਼ ਲਗਾਏ ਗਏ ਹਨ। ਇਲੀਨੋਇਸ ਸਟੇਟ ਪੁਲਿਸ ਦੇ ਡਾਇਰੈਕਟਰ ਬ੍ਰੈਂਡਨ ਕੈਲੀ ਨੇ ਇੱਕ ਬਿਆਨ ਵਿਚ ਕਿਹਾ ਕਿ ਤਸਕਰੀ ’ਤੇ ਆਈ.ਐੱਸ.ਪੀ. ਦਾ ਤਾਲਮੇਲ ਫੋਕਸ ਖਤਰਨਾਕ ਨਸ਼ਿਆਂ ਨੂੰ ਸਾਡੇ ਭਾਈਚਾਰਿਆਂ ਤੋਂ ਬਾਹਰ ਰੱਖਣ ’ਚ ਮਦਦ ਕਰ ਰਿਹਾ ਹੈ। ਵੰਸ਼ਪ੍ਰੀਤ ਸਿੰਘ ਅਤੇ ਮਨਪ੍ਰੀਤ ਸਿੰਘ ਨੂੰ ਹੈਨਰੀ ਕਾਉਂਟੀ ਜੇਲ੍ਹ ਵਿਚ ਉਨ੍ਹਾਂ ਦੀ ਪਹਿਲੀ ਅਦਾਲਤ ਵਿਚ ਪੇਸ਼ੀ ਦੀ ਉਡੀਕ ਵਿੱਚ ਰੱਖਿਆ ਗਿਆ ਹੈ।

## ਕੈਨੇਡਾ-ਅਮਰੀਕਾ ਸਰਹੱਦ ’ਤੇ ਸਖ਼ਤ ਕੰਟਰੋਲ ਲਗਾਏਗਾ ਕੈਨੇਡਾ

**ਵਾਸ਼ਿੰਗਟਨ, (ਪੰਜਾਬ ਮੇਲ)-** ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਅਮਰੀਕਾ ਦੇ ਚੁਣੇ ਹੋਏ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਵਾਅਦਾ ਕੀਤਾ ਹੈ ਕਿ ਕੈਨੇਡਾ ਆਪਣੀ ਅਤੇ ਅਮਰੀਕਾ ਦੀ ਲੰਬੀ, ਅਣ-ਰੱਖਿਅਤ ਸਾਂਝੀ ਸਰਹੱਦ ’ਤੇ ਸਖ਼ਤ ਕੰਟਰੋਲ ਲਗਾਏਗਾ। ਕੈਨੇਡਾ ਦੇ ਇਕ ਸੀਨੀਅਰ ਅਧਿਕਾਰੀ ਨੇ ਐਤਵਾਰ ਨੂੰ ਇਹ ਜਾਣਕਾਰੀ ਦਿੱਤੀ। ਟਰੂਡੋ ਸ਼ੁੱਕਰਵਾਰ ਨੂੰ ਟਰੰਪ ਨੂੰ ਮਿਲਣ ਲਈ ਫਲੋਰੀਡਾ ਗਏ ਸਨ। ਦਰਅਸਲ, ਇਸ ਤੋਂ ਪਹਿਲਾਂ ਟਰੰਪ ਨੇ ਧਮਕੀ ਦਿੱਤੀ ਸੀ ਕਿ ਜੇਕਰ ਓਟਾਵਾ ਨੇ ਆਪਣੀ ਸਰਹੱਦ ਤੋਂ ਪ੍ਰਵਾਸੀਆਂ ਅਤੇ ਨਸ਼ਿਆਂ ਦੀ ਆਵਾਜਾਈ ਨੂੰ ਨਾ ਰੋਕਿਆ, ਤਾਂ ਉਹ ਕੈਨੇਡਾ ਤੋਂ ਆਉਣ ਵਾਲੇ ਸਮਾਨ ’ਤੇ ਭਾਰੀ ਟੈਰਿਫ ਲਗਾ ਦੇਣਗੇ। ਕੈਨੇਡਾ ਆਪਣੀਆਂ ਕੁੱਲ ਵਸਤਾਂ ਅਤੇ ਸੇਵਾਵਾਂ ਦਾ 75% ਅਮਰੀਕਾ ਨੂੰ ਨਿਰਯਾਤ ਕਰਦਾ ਹੈ।

# ਟਰੰਪ ਵੱਲੋਂ ਬ੍ਰਿਕਸ ਦੇਸ਼ਾਂ ਨੂੰ 100% ਟੈਰਿਫ ਦੀ ਧਮਕੀ

- ਭਾਰਤ ਵੀ ਬ੍ਰਿਕਸ ਵਿਚ ਸ਼ਾਮਲ
- ਟਰੰਪ ਦੇ ਸੁਰੱਖਿਆਵਾਦੀ ਏਜੰਡੇ ਦੇ ਮੱਦੇਨਜ਼ਰ ਕਈ ਦੇਸ਼ਾਂ ਵਿਚ ਹਲਚਲ ਮਚੀ



**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਨਵੇਂ ਚੁਣੇ ਗਏ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬ੍ਰਿਕਸ ਦੇਸ਼ਾਂ ਨੂੰ ਧਮਕੀ ਦਿੱਤੀ ਹੈ ਕਿ ਜੇਕਰ ਉਨ੍ਹਾਂ ਨੇ ਅਮਰੀਕੀ ਡਾਲਰ ਨੂੰ ਕਮਜ਼ੋਰ ਕਰਨ ਵਾਲਾ ਰੁਖ ਅਪਣਾਇਆ ਤਾਂ ਉਨ੍ਹਾਂ ’ਤੇ 100 ਫੀਸਦੀ ਟੈਰਿਫ ਲਗਾਇਆ ਜਾਵੇਗਾ। ਭਾਰਤ ਵੀ ਬ੍ਰਿਕਸ ਵਿਚ ਸ਼ਾਮਲ ਹੈ।

ਬ੍ਰਿਕਸ, ਬ੍ਰਾਜ਼ੀਲ, ਰੂਸ, ਭਾਰਤ, ਚੀਨ, ਦੱਖਣੀ ਅਫਰੀਕਾ ਅਤੇ ਹੋਰ ਦੇਸ਼ਾਂ ਦੇ ਸਮੂਹ ਦਾ ਹਵਾਲਾ ਦਿੰਦੇ ਹੋਏ, ਟਰੰਪ ਨੇ ਆਪਣੀ ‘ਟਰੁੱਥ’ ਸੋਸ਼ਲ ਵੈਬਸਾਈਟ ’ਤੇ ਲਿਖਿਆ ਕਿ ਸਾਨੂੰ ਵਚਨਬੱਧਤਾ ਦੀ ਲੋੜ ਹੈ... ਉਹ ਨਾ ਤਾਂ ਨਵੀਂ ਬ੍ਰਿਕਸ ਮੁਦਰਾ ਬਣਾਉਣਗੇ ਅਤੇ ਨਾ ਹੀ ਸ਼ਕਤੀਸ਼ਾਲੀ ਅਮਰੀਕੀ ਦਾ ਸਮਰਥਨ ਕਰਨਗੇ।

ਟਰੰਪ ਦਾ ਇਹ ਬਿਆਨ ਪਿਛਲੇ ਮਹੀਨੇ ਰੂਸ ਦੇ ਕਜ਼ਾਨ ਸ਼ਹਿਰ ਵਿਚ ਹੋਏ ਬ੍ਰਿਕਸ ਸੰਮੇਲਨ ਤੋਂ ਬਾਅਦ ਆਇਆ ਹੈ। ਉੱਥੇ ਬ੍ਰਿਕਸ ਦੇਸ਼ਾਂ ਨੇ ਬਿਨਾਂ ਡਾਲਰ ਦੇ ਲੈਣ-ਦੇਣ ਵਧਾਉਣ ਅਤੇ ਸਥਾਨਕ ਮੁਦਰਾਵਾਂ ਨੂੰ ਮਜ਼ਬੂਤ ਕਰਨ ’ਤੇ ਚਰਚਾ ਕੀਤੀ ਸੀ। 2009 ਵਿਚ ਇਸਦੀ ਸਥਾਪਨਾ ਤੋਂ ਬਾਅਦ ਬ੍ਰਿਕਸ ਸਮੂਹ ਦਾ ਕਾਫ਼ੀ ਵਿਸਤਾਰ ਹੋਇਆ ਹੈ। ਹੁਣ ਇਸ ਵਿਚ ਈਰਾਨ, ਮਿਸਰ ਅਤੇ ਸੰਯੁਕਤ ਅਰਬ ਅਮੀਰਾਤ ਵਰਗੇ ਦੇਸ਼ ਵੀ ਸ਼ਾਮਲ ਹਨ। ਕੁੱਲ ਮਿਲਾ ਕੇ, ਬ੍ਰਿਕਸ ਗਠਜੋੜ ਹੁਣ ਵਿਸ਼ਵ ਦੇ ਆਰਥਿਕ ਉਤਪਾਦਨ ਦਾ ਇੱਕ ਮਹੱਤਵਪੂਰਨ ਹਿੱਸਾ ਬਣ ਗਿਆ ਹੈ। ਅਕਤੂਬਰ ਵਿਚ ਕਜ਼ਾਨ ਸੰਮੇਲਨ ਵਿਚ, ਬ੍ਰਿਕਸ ਦੇਸ਼ਾਂ ਵਿਚ ਮਜ਼ਬੂਤ ਬੈਂਕਿੰਗ ਨੈੱਟਵਰਕ ਬਣਾਉਣ ਅਤੇ ਸਥਾਨਕ ਮੁਦਰਾਵਾਂ ਵਿਚ ਲੈਣ-ਦੇਣ ਨੂੰ ਸਮਰੱਥ ਬਣਾਉਣ ਲਈ ਸਹਿਮਤੀ ਬਣੀ ਸੀ। ਹਾਲਾਂਕਿ, ਪੁਤਿਨ ਨੇ ਕਾਨਫਰੰਸ ਦੇ ਅੰਤ ’ਤੇ ਸੰਕੇਤ ਦਿੱਤਾ ਕਿ ਬੈਲਜੀਅਮ ਦੀ ਸਵਿਫਟ ਵਿੱਤੀ ਸੰਦੇਸ਼ ਪ੍ਰਣਾਲੀ ਦਾ ਵਿਕਲਪ ਬਣਾਉਣ ’ਤੇ ਬਹੁਤ ਘੱਟ ਤਰੱਕੀ ਕੀਤੀ ਗਈ ਹੈ। ਪੁਤਿਨ ਨੇ ਪੱਤਰਕਾਰਾਂ ਨੂੰ ਕਿਹਾ ਸੀ ਕਿ ਅਸੀਂ ਸਵਿਫਟ ਜਾਂ ਕੋਈ ਹੋਰ ਵਿਕਲਪ ਲਈ ਕੋਈ ਨਵਾਂ ਵਿਕਲਪ ਨਹੀਂ ਬਣਾਇਆ ਹੈ ਅਤੇ ਨਾ ਹੀ ਬਣਾ ਰਹੇ ਹਾਂ। ਜਿੱਥੋਂ ਤੱਕ ਇੱਕ ਏਕੀਕ੍ਰਿਤ ਬ੍ਰਿਕਸ ਮੁਦਰਾ ਦਾ ਸਬੰਧ ਹੈ, ਅਸੀਂ ਫਿਲਹਾਲ ਇਸ ’ਤੇ ਵਿਚਾਰ ਨਹੀਂ ਕਰ ਰਹੇ ਹਾਂ।

# ਮਹਿੰਗਾਈ ਜਾਂ ਇਮੀਗ੍ਰੇਸ਼ਨ: ਟਰੰਪ ਨੂੰ ਕਿਸ ਮੁੱਦੇ ਦੇ ਹੱਲ ਨੂੰ ਦੇਣੀ ਚਾਹੀਦੀ ਹੈ ਪਹਿਲ

- ਸਰਵੇਖਣ ’ਚ ਅਮਰੀਕੀਆਂ ਦੀ ਰਾਏ ਲਈ ਗਈ

**ਵਾਸ਼ਿੰਗਟਨ, (ਪੰਜਾਬ ਮੇਲ)-** ਟਰੰਪ 20 ਜਨਵਰੀ ਨੂੰ ਅਹੁਦੇ ਦੀ ਸਹੁੰ ਚੁੱਕਣ ਵਾਲੇ ਹਨ। ਸਰਵੇਖਣ ਅਨੁਸਾਰ, 35% ਉੱਤਰਦਾਤਾਵਾਂ ਦਾ ਮੰਨਣਾ ਹੈ ਕਿ ਟਰੰਪ ਨੂੰ ਪਹਿਲਾਂ ਮਹਿੰਗਾਈ ’ਤੇ ਧਿਆਨ ਦੇਣਾ ਚਾਹੀਦਾ ਹੈ।

ਅਮਰੀਕਾ ਦੇ ਰਾਸ਼ਟਰਪਤੀ ਬਣਨ ਤੋਂ ਬਾਅਦ ਡੋਨਾਲਡ ਟਰੰਪ ਨੂੰ ਆਪਣੇ ਪਹਿਲੇ 100 ਦਿਨਾਂ ਵਿਚ ਕਿਸ ਮੁੱਦੇ ਨੂੰ ਹੱਲ ਕਰਨ ਨੂੰ ਪਹਿਲ ਦੇਣੀ ਚਾਹੀਦੀ ਹੈ, ਇਸ ਬਾਰੇ ਇੱਕ ਸਰਵੇਖਣ ਵਿਚ ਅਮਰੀਕੀਆਂ ਦੀ ਰਾਏ ਲਈ ਗਈ ਹੈ। ਸਰਵੇਖਣ ਨੇ ਲੋਕਾਂ ਦੇ ਹਵਾਲੇ ਨਾਲ ਕਿਹਾ ਕਿ ਮਹਿੰਗਾਈ ਇੱਕ ਵੱਡਾ ਮੁੱਦਾ ਹੈ, ਜਿਸ ਨਾਲ ਟਰੰਪ ਨੂੰ ਪਹਿਲਾਂ ਨਜਿੱਠਣਾ ਚਾਹੀਦਾ ਹੈ। ਇਸ ਤੋਂ ਬਾਅਦ ਇਮੀਗ੍ਰੇਸ਼ਨ ਦਾ ਮਸਲਾ ਹੱਲ ਹੋਣਾ ਚਾਹੀਦਾ ਹੈ।

ਤਿੰਨ ਦਿਨਾਂ ਤੱਕ ਲੋਕਾਂ ਦੀ ਰਾਏ ਲੈਣ ਤੋਂ ਬਾਅਦ ਤਿਆਰ ਕੀਤੇ ਗਏ ਇਸ ਸਰਵੇਖਣ ਮੁਤਾਬਕ 35 ਫੀਸਦੀ ਲੋਕਾਂ ਦਾ ਮੰਨਣਾ ਹੈ ਕਿ ਟਰੰਪ ਨੂੰ ਪਹਿਲਾਂ ਮਹਿੰਗਾਈ ’ਤੇ ਧਿਆਨ ਦੇਣਾ ਚਾਹੀਦਾ ਹੈ। ਲਗਭਗ 30% ਲੋਕਾਂ ਨੇ ਇਮੀਗ੍ਰੇਸ਼ਨ ਅਤੇ 27% ਨੇ ਨੌਕਰੀਆਂ ਅਤੇ ਆਮ ਆਰਥਿਕਤਾ ’ਤੇ ਧਿਆਨ ਦੇਣ ਦੀ ਸਲਾਹ ਦਿੱਤੀ। ਬਾਕੀ 23 ਫੀਸਦੀ ਲੋਕਾਂ ਨੇ ਕਿਹਾ ਕਿ 20 ਜਨਵਰੀ ਨੂੰ ਰਾਸ਼ਟਰਪਤੀ ਅਹੁਦੇ ਦੀ ਸਹੁੰ ਚੁੱਕਣ ਵਾਲੇ ਟਰੰਪ ਨੂੰ ਪਹਿਲਾਂ ਦੇਸ਼ ਨੂੰ ਇਕਜੁੱਟ ਕਰਨ ’ਤੇ ਧਿਆਨ ਦੇਣਾ ਚਾਹੀਦਾ ਹੈ। ਕੁਝ ਲੋਕਾਂ ਨੇ ਇਹ ਵੀ ਕਿਹਾ ਕਿ ਟਰੰਪ ਨੂੰ ਟੈਕਸ, ਅਪਰਾਧ ਅਤੇ ਵਿਦੇਸ਼ੀ ਸੰਘਰਸ਼ਾਂ ’ਤੇ ਧਿਆਨ ਦੇਣਾ ਚਾਹੀਦਾ ਹੈ। ਇਸ ਸਰਵੇਖਣ ਦੌਰਾਨ ਦੇਸ਼ ਭਰ ਦੇ 1,014 ਅਮਰੀਕੀ ਬਾਲਗਾਂ ਦੀ ਰਾਏ ਲਈ ਗਈ।



# ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਕੱਢਣ ਲਈ ਫ਼ੌਜ ਦੀ ਵਰਤੋਂ ਕਰਨਾ ਅਣਉੱਚਿਤ

**ਵਾਸ਼ਿੰਗਟਨ, (ਪੰਜਾਬ ਮੇਲ)-** ਰਿਪਬਲੀਕਨ ਸੈਨੇਟ ਮੈਂਬਰ ਰੈਂਡ ਪਾਲ ਨੇ ਰਾਸ਼ਟਰਪਤੀ ਚੁਣੇ ਗਏ ਡੌਨਾਲਡ ਟਰੰਪ ਦੀ ਪ੍ਰਵਾਸੀਆਂ ਨੂੰ ਦੇਸ਼ ਵਿਚੋਂ ਕੱਢਣ ਲਈ ਫ਼ੌਜ ਦੀ ਵਰਤੋਂ ਕਰਨ ਦੀ ਯੋਜਨਾ ਦਾ ਵਿਰੋਧ ਕਰਦਿਆਂ ਕਿਹਾ ਹੈ ਕਿ ਅਜਿਹਾ ਕਰਨਾ ਅਣਉੱਚਿਤ ਹੋਵੇਗਾ। ਪਿਛਲੇ ਹਫ਼ਤੇ ਟਰੰਪ ਵਲੋਂ ਗ਼ੈਰ-ਕਾਨੂੰਨੀ ਪ੍ਰਵਾਸੀਆਂ ਦੇ ਦੇਸ਼ ਨਿਕਾਲੇ ਲਈ ਫ਼ੌਜ ਦੀ ਵਰਤੋਂ ਕਰਨ ਦਾ ਸੰਕੇਤ ਦੇਣ 'ਤੇ ਪ੍ਰਤੀਕਰਮ ਪ੍ਰਗਟ ਕਰਦਿਆਂ ਰੈਂਡ ਪਾਲ ਨੇ ਕਿਹਾ ਕਿ ਤੁਸੀਂ ਇਸ ਕੰਮ ਲਈ ਫ਼ੌਜ ਦੀ ਵਰਤੋਂ ਨਹੀਂ ਕਰ ਸਕਦੇ, ਕਿਉਂਕਿ ਇਹ ਗ਼ੈਰ-ਕਾਨੂੰਨੀ ਹੈ। ਪਾਲ ਇਕ ਪ੍ਰੋਗਰਾਮ ਵਿਚ ਗੱਲਬਾਤ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਜੇਕਰ ਤੁਸੀਂ ਨਿਊਯਾਰਕ ਵਿਚ ਸੈਮੀ- ਆਟੋਮੈਟਿਕ ਹਥਿਆਰਾਂ ਨਾਲ ਲੈਸ ਫ਼ੌਜ ਭੇਜੋਗੇ, ਤਾਂ ਮੇਰਾ ਵਿਚਾਰ ਹੈ ਕਿ ਇਹ ਦ੍ਰਿਸ਼ ਬਹੁਤ ਖੌਫ਼ਨਾਕ ਹੋਵੇਗਾ, ਮੈਂ ਇਸ ਦਾ ਵਿਰੋਧ ਕਰਾਂਗਾ। ਬੀਤੇ ਸਮੇਂ ਦੌਰਾਨ ਆਪਣੀ



ਪਾਰਟੀ ਵਿਚ ਇਸ ਸਬੰਧੀ ਵਿਚਾਰ-ਵਟਾਂਦਰੇ ਸਮੇਂ ਪਾਲ ਨੇ ਅਪਰਾਧਿਕ ਰਿਕਾਰਡ ਵਾਲੇ ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਅਮਰੀਕਾ ਵਿਚੋਂ ਕੱਢਣ ਦਾ ਸਮਰਥਨ ਕੀਤਾ ਸੀ, ਪ੍ਰੰਤੂ ਉਨ੍ਹਾਂ ਕਿਹਾ ਸੀ ਕਿ ਲਾਅ ਐਨਫੋਰਸਮੈਂਟ ਏਜੰਸੀਆਂ ਇਹ ਕੰਮ ਵਧੀਆ ਢੰਗ ਨਾਲ ਕਰ ਸਕਦੀਆਂ ਹਨ, ਜਦਕਿ ਫ਼ੌਜ ਨੂੰ ਇਹ ਕੰਮ ਸੌਂਪਣ ਨਾਲ ਬੇਭਰੋਸਗੀ ਪੈਦਾ ਹੋਵੇਗੀ। ਇਹ ਪੁੱਛੇ ਜਾਣ 'ਤੇ ਕਿ ਕੀ ਉਹ ਟਰੰਪ ਵਲੋਂ ਹੋਮਲੈਂਡ ਸਕਿਓਰਿਟੀ ਵਿਭਾਗ ਲਈ ਨਾਮਜ਼ਦ ਕੀਤੇ ਗਏ ਦੱਖਣੀ ਡਕੋਟਾ ਦੇ ਗਵਰਨਰ ਕ੍ਰਿਸਟੀ ਨੋਏਮ ਦੀ ਸੈਨੇਟ ਦੁਆਰਾ ਪੁਸ਼ਟੀ ਸਮੇਂ ਆਪਣੀ ਵੋਟ ਦੇ ਅਧਿਕਾਰ ਦੀ ਵਰਤੋਂ ਕਰਨਗੇ, ਤਾਂ ਉਨ੍ਹਾਂ ਕਿਹਾ ਕਿ ਮੈਂ ਸਮਰਥਨ ਨਹੀਂ ਕਰਾਂਗਾ, ਮੈਂ ਸਾਡੇ ਸ਼ਹਿਰਾਂ ਵਿਚ ਫ਼ੌਜ ਦੀ ਵਰਤੋਂ ਕਰਨ ਦੇ ਹੱਕ ਵਿਚ ਵੋਟ ਨਹੀਂ ਪਾਵਾਂਗਾ।

ਇਥੇ ਜ਼ਿਕਰਯੋਗ ਹੈ ਕਿ ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਅਮਰੀਕਾ ਵਿਚੋਂ ਕੱਢਣਾ ਟਰੰਪ ਦਾ ਅਹਿਮ ਚੋਣ ਮੁੱਦਾ ਰਿਹਾ ਹੈ ਤੇ ਉਨ੍ਹਾਂ ਨੇ ਪ੍ਰਣ ਕੀਤਾ ਹੈ ਕਿ ਅਗਲੇ ਸਾਲ 20 ਜਨਵਰੀ ਨੂੰ ਸਹੁੰ ਚੁੱਕਣ ਉਪਰੰਤ ਉਹ ਪਹਿਲ ਦੇ ਆਧਾਰ 'ਤੇ ਅਮਰੀਕਾ ਦੇ ਇਤਿਹਾਸ ਵਿਚ ਦੇਸ਼ ਨਿਕਾਲੇ ਦੀ ਸਭ ਤੋਂ ਵੱਡੀ ਮੁਹਿੰਮ ਸ਼ੁਰੂ ਕਰਨਗੇ। ਉਨ੍ਹਾਂ ਪਿਛਲੇ ਹਫ਼ਤੇ ਸੋਸ਼ਲ ਮੀਡੀਆ ਉੱਪਰ ਪਾਈ ਇਕ ਪੋਸਟ ਵਿਚ ਕਿਹਾ ਹੈ ਕਿ ਕੌਮੀ ਹੰਗਾਮੀ ਸਥਿਤੀ ਦਾ ਐਲਾਨ ਕਰਨਗੇ ਤੇ ਅਮਰੀਕਾ ਵਿਚ ਰਹਿ ਰਹੇ ਵੱਡੀ ਗਿਣਤੀ ਵਿਚ ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਕੱਢਣ ਦੀ ਯੋਜਨਾ ਲਾਗੂ ਕਰਨ ਲਈ ਫ਼ੌਜ ਦੀ ਵਰਤੋਂ ਕਰਨਗੇ।

# ਅਮਰੀਕਾ 'ਚ ਭਾਰਤੀ ਡਾਕਟਰ ਨੂੰ 20 ਲੱਖ ਡਾਲਰ ਤੋਂ ਵੱਧ ਜੁਰਮਾਨਾ

**ਹਿਊਸਟਨ, (ਪੰਜਾਬ ਮੇਲ)-** ਅਮਰੀਕਾ 'ਚ 53 ਸਾਲਾ ਭਾਰਤੀ ਮੂਲ ਦੇ ਨਿਊਰੋ ਸਰਜਨ 'ਤੇ ਇਲੈਕਟਰੋ-ਐਕਿਊਪੰਕਚਰ ਉਪਕਰਨ ਇੰਪਲਾਂਟ ਕਰਨ ਲਈ ਸਰਜਰੀ ਕਰਨ ਦਾ ਝੂਠਾ ਦਾਅਵਾ ਕਰਨ ਤੋਂ ਬਾਅਦ ਮੈਡੀਕਲ ਧੋਖਾਧੜੀ ਦੇ ਦੋਸ਼ ਹੇਠ 20 ਲੱਖ ਡਾਲਰ ਤੋਂ ਵੱਧ ਦਾ ਜੁਰਮਾਨਾ ਲਾਇਆ ਗਿਆ ਹੈ। ਅਮਰੀਕੀ ਅਟਾਰਨੀ ਅਲਮਦਾਰ ਐੱਸ. ਹਮਦਾਨੀ ਨੇ ਕਿਹਾ ਕਿ ਹਿਊਸਟਨ ਇਲਾਕੇ ਦੇ ਡਾ. ਰਾਜੇਸ਼ ਬਿੰਦਲ 'ਤੇ ਮੈਡੀਕੇਅਰ ਤੇ ਸੰਘੀ ਕਰਮਚਾਰੀ ਸਿਹਤ ਲਾਭ ਪ੍ਰੋਗਰਾਮ (ਐੱਫ.ਈ.ਐੱਚ.ਬੀ.ਪੀ.) ਨੂੰ ਧੋਖਾ ਦੇਣ ਦਾ ਦੋਸ਼ ਲੱਗਣ ਮਗਰੋਂ 20,95,946 ਅਮਰੀਕੀ ਡਾਲਰ ਦਾ ਜੁਰਮਾਨਾ ਲਾਇਆ ਗਿਆ ਹੈ। ਸੰਘੀ ਜਾਂਚਕਰਤਾਵਾਂ ਅਨੁਸਾਰ ਬਿੰਦਲ ਨੇ ਅਜਿਹੀ ਪ੍ਰਕਿਰਿਆ ਲਈ ਬਿੱਲ ਤਿਆਰ ਕੀਤਾ, ਜਿਸ ਲਈ ਆਮ ਤੌਰ 'ਤੇ ਅਪਰੇਟਿੰਗ ਰੂਮ ਦੀ ਲੋੜ ਹੁੰਦੀ ਹੈ ਪਰ ਅਜਿਹੀ ਕੋਈ ਵੀ ਸਰਜਰੀ ਨਹੀਂ ਕੀਤੀ ਗਈ। ਇਸ ਦੀ ਥਾਂ ਕੁਝ ਉਪਕਰਨ ਸਿਰਫ਼ ਮਰੀਜ਼ਾਂ ਦੇ ਕੰਨਾਂ ਦੇ ਪਿੱਛੇ ਚਿਪਕਾਏ ਗਏ।

## ਸ਼ੋਕ ਸਮਾਚਾਰ

# ਸੰਧੂ ਪਰਿਵਾਰ ਨੂੰ ਸਦਮਾ: ਮਾਤਾ ਪ੍ਰੀਤਮ ਕੌਰ ਸੰਧੂ ਨਹੀਂ ਰਹੇ

**ਸਿਆਟਲ, (ਪੰਜਾਬ ਮੇਲ)-** ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਮਾਤਾ ਪ੍ਰੀਤਮ ਕੌਰ ਸੰਧੂ ਪ੍ਰਮਾਤਮਾ ਵੱਲੋਂ ਬਖਸ਼ੀ ਉਮਰ ਭੋਗ ਕੇ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗੁਰੂ ਚਰਨਾਂ 'ਚ ਜਾ ਵਿਰਾਜੇ ਹਨ। ਲੜਕੇ ਰਾਮ ਸਿੰਘ ਸੰਧੂ, ਖਜਾਨ ਸਿੰਘ ਸੰਧੂ, ਜੋਗਿੰਦਰ ਸਿੰਘ ਸੰਧੂ (ਜੋਇ ਸੰਧੂ) ਦੇ ਮਾਤਾ ਜੀ ਅਤੇ ਸ. ਲੱਖਾ ਸਿੰਘ ਸੰਧੂ ਦੀ ਧਰਮ ਪਤਨੀ ਪ੍ਰੀਤਮ ਕੌਰ ਸੰਧੂ 84 ਵਰ੍ਹਿਆਂ ਦੇ ਸਨ, ਜੋ ਕਿ 30 ਸਾਲ ਤੋਂ ਸਿਆਟਲ ਵਿਚ ਰਹਿ ਰਹੇ ਸਨ। ਜੋ ਕਿ ਅਚਾਨਕ ਹੀ ਪਰਿਵਾਰ ਅਤੇ ਰਿਸ਼ਤੇਦਾਰਾਂ ਨੂੰ ਸਦਾ ਲਈ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਅੰਤਿਮ ਸਸਕਾਰ 8 ਦਸੰਬਰ, ਦਿਨ ਐਤਵਾਰ ਨੂੰ 12 ਤੋਂ 2 ਵਜੇ ਕੈਂਟ ਸ਼ਮਸ਼ਾਨ ਘਾਟ ਵਿਖੇ ਕੀਤਾ ਜਾਵੇਗਾ। ਉਪਰੰਤ ਕੈਂਟ ਦੇ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਵਿਖੇ 2 ਤੋਂ 4 ਵਜੇ ਸਹਿਜ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ ਹੋਵੇਗੀ। ਇਸ ਮੌਕੇ ਪੁਰਾਣੇ ਤੇ ਨਵੇਂ ਦੋਸਤਾਂ, ਮਿੱਤਰਾਂ ਅਤੇ ਰਿਸ਼ਤੇਦਾਰਾਂ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।

ਪੰਜਾਬ ਤੋਂ ਪਦਮ ਸ਼੍ਰੀ ਕਰਤਾਰ ਸਿੰਘ ਪਹਿਲਵਾਨ (ਆਈ.ਜੀ.), ਰਾਜਦੀਪ ਸਿੰਘ ਗਿੱਲ ਡੀ.ਜੀ.ਪੀ., ਪਰਮਜੀਤ ਸਿੰਘ ਗਿੱਲ ਡੀ.ਜੀ.ਪੀ., ਪੰਜਾਬ ਦੇ ਮੁੱਖ ਸੰਪਾਦਕ ਗੁਰਜਤਿੰਦਰ ਸਿੰਘ ਰੰਧਾਵਾ, ਮਾਤਾ ਜੀ ਦੇ ਭਰਾ ਪ੍ਰੀਤਮ ਸਿੰਘ ਸੰਧੂ, ਭਤੀਜਾ ਬਾਵਾ ਸੰਧੂ, ਸੁਰਿੰਦਰ ਸਿੰਘ ਸੰਧੂ, ਸੰਦੀਪ ਸਿੰਘ ਸੰਧੂ (ਸੂਰਜ ਚੰਦਾ ਤਾਰਾ ਦੇ ਮਾਲਕ), ਰਾਜ ਟਰਾਂਸਪੋਰਟ ਦੇ ਮਾਲਕ ਪ੍ਰੀਤ ਸੰਧੂ, ਸੁਰਜੀਤ ਸਿੰਘ (ਬਿੱਟੂ) ਮਦੋਕੇ, ਬਲਦੇਵ ਸਿੰਘ ਸਿੱਧੂ ਪੰਡੋਰੀ ਸਿੱਧਵਾਂ, ਬੌਨੀ ਗਿੱਲ, ਪਠਾਣ ਚਾਹਲ, ਸੇਵਾ ਮੁਕਤ ਡੀ.ਆਈ.ਜੀ. ਹਰਿੰਦਰ ਸਿੰਘ ਚਾਹਲ, ਐੱਮ.ਪੀ. ਗੁਰਜੀਤ ਔਜਲਾ, ਸਨੀ ਔਜਲਾ, ਕਰਮਬੀਰ ਔਜਲਾ, ਓਂਕਾਰ ਸਿੰਘ ਗੋਪੀ, ਹਰਜਿੰਦਰ ਰਿਆੜ, ਹਰਜਿੰਦਰ ਜੋੜਾ, ਸੁੱਖ ਸੋਹੀ, ਸੁਬੇਗ ਸੋਹੀ, ਐੱਸ.ਐੱਸ.ਪੀ. ਗੁਰੀ ਗਰਵਾਲ, ਹਰਿੰਦਰ ਢਿੱਲੋਂ, ਸੰਤ ਬਾਬਾ ਕਸ਼ਮੀਰ ਸਿੰਘ ਜੀ ਭੂਰੀ ਵਾਲੇ, ਪਿੰਡ ਚਾਟੀਵਿੰਡ ਤੋਂ ਪ੍ਰਗਟ ਸਿੰਘ ਸਰਾਂ, ਓਂਕਾਰ ਸਿੰਘ ਬੋਪਾਰਾਏ, ਗੁਰਅਵਤਾਰ ਸਿੰਘ ਬੋਪਾਰਾਏ, ਸਵਿੰਦਰ ਸਿੰਘ, ਮੌਜੂਦਾ ਸਰਪੰਚ, ਸੁਖਰਾਜ ਸਿੰਘ ਸਰਾਂ, ਇੰਦਰਜੀਤ ਸਿੰਘ, ਪਿੰਟੂ ਸਰ੍ਹੀ ਕੈਨੇਡਾ, ਸਾਬਕਾ ਸਰਪੰਚ ਬਲਜੀਤ ਸਿੰਘ, ਕਿਸਾਨ ਯੂਨੀਅਨ ਆਗੂ ਦਵਿੰਦਰ ਸਿੰਘ, ਸਾਹਿਬ ਸਿੰਘ ਸਾਰਿਆਂ ਨੇ ਪਰਿਵਾਰ ਮੈਂਬਰਾਂ ਨਾਲ ਦੁੱਖ ਸਾਂਝਾ ਕੀਤਾ।



ਮਾਤਾ ਪ੍ਰੀਤਮ ਕੌਰ ਸੰਧੂ

ਸਿਆਟਲ ਅਤੇ ਕੈਲੀਫੋਰਨੀਆ ਤੋਂ ਮਾਤਾ ਜੀ ਦੇ ਜਵਾਈ ਅਤੇ ਧੀਆਂ - ਭਗਵਾਨ ਸਿੰਘ, ਅਮਰਜੀਤ ਕੌਰ, ਖਜਾਨ ਸਿੰਘ, ਸੁਵਿੰਦਰ ਕੌਰ, ਰਾਜਿੰਦਰ ਸਿੰਘ ਮਾਹਲ, ਬਲਵਿੰਦਰ ਕੌਰ ਅਤੇ ਦੋਹਤੇ-ਦੋਹਤੀਆਂ ਇਸ ਦੁੱਖ ਵਿਚ ਸ਼ਾਮਲ ਹੋਏ।

ਸਿਆਟਲ ਤੋਂ ਦਇਆਬੀਰ ਸਿੰਘ ਪਿੰਟੂ ਸਿੰਘ ਬਾਠ, ਬੇਟਾ ਅਰੁਣ ਬਾਠ, ਸੁਖਦੀਪ ਸਿੰਘ ਗਰੇਵਾਲ, ਬੇਟਾ ਸਾਹਿਬ ਗਰੇਵਾਲ, ਸ਼ਰਨਜੀਤ ਸਿੰਘ ਬਾਠ, ਗੁਰਦੀਪ ਸਿੰਘ ਸਿੱਧੂ, ਡਾ. ਬੌਬੀ ਵਿਰਕ, ਬਨੀ ਵਿਰਕ ਉਨ੍ਹਾਂ ਦੇ ਪਿਤਾ ਕਰਨਲ ਹਰਦਿਆਲ ਸਿੰਘ ਵਿਰਕ, ਡਾ. ਵਰਨ ਸ਼ਰਮਾ, ਜਗਦੇਵ ਸੰਧੂ, ਅਮਰਜੀਤ ਢਿੱਲੋਂ ਥਾਦੇ, ਅਮਨਦੀਪ ਭੁੱਲਰ, ਨਵਦੀਪ ਵੇਰਕਾ, ਜਸਪਾਲ ਸੋਹੀ, ਹਰਜਿੰਦਰ ਕਲੇਰ, ਕਿੰਦਰਬੀਰ ਸਿੰਘ, ਹਰਭਜਨ ਸਿੰਘ ਭੱਜਾ, ਤਰਨਜੀਤ ਸਿੰਘ ਗਰੇਵਾਲ, ਮਨਮੋਹਨ ਸਿੰਘ ਧਾਰੀਵਾਲ, ਹਰਦੀਪ ਗਿੱਲ, ਹਰਦੇਵ ਸਿੰਘ ਜੱਜ, ਗੁਰਬਿੰਦਰ ਸਿੰਘ (ਰਿੱਪੀ) ਧਾਰੀਵਾਲ, ਬਲਬੀਰ ਸਿੰਘ ਉਸਮਾਨਪੁਰ, ਰਸ਼ਪਾਲ ਸਿੰਘ ਸੰਧੂ, ਬੇਹਲਿੰਗਮ ਤੋਂ ਸਤਪਾਲ ਸਿੰਘ ਸਿੱਧੂ, ਮਹਿੰਦਰ ਸਿੰਘ ਸੰਧੂ, ਮਹਿੰਦਰ ਸਿੰਘ ਸੰਘਾ, ਜੱਸ ਧਾਰੀਵਾਲ, ਗਗਨਦੀਪ ਸਿੰਘ (ਲਾਡੀ), ਦਲਜੀਤ ਵਿਰਕ, ਵਿਜੇ ਕਮਲ (ਕਨਿਕਸ਼ਾ ਰੈਸਟੋਰੈਂਟ), ਜਸਬੀਰ ਜੱਸੀ, ਮਿੱਤਰਪਾਲ ਸਿੰਘ, ਗੁਰਿੰਦਰ ਸਿੰਘ ਖੈਹਰਾ, ਹਰਸ਼ਿੰਦਰ ਸਿੰਘ ਸੰਧੂ, ਹਰਪਾਲ ਸਿੰਘ ਸਪਰਾ, ਸਾਬਕਾ ਦਲਬੀਰ ਸਿੰਘ ਗੋਰਾਇਆ, ਕਸ਼ਮੀਰ ਸਿੰਘ ਹੇਠੀ ਗੁਰੂ ਘਰਾਂ ਦੇ ਮੁੱਖ ਸੇਵਾਦਾਰਾਂ ਨੇ ਦੁੱਖ ਸਾਂਝਾ ਕੀਤਾ।

ਕੈਲੀਫੋਰਨੀਆ ਤੋਂ ਭਰਪੂਰ ਸਿੰਘ ਸੰਧੂ, ਅਜੀਤ ਸਿੰਘ ਸੰਧੂ, ਕਨਵਰਬੀਰ ਸਿੰਘ (ਸਨੀ ਔਲਖ), ਰਣਜੀਤ ਸਿੰਘ ਸਿੱਧੂ ਬੇਕਰਸਫੀਲਡ, ਰੋਬਨ ਸਿੰਘ ਗਿੱਲ ਹਿਊਸਟਨ, ਰਾਜਬੀਰ ਸਿੰਘ ਗਿੱਲ ਅਤੇ ਪੋਤਰੇ ਰਣਜੀਤ ਸਿੰਘ ਪਰਿਸ, ਹਰਪ੍ਰੀਤ ਸਿੰਘ ਲਾਲੀ, ਗੁਰਸ਼ਾਨ ਸਿੰਘ ਸੰਧੂ, ਪੋਤਰੀਆਂ, ਦੋਹਤੇ-ਦੋਹਤਰੀਆਂ ਅਤੇ ਉਨ੍ਹਾਂ ਦੇ ਬੱਚਿਆਂ ਵਾਲਾ ਹੱਸਦਾ-ਵੱਸਦਾ ਪਰਿਵਾਰ ਛੱਡ ਗਏ ਹਨ। ਇਨ੍ਹਾਂ ਸਾਰਿਆਂ ਨੇ ਦੱਸਿਆ ਕਿ ਮਾਤਾ ਜੀ ਬੜੇ ਮਿਲਣਸਾਰ, ਧਾਰਮਿਕ ਬਿਰਤੀ ਵਾਲੇ ਇਨਸਾਨ ਸਨ। ਵੱਡਾ ਪਰਿਵਾਰ ਤੇ ਮਿਲਾਪੜਾ ਪਰਿਵਾਰ ਹੋਣ ਕਰਕੇ ਸਾਂਝੇ ਕੰਮਾਂ ਵਿਚ ਹਿੱਸਾ ਲੈਂਦੇ ਰਹੇ। ਮਾਤਾ ਜੀ ਦੀ ਆਖਰੀ ਇੱਛਾ ਹਸਪਤਾਲ ਤੋਂ ਘਰ ਜਾਣ ਦੀ ਸੀ, ਪਰ ਪ੍ਰਮਾਤਮਾ ਦੇ ਹੁਕਮ ਅਨੁਸਾਰ 30 ਨਵੰਬਰ, 2024 ਨੂੰ 4.45 ਵਜੇ ਸ਼ਨੀਵਾਰ ਨੂੰ ਸਾਰੇ ਪਰਿਵਾਰ ਦੀ ਹਾਜ਼ਰੀ ਵਿਚ ਸਤਿਨਾਮ ਵਾਹਿਗੁਰੂ ਦਾ ਜਾਪ ਕਰਦਿਆਂ ਆਪਣੇ ਆਖਰੀ ਸਵਾਸ ਪੂਰੇ ਕਰ ਗਏ।

ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਰਾਮ ਸਿੰਘ ਸੰਧੂ : 206-271-6236, ਜੋਗਿੰਦਰ ਸਿੰਘ ਸੰਧੂ : 206-255-6116, ਸ. ਲੱਖਾ ਸਿੰਘ ਸੰਧੂ : 206-859-7001 ਜਾਂ ਖਜਾਨ ਸਿੰਘ ਸੰਧੂ ਨਾਲ 206-293-2792 'ਤੇ ਸੰਪਰਕ ਕੀਤਾ ਜਾ ਸਕਦਾ ਹੈ।




# ਕੈਨੇਡਾ 'ਚ ਪਨਾਹ ਨਹੀਂ ਮੰਗ ਸਕਣਗੇ ਕੌਮਾਂਤਰੀ ਵਿਦਿਆਰਥੀ

**ਵਿਨੀਪੈਗ, (ਪੰਜਾਬ ਮੇਲ)-** ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਕਿਹਾ ਹੈ ਕਿ ਆਉਣ ਵਾਲੇ ਹਫ਼ਤਿਆਂ ਵਿਚ ਕੈਨੇਡਾ ਦੇ ਇਮੀਗ੍ਰੇਸ਼ਨ ਅਤੇ ਸ਼ਰਨ ਪ੍ਰਣਾਲੀਆਂ ਵਿਚ ਹੋਰ ਸੁਧਾਰਾਂ ਦਾ ਪ੍ਰਸਤਾਵ ਪੇਸ਼ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ ਫੈਡਰਲ ਸਰਕਾਰ ਨੇ ਹਾਲ ਹੀ ਵਿਚ ਅਗਲੇ ਦੋ ਸਾਲਾਂ ਵਿਚ ਕੈਨੇਡਾ 'ਚ ਦਾਖਲ ਹੋਣ ਵਾਲੇ ਸਥਾਈ ਵਸਨੀਕਾਂ ਦੀ ਗਿਣਤੀ ਵਿਚ ਮਹੱਤਵਪੂਰਨ ਕਟੌਤੀ ਕੀਤੀ ਹੈ ਅਤੇ ਅਸਥਾਈ ਵਰਕਰ ਪਰਮਿਟਾਂ ਦੇ ਨਿਯਮਾਂ ਨੂੰ ਸਖ਼ਤ ਕੀਤਾ ਹੈ। ਕੈਨੇਡੀਅਨ ਅਧਿਕਾਰੀਆਂ ਵੱਲੋਂ ਪ੍ਰਦਾਨ ਕੀਤੇ ਗਏ ਅੰਕੜੇ ਦਰਸਾਉਂਦੇ ਹਨ ਕਿ ਸ਼ਰਨਾਰਥੀ ਅਤੇ ਪਨਾਹ ਦੇ ਦਾਅਵਿਆਂ 'ਤੇ ਕਾਰਵਾਈ ਕਰਨ ਲਈ ਔਸਤਨ ਉਡੀਕ ਦਾ ਸਮਾਂ ਲਗਭਗ 44 ਮਹੀਨੇ ਹੈ। ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਪਾਰਲੀਮਾਨੀ ਕਮੇਟੀ ਅੱਗੇ ਪੇਸ਼ ਹੋਣ ਦੌਰਾਨ ਕਿਹਾ ਕਿ ਅਸਾਇਲਮ ਸਿਸਟਮ ਸਹੀ ਤਰੀਕੇ ਨਾਲ ਕੰਮ ਨਹੀਂ ਕਰ ਰਿਹਾ, ਜਿਸ ਨੂੰ ਮੁਕੰਮਲ ਤੌਰ 'ਤੇ ਬਦਲਣਾ ਹੋਵੇਗਾ। ਇਮੀਗ੍ਰੇਸ਼ਨ ਅਤੇ ਰਫ਼ਿਊਜੀ ਬੋਰਡ ਕੋਲ ਅਕਤੂਬਰ ਦੇ ਅੰਤ ਤੱਕ ਅਸਾਇਲਮ ਦੇ 2 ਲੱਖ 60 ਹਜ਼ਾਰ ਤੋਂ ਵੱਧ ਦਾਅਵੇ ਵਿਚਾਰ ਅਧੀਨ ਸਨ ਅਤੇ ਜਦਕਿ ਇਹ ਅੰਕੜਾ ਲਗਾਤਾਰ ਵਧਦਾ ਜਾ ਰਿਹਾ ਹੈ।

ਵਿਜ਼ਟਰ ਵੀਜ਼ਾ 'ਤੇ ਆਉਣ ਮਗਰੋਂ ਅਸਾਇਲਮ ਦਾ ਦਾਅਵਾ ਕਰਨ ਵਾਲਿਆਂ ਦੇ ਮਾਮਲਿਆਂ ਨੂੰ ਜਲਦ ਤੋਂ ਜਲਦ ਨਿਬੇੜਨ ਲਈ



ਕੈਨੇਡਾ ਸਰਕਾਰ ਨੇ ਕਮਰ ਕਸ ਲਈ ਹੈ ਅਤੇ ਆਉਣ ਵਾਲੇ ਦਿਨਾਂ ਵਿਚ ਹਜ਼ਾਰਾਂ ਦਾਅਵੇ ਰੱਦ ਹੋ ਸਕਦੇ ਹਨ। ਮਾਰਕ ਮਿਲਰ ਨੇ ਕਿਹਾ ਕਿ ਵੱਡੀ ਗਿਣਤੀ 'ਚ ਲੋਕਾਂ ਨੇ ਗ਼ੈਰਵਾਜਬ ਤਰੀਕੇ ਨਾਲ ਪਨਾਹ ਦੇ ਦਾਅਵੇ ਕੀਤੇ, ਜਦਕਿ ਉਹ ਇਸ ਦੇ ਬਿਲਕੁਲ ਵੀ ਯੋਗ ਨਹੀਂ ਸਨ। ਇਹ ਹਜ਼ਾਰਾਂ ਸ਼ਰਨਾਰਥੀ ਦਾਅਵੇ ਦਾਇਰ ਕਰਨ ਵਾਲੇ ਕੌਮਾਂਤਰੀ ਵਿਦਿਆਰਥੀ ਹਨ, ਜਿਨ੍ਹਾਂ ਦੀ ਸਚਾਈ 'ਤੇ ਮਿਲਰ ਨੇ ਸਵਾਲ ਚੁੱਕੇ ਹਨ। ਮਿਲਰ ਨੇ ਕਿਹਾ, "ਸ਼ਰਨ ਦੇ ਦਾਅਵੇ ਕਰਨ ਵਾਲੇ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਵਧ ਰਹੀ ਹੈ, ਕਮੇਟੀ ਵਿਚ ਜਦੋਂ ਮਿਲਰ ਆਪਣੀ ਗਵਾਹੀ ਪੂਰੀ ਕਰ ਰਿਹਾ ਸੀ, ਤਾਂ ਕਈ ਵਿਅਕਤੀ ਹੱਥਾਂ ਵਿਚ 'ਸਾਨੂੰ ਵਾਪਸ ਨਾ ਭੇਜੋ ਦੇ ਬੈਨਰ ਫੜੇ ਹੋਏ ਸਨ।

ਸੰਸਦੀ ਸੁਰੱਖਿਆ ਸੇਵਾ ਦੇ ਅਧਿਕਾਰੀਆਂ ਨੇ ਲਗਭਗ 20 ਲੋਕਾਂ ਦੇ ਸਮੂਹ ਨੂੰ ਇਮਾਰਤ ਤੋਂ ਬਾਹਰ ਕੱਢਿਆ। ਐੱਨ.ਡੀ.ਪੀ. ਇਮੀਗ੍ਰੇਸ਼ਨ ਆਲੋਚਕ ਜੈਨੀ ਕਵਾਨ ਨੇ ਹਾਲ ਹੀ ਵਿਚ ਇਮੀਗ੍ਰੇਸ਼ਨ ਤਬਦੀਲੀਆਂ ਨੂੰ ਵਾਪਸ ਲੈਣ ਦੀ ਮੰਗ ਕੀਤੀ। ਮਿਲਰ ਨੇ ਜਵਾਬ ਦਿੱਤਾ ਕਿ ਕੈਨੇਡੀਅਨ ਨਾਗਰਿਕ ਬਣਨਾ ਕੋਈ ਅਧਿਕਾਰ ਨਹੀਂ ਹੈ।

ਅਕਤੂਬਰ 'ਚ 17,400 ਜਣਿਆਂ ਨੇ ਕੈਨੇਡਾ 'ਚ ਪਨਾਹ ਦਾ ਦਾਅਵਾ ਕੀਤਾ, ਜਦਕਿ ਜੁਲਾਈ ਵਿਚ ਅੰਕੜਾ 20 ਹਜ਼ਾਰ ਦਰਜ ਕੀਤਾ ਗਿਆ ਸੀ। ਅਸਾਇਲਮ ਦੇ 14 ਹਜ਼ਾਰ ਤੋਂ ਵੱਧ ਦਾਅਵੇ ਕੌਮਾਂਤਰੀ ਵਿਦਿਆਰਥੀਆਂ ਵੱਲੋਂ ਕੀਤੇ ਗਏ। ਇਮੀਗ੍ਰੇਸ਼ਨ ਮੰਤਰੀ ਨੇ ਪਾਰਲੀਮਾਨੀ ਕਮੇਟੀ ਨੂੰ ਦੱਸਿਆ ਕਿ ਅਸਾਇਲਮ ਸਿਸਟਮ ਵਿਚ ਸੁਧਾਰਾਂ ਦੌਰਾਨ ਕੌਮਾਂਤਰੀ ਵਿਦਿਆਰਥੀਆਂ ਨੂੰ ਪਨਾਹ ਦਾ ਦਾਅਵਾ ਕਰਨ ਦੇ ਹੱਕ ਤੋਂ ਵਾਂਝਾ ਕੀਤਾ ਜਾ ਸਕਦਾ ਹੈ। ਇਮੀਗ੍ਰੇਸ਼ਨ ਮੰਤਰੀ ਵੱਲੋਂ ਨਵੇਂ ਨਿਯਮਾਂ ਬਾਰੇ ਵਿਸਤਾਰਤ ਜਾਣਕਾਰੀ ਨਹੀਂ ਦਿੱਤੀ ਗਈ।

**ਆਰਜ਼ੀ ਵੀਜ਼ਾ 'ਤੇ ਮੌਜੂਦ ਲੋਕਾਂ ਦੀ ਗਿਣਤੀ 30 ਲੱਖ ਟੱਪੀ :** ਇੱਥੇ ਦੱਸਣਾ ਬਣਦਾ ਹੈ ਕਿ ਕੈਨੇਡਾ ਸਰਕਾਰ ਖ਼ੁਦ ਮੰਨ ਕਰਨ ਚੁੱਕੀ ਹੈ ਕਿ ਮੁਲਕ 'ਚ ਆਰਜ਼ੀ ਵੀਜ਼ਾ 'ਤੇ ਮੌਜੂਦ ਲੋਕਾਂ ਦੀ ਗਿਣਤੀ 30 ਲੱਖ ਤੋਂ ਟੱਪ ਚੁੱਕੀ ਹੈ, ਜਿਨ੍ਹਾਂ ਵਿਚੋਂ ਵੱਡੀ ਗਿਣਤੀ ਸਟੱਡੀ ਵੀਜ਼ਾ ਅਤੇ ਵਿਜ਼ਟਰ ਵੀਜ਼ਾ ਵਾਲਿਆਂ ਦੀ ਹੈ। ਤਕਰੀਬਨ 2 ਲੱਖ ਸਾਬਕਾ ਕੌਮਾਂਤਰੀ ਵਿਦਿਆਰਥੀਆਂ ਦੇ ਵਰਕ ਪਰਮਿਟ ਖ਼ਤਮ ਹੋ ਰਹੇ ਹਨ ਜਾਂ ਖ਼ਤਮ ਹੋ ਚੁੱਕੇ ਹਨ, ਜਿਸ ਦੇ ਮੱਦੇਨਜ਼ਰ ਆਉਣ ਵਾਲੇ ਸਮੇਂ ਦੌਰਾਨ ਮੁਲਕ 'ਚ ਪਨਾਹ ਮੰਗਣ ਵਾਲਿਆਂ ਦੀ ਗਿਣਤੀ 'ਚ ਅਥਾਹ ਵਾਧਾ ਹੋ ਸਕਦਾ ਹੈ।

## ਵਿਦੇਸ਼ੀ ਦਖਲ ਦੀ ਜਾਂਚ ਕਰ ਰਹੀ ਸੰਸਦੀ ਕਮੇਟੀ ਵਲੋਂ ਬਰੈਂਪਟਨ ਦਾ ਮੇਅਰ ਤਲਬ

**ਵੈਨਕੂਵਰ, (ਪੰਜਾਬ ਮੇਲ)-** ਸੰਸਦੀ ਚੋਣਾਂ ਸਮੇਤ ਕੈਨੇਡਿਆਈ ਮਾਮਲਿਆਂ



'ਚ ਵਿਦੇਸ਼ੀ (ਭਾਰਤੀ) ਦਖਲ ਦੀ ਜਾਂਚ ਕਰ ਰਹੀ ਸੰਸਦੀ ਕਮੇਟੀ ਨੇ ਬਰੈਂਪਟਨ ਦੇ ਮੇਅਰ ਪੈਟਰਿਕ ਬਰਾਊਨ ਨੂੰ 5 ਦਸੰਬਰ ਲਈ ਤਲਬ ਕੀਤਾ ਹੈ। ਇਸ ਤੋਂ ਪਹਿਲਾਂ ਬਰਾਊਨ ਨੂੰ 21 ਅਕਤੂਬਰ ਨੂੰ ਪੇਸ਼ ਹੋਣ ਲਈ ਕਿਹਾ ਗਿਆ, ਪਰ ਮੇਅਰ ਨੇ ਸੱਦੇ ਨੂੰ ਅਣਗੌਲਿਆ ਕਰ ਦਿੱਤਾ ਸੀ। ਨਿਯਮਾਂ ਅਨੁਸਾਰ ਸੰਮਨ ਰਾਹੀਂ ਦਿੱਤਾ ਸੱਦਾ ਪੇਸ਼ੀ ਲਈ ਜ਼ਰੂਰੀ ਹੋ ਜਾਂਦਾ ਹੈ।

ਉਧਰ ਟੋਰੀ ਸੰਸਦ ਮੈਂਬਰ ਰੈਕਲ ਡਾਂਚੋ ਨੇ ਜਾਂਚ ਕਮੇਟੀ ਵਲੋਂ ਮੇਅਰ ਨੂੰ ਸੱਦਣ ਦੀ ਨਿਖੇਧੀ ਕਰਦਿਆਂ ਕਿਹਾ ਕਿ ਇਹ ਸਰਕਾਰ ਵਲੋਂ ਮੇਅਰ ਨੂੰ ਪ੍ਰੇਸ਼ਾਨ ਕਰਨ ਦਾ ਢੰਗ ਹੈ। ਇਸ ਦੌਰਾਨ ਲਿਬਰਲ ਸੰਸਦ ਮੈਂਬਰ ਰਣਦੀਪ ਸਿੰਘ ਸਰਾਏ ਨੇ ਇਸ ਦੋਸ਼ ਨੂੰ ਸਿਰੇ ਤੋਂ ਖਾਰਜ ਕਰਦਿਆਂ ਕਿਹਾ ਕਿ ਮੇਅਰ ਨੂੰ ਤਲਬ ਕਰਨਾ ਜਾਂਚ ਅਮਲ ਦਾ ਹਿੱਸਾ ਹੈ। ਚੇਤੇ ਰਹੇ ਕਿ ਦੋ ਸਾਲ ਪਹਿਲਾਂ ਕੰਜ਼ਰਵੇਟਿਵ ਪਾਰਟੀ ਦਾ ਲੀਡਰ ਚੁਣੇ ਜਾਣ ਵਾਲੀ ਦੌੜ ਵਿਚ ਪੈਟਰਿਕ ਬਰਾਊਨ ਵੀ ਸ਼ਾਮਲ ਸਨ, ਪਰ ਕੁਝ ਵਿੱਤੀ ਖਾਮੀਆਂ ਕਾਰਨ ਉਨ੍ਹਾਂ ਨੂੰ ਦੌੜ 'ਚੋਂ ਬਾਹਰ ਹੋਣ ਲਈ ਮਜਬੂਰ ਹੋਣਾ ਪਿਆ ਸੀ। ਮੰਨਿਆ ਜਾਂਦਾ ਹੈ ਕਿ ਬਰੈਂਪਟਨ ਰਹਿੰਦੇ ਭਾਰਤੀ ਭਾਈਚਾਰੇ ਵਿਚ ਬਰਾਊਨ ਦੀ ਮਕਬੂਲੀਅਤ ਕਰਕੇ ਭਾਰਤੀ ਸਿਆਸੀ ਆਗੂਆਂ ਨਾਲ ਵੀ ਉਸ ਦੇ ਨੇੜਲੇ ਸਬੰਧ ਹਨ, ਜਿਸ ਕਰਕੇ ਜਾਂਚ ਕਮੇਟੀ ਉਸ ਤੋਂ ਕੁਝ ਸਵਾਲ ਪੁੱਛਣੇ ਜ਼ਰੂਰੀ ਸਮਝਦੀ ਹੈ।

# ਮੈਕਸੀਕੋ ਬਾਰਡਰ ਨੂੰ ਬੰਦ ਕਰਨ 'ਤੇ ਟਰੰਪ ਅਤੇ ਸ਼ੇਨਬੌਮ ਆਹਮੋ-ਸਾਹਮਣੇ

**ਪ੍ਰਵਾਸੀਆਂ ਦੇ ਮੁੱਦੇ 'ਤੇ ਚਰਚਾ**

**ਵਾਸ਼ਿੰਗਟਨ, (ਪੰਜਾਬ ਮੇਲ)-** ਟਰੰਪ ਨੇ ਇੱਕ ਪੋਸਟ ਵਿਚ ਦਾਅਵਾ ਕੀਤਾ ਸੀ ਕਿ ਕਲਾਉਡੀਆ ਸ਼ੇਨਬੌਮ ਮੈਕਸੀਕੋ ਅਤੇ ਅਮਰੀਕਾ ਵਿਚਾਲੇ ਪ੍ਰਵਾਸ ਨੂੰ ਰੋਕਣ ਲਈ ਸਹਿਮਤ ਹੋ ਗਈ ਹੈ। ਇਸ ਦਾ ਮਤਲਬ ਹੈ ਕਿ ਉਹ ਸਾਡੀ ਦੱਖਣੀ ਸਰਹੱਦ ਨੂੰ ਬੰਦ ਕਰ ਰਹੇ ਹਨ। ਕਲਾਉਡੀਆ ਸ਼ੇਨਬੌਮ ਮੈਕਸੀਕੋ ਦੀ ਪਹਿਲੀ ਮਹਿਲਾ ਰਾਸ਼ਟਰਪਤੀ ਹੈ।

ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮੈਕਸੀਕੋ ਦੀ ਰਾਸ਼ਟਰਪਤੀ ਕਲਾਉਡੀਆ ਸ਼ੇਨਬੌਮ ਨਾਲ ਗੱਲਬਾਤ ਤੋਂ ਬਾਅਦ ਦਾਅਵਾ ਕੀਤਾ ਹੈ ਕਿ ਉਹ ਮੈਕਸੀਕੋ ਤੋਂ ਅਮਰੀਕਾ ਆਉਣ ਵਾਲੇ ਪ੍ਰਵਾਸੀਆਂ ਨੂੰ ਰੋਕਣ ਲਈ ਸਹਿਮਤ ਹੋ ਗਏ ਹਨ। ਹਾਲਾਂਕਿ ਰਾਸ਼ਟਰਪਤੀ ਸ਼ੇਨਬੌਮ ਨੇ ਇਸ ਤੋਂ ਇਨਕਾਰ ਕੀਤਾ ਹੈ। ਟਰੰਪ ਨੇ ਆਪਣੇ ਸੋਸ਼ਲ ਪਲੇਟਫਾਰਮ 'ਟਰੁੱਥ' 'ਤੇ ਇਕ ਪੋਸਟ 'ਚ ਦਾਅਵਾ ਕੀਤਾ ਕਿ ਉਨ੍ਹਾਂ ਦੀ ਮੈਕਸੀਕੋ ਦੇ ਨਵੇਂ ਰਾਸ਼ਟਰਪਤੀ ਨਾਲ ਚੰਗੀ ਗੱਲਬਾਤ ਹੋਈ। ਕਲਾਉਡੀਆ ਸ਼ੇਨਬੌਮ ਨੇ ਮੈਕਸੀਕੋ ਅਤੇ ਅਮਰੀਕਾ ਵਿਚਕਾਰ ਪ੍ਰਵਾਸ ਨੂੰ ਰੋਕਣ ਲਈ ਸਹਿਮਤੀ ਦਿੱਤੀ ਹੈ। ਇਸ ਦਾ ਮਤਲਬ ਹੈ ਕਿ ਉਹ ਸਾਡੀ ਦੱਖਣੀ ਸਰਹੱਦ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਬੰਦ ਕਰ ਰਹੇ ਹਨ।

ਟਰੰਪ ਦੇ ਇਹ ਦਾਅਵਾ ਕਰਨ ਤੋਂ ਕੁਝ ਦੇਰ ਬਾਅਦ ਹੀ ਮੈਕਸੀਕੋ ਦੇ ਰਾਸ਼ਟਰਪਤੀ ਸ਼ੇਨਬੌਮ ਨੇ ਇਸ ਦਾ ਖੰਡਨ ਕੀਤਾ। ਸ਼ੇਨਬੌਮ ਨੇ ਐਕਸ 'ਤੇ ਲਿਖਿਆ ਕਿ ਮੈਕਸੀਕੋ ਸਰਹੱਦ ਨੂੰ ਬੰਦ ਨਹੀਂ ਕਰਨਾ ਚਾਹੁੰਦਾ ਹੈ। ਉਹ ਸਰਕਾਰਾਂ ਅਤੇ ਭਾਈਚਾਰਿਆਂ ਵਿਚਕਾਰ ਪੁਲ ਦਾ ਕੰਮ ਕਰਨਾ ਚਾਹੁੰਦਾ ਹੈ।

ਦੋਵਾਂ ਨੇਤਾਵਾਂ ਵਿਚਾਲੇ ਇਹ ਗੱਲਬਾਤ ਮੈਕਸੀਕੋ ਤੋਂ ਆਉਣ ਵਾਲੇ ਸਮਾਨ 'ਤੇ 25 ਫੀਸਦੀ ਟੈਰਿਫ ਲਗਾਉਣ ਦੀ ਟਰੰਪ ਦੀ ਧਮਕੀ ਤੋਂ ਬਾਅਦ ਹੋਈ ਹੈ। ਉਨ੍ਹਾਂ ਕਿਹਾ ਸੀ ਕਿ ਇਹ ਪਾਬੰਦੀਆਂ ਉਦੋਂ ਤੱਕ ਜਾਰੀ ਰਹਿਣਗੀਆਂ, ਜਦੋਂ ਤੱਕ ਮੈਕਸੀਕੋ ਫੈਂਟਾਨਿਲ ਵਰਗੇ ਨਸ਼ੀਲੇ ਪਦਾਰਥਾਂ ਅਤੇ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਅਮਰੀਕਾ 'ਚ ਦਾਖਲ ਹੋਣ ਤੋਂ ਨਹੀਂ ਰੋਕਦਾ।

ਜਵਾਬ ਵਿਚ, ਮੈਕਸੀਕੋ ਨੇ ਵੀ ਜਵਾਬੀ ਕਦਮ ਚੁੱਕਣ ਦੀ ਧਮਕੀ ਦਿੱਤੀ ਸੀ। ਮੈਕਸੀਕੋ ਦੇ ਆਰਥਿਕ ਮੰਤਰੀ ਮਾਰਸੇਲੋ ਐਬਰਾਡ ਨੇ ਕਿਹਾ ਹੈ ਕਿ ਜੇਕਰ ਟਰੰਪ ਆਪਣੀ ਧਮਕੀ ਨੂੰ ਲਾਗੂ ਕਰਦੇ ਹਨ, ਤਾਂ ਅਮਰੀਕਾ ਦੇ ਚਾਰ ਲੱਖ ਤੋਂ ਵੱਧ ਲੋਕਾਂ ਦੀਆਂ ਨੌਕਰੀਆਂ ਖੁੱਸ ਸਕਦੀਆਂ ਹਨ।

ਮੈਕਸੀਕੋ ਦੀ ਪਹਿਲੀ ਮਹਿਲਾ ਰਾਸ਼ਟਰਪਤੀ ਸ਼ੇਨਬੌਮ ਨੇ ਕਿਹਾ ਕਿ ਮੈਕਸੀਕੋ ਪਹਿਲਾਂ ਹੀ ਮਾਈਗ੍ਰੇਸ਼ਨ ਦੇ ਸਬੰਧ ਵਿਚ ਇੱਕ ਸੰਪੂਰਨ ਨੀਤੀ ਅਪਣਾ ਰਿਹਾ ਹੈ। ਇਸ ਨੀਤੀ ਕਾਰਨ ਪ੍ਰਵਾਸੀਆਂ ਦੇ ਕਾਫ਼ਲੇ ਨੂੰ ਸਰਹੱਦ 'ਤੇ ਪਹੁੰਚਣ ਤੋਂ ਪਹਿਲਾਂ ਹੀ ਰੋਕਿਆ ਜਾ ਰਿਹਾ ਹੈ।




# ਕੈਨੇਡਾ ਵੱਲੋਂ ਅੰਨ੍ਹੇਵਾਹ ਸਿਆਸੀ ਸ਼ਰਨ ਦੇਣ ਦੀ ਨੀਤੀ ਬੰਦ ਕਰਨ ਦਾ ਐਲਾਨ

**■ ਸਿਆਸੀ ਸ਼ਰਨ ਲੈਣ ਵਾਲੇ ਲੋਕਾਂ 'ਚ ਸਭ ਤੋਂ ਜ਼ਿਆਦਾ ਗਿਣਤੀ ਪੰਜਾਬ ਤੋਂ**




ਟੋਰਾਂਟੋ, (ਪੰਜਾਬ ਮੇਲ)- ਖਾਲਿਸਤਾਨੀ ਵੱਖਵਾਦੀ ਹਰਦੀਪ ਸਿੰਘ ਨਿੱਝਰ ਦੇ ਮਾਰੇ ਜਾਣ ਤੋਂ ਬਾਅਦ ਕੈਨੇਡਾ ਅਤੇ ਭਾਰਤ ਦੇ ਰਿਸ਼ਤੇ ਤਣਾਅਪੂਰਨ ਬਣੇ ਹੋਏ ਹਨ। ਹੁਣ ਭਾਰਤ ਦੇ ਦਬਾਅ ਅੱਗੇ ਝੁਕਦਿਆਂ ਕੈਨੇਡਾ ਨੇ ਅੰਨ੍ਹੇਵਾਹ ਸਿਆਸੀ ਸ਼ਰਨ ਦੇਣ ਦੀ ਨੀਤੀ ਬੰਦ ਕਰਨ ਦਾ ਐਲਾਨ ਕੀਤਾ ਹੈ। ਕੈਨੇਡਾ ਨੇ ਕਿਹਾ ਹੈ ਕਿ 29 ਨਵੰਬਰ ਤੋਂ ਨਵੀਆਂ ਅਰਜ਼ੀਆਂ ਸਵੀਕਾਰ ਨਹੀਂ ਕੀਤੀਆਂ ਜਾਣਗੀਆਂ। ਜਿਨ੍ਹਾਂ ਨੂੰ ਸ਼ਰਣ ਦਿੱਤੀ ਜਾਵੇਗੀ, ਉਨ੍ਹਾਂ ਦੀਆਂ ਅਰਜ਼ੀਆਂ ਦੀ ਸਖ਼ਤੀ ਨਾਲ ਜਾਂਚ ਕੀਤੀ ਜਾਵੇਗੀ। ਭਾਰਤ ਅਚਨਚੇਤ ਸਖ਼ਤ ਰਵੱਈਆ ਅਪਣਾ ਕੇ ਵੱਖਵਾਦੀ ਤੱਤਾਂ ਨੂੰ ਕਾਬੂ ਕਰਨ ਲਈ ਕੈਨੇਡਾ 'ਤੇ ਦਬਾਅ ਪਾ ਰਿਹਾ ਹੈ। ਕੈਨੇਡਾ ਦੇ ਇਸ ਫ਼ੈਸਲੇ ਦਾ ਸਭ ਤੋਂ ਵੱਧ ਅਸਰ ਪੰਜਾਬ 'ਤੇ ਪਵੇਗਾ, ਕਿਉਂਕਿ ਕੈਨੇਡਾ 'ਚ ਸਿਆਸੀ ਸ਼ਰਨ ਲੈਣ ਵਾਲੇ ਲੋਕਾਂ 'ਚ ਸਭ ਤੋਂ ਜ਼ਿਆਦਾ ਗਿਣਤੀ ਪੰਜਾਬ ਤੋਂ ਹੈ।

ਕੈਨੇਡਾ ਸਰਕਾਰ ਨੇ ਹੁਕਮ ਜਾਰੀ ਕੀਤੇ ਹਨ ਕਿ 29 ਨਵੰਬਰ ਤੋਂ ਡਿਪਾਰਟਮੈਂਟ ਆਫ ਇਮੀਗ੍ਰੇਸ਼ਨ, ਰਫਿਊਜੀਜ਼ ਐਂਡ ਸਿਟੀਜ਼ਨਸ਼ਿਪ (ਆਈ.ਆਰ.ਸੀ.ਸੀ.) ਪੰਜ ਦੇ ਸਮੂਹਾਂ ਨੂੰ ਪ੍ਰਾਈਵੇਟ ਸਪਾਂਸਰਸ਼ਿਪ ਆਫ ਰਿਫਿਊਜੀਜ਼ (ਪੀ.ਆਰ.) ਪ੍ਰੋਗਰਾਮ ਵਿਚ ਦਾਖਲ ਹੋਣ ਦੀ ਇਜਾਜ਼ਤ ਦੇਵੇਗਾ, ਤਾਂ ਜੋ ਆਉਣ ਵਾਲੇ ਸ਼ਰਨਾਰਥੀਆਂ ਨੂੰ ਵਧੇਰੇ ਯਕੀਨੀ ਬਣਾਇਆ ਜਾ ਸਕੇ। ਵਿਦੇਸ਼ਾਂ ਵਿਚ ਅਤੇ ਕੈਨੇਡਾ ਵਿਚ ਸਪਾਂਸਰਾਂ ਲਈ ਅਤੇ ਅਸਥਾਈ ਤੌਰ 'ਤੇ ਕਮਿਊਨਿਟੀ ਸਪਾਂਸਰਾਂ ਤੋਂ ਨਵੀਆਂ ਅਰਜ਼ੀਆਂ ਨੂੰ ਸਵੀਕਾਰ ਕਰਨਾ ਬੰਦ ਕਰ ਦਿੱਤਾ ਹੈ। ਇਹ ਨਿਯਮ 31 ਦਸੰਬਰ 2025 ਤੱਕ ਲਾਗੂ ਰਹੇਗਾ। ਨੋਟਿਸ ਵਿਚ ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ 29 ਨਵੰਬਰ ਤੋਂ ਪਹਿਲਾਂ ਪ੍ਰਾਪਤ ਹੋਈਆਂ ਅਰਜ਼ੀਆਂ ਹੀ ਕੈਨੇਡਾ ਵਿਚ ਸੈਟਲਮੈਂਟ ਲਈ ਵਿਚਾਰੀਆਂ ਜਾਣਗੀਆਂ। ਕੈਨੇਡਾ 2025 'ਚ 23,000 ਸ਼ਰਨਾਰਥੀਆਂ ਨੂੰ ਮੁੜ ਵਸਾਏਗਾ, ਪਰ ਪਹਿਲਾਂ ਇਸਦੀ ਨਜ਼ਦੀਕੀ ਜਾਂਚ ਕੀਤੀ ਜਾਵੇਗੀ। ਕੈਨੇਡਾ ਵਿਚ ਸ਼ਰਣ ਮੰਗਣ ਵਾਲਿਆਂ ਦੀ ਗਿਣਤੀ ਅਗਸਤ ਵਿਚ 13,000 ਸੀ, ਜੋ ਸਤੰਬਰ ਵਿਚ ਵੱਧ ਕੇ 14,000 ਹੋ ਗਈ। ਕੈਨੇਡਾ ਦੇ ਇਸ ਕਦਮ ਦਾ ਅਸਰ ਉੱਥੇ ਸ਼ਰਨ ਲੈਣ ਵਾਲੇ ਪੰਜਾਬ ਦੇ ਨੌਜਵਾਨਾਂ 'ਤੇ ਪਵੇਗਾ।

ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਕਿਹਾ ਕਿ ਅਜਿਹੇ ਵਿਦਿਆਰਥੀ ਵੱਡੀ ਗਿਣਤੀ 'ਚ ਕੈਨੇਡਾ ਆਉਂਦੇ ਹਨ ਅਤੇ ਤੁਰੰਤ ਸਿਆਸੀ ਸ਼ਰਣ ਦੀ ਮੰਗ ਕਰਦੇ ਹਨ। ਮਿਲਰ ਨੇ ਇਮੀਗ੍ਰੇਸ਼ਨ ਸਲਾਹਕਾਰਾਂ ਦੀ ਅਨੈਤਿਕ ਸਲਾਹ ਨੂੰ 'ਝੂਠੀਆਂ ਸ਼ਰਣ ਅਰਜ਼ੀਆਂ' ਵਿਚ ਭਾਰੀ ਵਾਧੇ ਦਾ ਕਾਰਨ ਦੱਸਿਆ। ਉਨ੍ਹਾਂ ਕਿਹਾ ਕਿ ਬਹੁਤੀ ਵਾਰ ਸ਼ਰਣ ਲਈ ਜਾਇਜ਼ ਕਾਰਨ ਵੀ ਨਹੀਂ ਹੁੰਦੇ। ਅਸਲ ਵਿਚ ਟਿਊਸ਼ਨ ਫੀਸ ਨਾ ਭਰਨ ਦੇ ਵਿੱਤੀ ਸੰਕਟ ਵਰਗੇ ਕਾਰਨ ਸਾਹਮਣੇ ਆਏ ਹਨ। ਆਈ.ਆਰ.ਸੀ.ਸੀ. ਨੂੰ ਲਾਇਸੰਸਸ਼ੁਦਾ ਸਲਾਹਕਾਰਾਂ ਦੀ ਜਾਂਚ ਕਰਨੀ ਚਾਹੀਦੀ ਹੈ, ਜੋ 'ਸ਼ਰਨਾਰਥੀ ਦਾਅਵਿਆਂ' ਨਾਲ ਅੱਗੇ ਵਧਣ ਬਾਰੇ ਅਣਉਚਿਤ ਸਲਾਹ ਦਿੰਦੇ ਹਨ।

ਪੰਜਾਬ ਦੇ ਬਹੁਤ ਸਾਰੇ ਵਿਦਿਆਰਥੀ ਕੈਨੇਡਾ ਵਿਚ ਵੱਖਵਾਦੀ ਰੈਲੀਆਂ ਵਿਚ ਸਭ ਤੋਂ ਅੱਗੇ ਆਉਣ ਦੀ ਕੋਸ਼ਿਸ਼ ਕਰਦੇ ਹਨ, ਤਾਂ ਜੋ ਉਹ ਫੋਟੋਆਂ ਖਿੱਚ ਸਕਣ। ਨਾਲ ਹੀ ਇਸ ਦੇ ਆਧਾਰ 'ਤੇ ਕੈਨੇਡਾ ਵਿਚ ਸਿਆਸੀ ਸ਼ਰਣ ਲਈ ਅਰਜ਼ੀ ਦੇ ਸਕਣ।

# ਕੈਨੇਡਾ ਵੱਲੋਂ ਵੀਜ਼ਾ ਫੀਸਾਂ 'ਚ ਵਾਧਾ

**■ 1 ਦਸੰਬਰ ਤੋਂ ਕੈਨੇਡਾ ਆਉਣ ਵਾਲੇ ਵਿਜ਼ਟਰਾਂ, ਵਰਕਰਾਂ ਤੇ ਵਿਦਿਆਰਥੀਆਂ 'ਤੇ ਲਾਗੂ ਹੋਣਗੇ ਨਿਯਮ**

**■ ਪੰਜਾਬੀ ਨੌਜਵਾਨ ਸਭ ਤੋਂ ਵੱਧ ਪ੍ਰਭਾਵਿਤ**




| ਮੌਜੂਦਾ ਫੀਸ | (ਕੈਨੇਡੀਅਨ ਡਾਲਰ) |
|---|---|
| ਵਿਜ਼ਟਰ ਸਥਿਤੀ ਦੀ ਬਹਾਲੀ | 229.00 |
| ਵਿਦਿਆਰਥੀ ਸਥਿਤੀ ਦੀ ਬਹਾਲੀ | 379.00 |
| ਵਰਕਰ ਦੀ ਸਥਿਤੀ ਦੀ ਬਹਾਲੀ | 384.00 |
| ਕੈਨੇਡਾ ਵਾਪਸ ਜਾਣ ਦਾ ਅਧਿਕਾਰ | 459.55 |
| ਅਪਰਾਧਿਕਤਾ ਦੇ ਆਧਾਰ 'ਤੇ ਅਯੋਗ | 229.77 |
| ਗੰਭੀਰ ਅਪਰਾਧ ਦੇ ਆਧਾਰ 'ਤੇ ਅਸਵੀਕਾਰਯੋਗ | 1,148.87 |
| ਅਸਥਾਈ ਨਿਵਾਸੀ ਪਰਮਿਟ | 229.77 |

ਟੋਰਾਂਟੋ, (ਪੰਜਾਬ ਮੇਲ)- ਕੈਨੇਡਾ ਨੇ ਪੰਜਾਬੀਆਂ ਨੂੰ ਇਕ ਹੋਰ ਝਟਕਾ ਦਿੱਤਾ ਹੈ। 1 ਦਸੰਬਰ ਤੋਂ ਕੈਨੇਡਾ ਆਉਣ ਵਾਲੇ ਵਿਜ਼ਟਰਾਂ, ਵਰਕਰਾਂ ਅਤੇ ਵਿਦਿਆਰਥੀਆਂ ਦੀਆਂ ਕਈ ਕਿਸਮਾਂ ਦੀਆਂ ਅਰਜ਼ੀਆਂ ਲਈ ਅਰਜ਼ੀਆਂ ਅਤੇ ਪ੍ਰੋਸੈਸਿੰਗ ਫੀਸਾਂ ਵਿਚ ਵਾਧਾ ਹੋਵੇਗਾ। ਇਸ ਦਾ ਸਭ ਤੋਂ ਵੱਧ ਅਸਰ ਪੰਜਾਬ ਦੇ ਉਨ੍ਹਾਂ ਲੋਕਾਂ 'ਤੇ ਪਵੇਗਾ, ਜੋ ਕੈਨੇਡਾ ਵਿਚ ਸਿੱਖਿਆ ਜਾਂ ਕਿਸੇ ਸੰਸਥਾ ਵਿਚ ਕੰਮ ਕਰ ਰਹੇ ਹਨ। ਕੈਨੇਡਾ ਵਿਚ ਡਿਪਾਰਟਮੈਂਟ ਆਫ ਇਮੀਗ੍ਰੇਸ਼ਨ, ਰਫਿਊਜੀਜ਼ ਐਂਡ ਸਿਟੀਜ਼ਨਸ਼ਿਪ (ਆਈ.ਆਰ.ਸੀ.ਸੀ.) ਨੇ ਅਸਥਾਈ ਨਿਵਾਸੀਆਂ ਲਈ ਕਈ ਅਰਜ਼ੀਆਂ ਲਈ ਫੀਸਾਂ ਵਿਚ ਵਾਧਾ ਕੀਤਾ ਹੈ।

ਇਨ੍ਹਾਂ 'ਚ ਅਸਥਾਈ ਨਿਵਾਸੀ ਸਥਿਤੀ ਦੀਆਂ ਅਰਜ਼ੀਆਂ ਦੀ ਬਹਾਲੀ (ਵਿਜ਼ਿਟਰਾਂ, ਕਾਮਿਆਂ ਅਤੇ ਵਿਦਿਆਰਥੀਆਂ ਲਈ), ਕੈਨੇਡਾ ਵਾਪਸ ਜਾਣ ਲਈ ਅਧਿਕਾਰਤ ਅਰਜ਼ੀਆਂ, ਅਪਰਾਧਿਕ ਮੁੜ-ਵਸੇਬੇ ਦੀਆਂ ਅਰਜ਼ੀਆਂ (ਗੰਭੀਰ ਅਪਰਾਧਾਂ ਸਮੇਤ) ਅਤੇ ਅਸਥਾਈ ਨਿਵਾਸੀ ਪਰਮਿਟ (ਟੀ.ਆਰ.ਪੀ.) ਅਰਜ਼ੀਆਂ ਸ਼ਾਮਲ ਹਨ। ਇਸ 'ਚ ਪੰਜਾਬੀ ਮੂਲ ਦੇ ਨੌਜਵਾਨ ਸਭ ਤੋਂ ਵੱਧ ਪ੍ਰਭਾਵਿਤ ਹੋਣਗੇ।

ਕੈਨੇਡਾ ਦੇ ਆਈ.ਆਰ.ਸੀ.ਸੀ. ਨੇ ਅਜੇ ਤੱਕ ਨਵੀਂ ਫੀਸ ਨੂੰ ਅਪਡੇਟ ਨਹੀਂ ਕੀਤਾ ਹੈ ਪਰ ਕਿਹਾ ਹੈ ਕਿ ਇਹ 1 ਦਸੰਬਰ ਨੂੰ ਵਧਾ ਦਿੱਤੀ ਜਾਵੇਗੀ। ਇਕ ਕੈਨੇਡਾ ਇਮੀਗ੍ਰੇਸ਼ਨ ਮਾਹਿਰ ਦਾ ਕਹਿਣਾ ਹੈ ਕਿ ਕੈਨੇਡਾ ਦਿਨ-ਬ-ਦਿਨ ਅਜਿਹੇ ਕਦਮ ਚੁੱਕ ਰਿਹਾ ਹੈ, ਜਿਸ ਦਾ ਸਭ ਤੋਂ ਵੱਧ ਅਸਰ ਪੰਜਾਬ ਦੇ ਨੌਜਵਾਨਾਂ 'ਤੇ ਪੈ ਰਿਹਾ ਹੈ। ਸਰਕਾਰੀ ਅੰਕੜਿਆਂ ਅਨੁਸਾਰ ਸਾਲ 2023 ਵਿਚ 319,130 ਭਾਰਤੀ ਵਿਦਿਆਰਥੀ ਪੜ੍ਹਦੇ ਹਨ। ਦੂਜੇ ਪਾਸੇ ਸਰਕਾਰੀ ਅੰਕੜੇ ਇਹ ਵੀ ਦੱਸਦੇ ਹਨ ਕਿ ਸਾਲ 2023 ਵਿਚ 807,750 ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਅਧਿਐਨ ਵੀਜ਼ਾ ਦਿੱਤਾ ਗਿਆ ਹੈ।

ਕੈਨੇਡੀਅਨ ਸਰਕਾਰ ਵੱਲੋਂ ਫੀਸਾਂ ਵਿਚ ਕੀਤਾ ਗਿਆ ਵਾਧਾ ਵਿਦਿਆਰਥੀਆਂ ਅਤੇ ਉੱਥੇ ਵਰਕ ਪਰਮਿਟ ਰੱਖਣ ਵਾਲਿਆਂ 'ਤੇ ਸਿੱਧਾ ਬੋਝ ਹੈ। ਸਟੱਡੀ ਵੀਜ਼ਾ ਮਾਹਿਰ ਦਾ ਕਹਿਣਾ ਹੈ ਕਿ ਫੀਸਾਂ ਵਿਚ ਵਾਧੇ ਦਾ ਸਿੱਧਾ ਅਸਰ ਪੰਜਾਬ ਤੋਂ ਕੈਨੇਡਾ ਜਾਣ ਵਾਲੇ ਵਿਦਿਆਰਥੀਆਂ 'ਤੇ ਪਵੇਗਾ। ਇਸ ਤੋਂ ਪਹਿਲਾਂ ਪੰਜਾਬ ਵਾਸੀ ਇਹ ਫੀਸਾਂ ਬੜੀ ਮੁਸ਼ਕਲ ਨਾਲ ਅਦਾ ਕਰਦੇ ਸਨ ਕਿਉਂਕਿ ਕੈਨੇਡਾ ਜਾਣ ਦਾ ਇਕ ਸਾਲ ਦਾ ਅਧਿਐਨ ਅਤੇ ਹੋਰ ਖਰਚਾ 25 ਤੋਂ 30 ਲੱਖ ਰੁਪਏ ਤੱਕ ਪਹੁੰਚ ਗਿਆ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com



# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਲਗਾਏ ਆਰ.ਓ. ਸਿਸਟਮ ਦਾ ਕੈਬਨਿਟ ਮੰਤਰੀ ਪੰਜਾਬ ਵੱਲੋਂ ਉਦਘਾਟਨ





**ਮਲੋਟ, (ਪੰਜਾਬ ਮੇਲ)-** ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਲੜੀ ਤਹਿਤ ਸ. ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸਰਕਾਰੀ ਪ੍ਰਾਇਮਰੀ ਸਕੂਲ ਵੈਸਟ 2 ਮੰਡੀ ਹਰਜੀਰਾਮ ਮਲੋਟ ਵਿਖੇ ਬੱਚਿਆਂ ਨੂੰ ਸਾਫ ਪਾਣੀ ਪੀਣ ਲਈ ਮੁਫ਼ਤ ਆਰ.ਓ. ਸਿਸਟਮ ਲਗਾਇਆ ਗਿਆ ਸੀ, ਜਿਸ ਦਾ ਉਦਘਾਟਨ ਡਾਕਟਰ ਬਲਜੀਤ ਕੌਰ ਮਾਨਯੋਗ ਕੈਬਨਿਟ ਮੰਤਰੀ ਪੰਜਾਬ ਸਰਕਾਰ ਵੱਲੋਂ ਅਪਣੇ ਕਰ ਕਮਲਾਂ ਨਾਲ ਕੀਤਾ ਗਿਆ। ਉਦਘਾਟਨ ਉਪਰੰਤ ਆਪਣੇ ਭਾਸ਼ਣ ਵਿਚ ਕੈਬਨਿਟ ਮੰਤਰੀ ਪੰਜਾਬ ਸਰਕਾਰ ਵੱਲੋਂ ਡਾ. ਐੱਸ.ਪੀ. ਸਿੰਘ ਓਬਰਾਏ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਗਈ ਅਤੇ ਟਰੱਸਟ ਵੱਲੋਂ ਦੁਨੀਆਂ ਭਰ ਵਿਚ ਕੀਤੇ ਜਾ ਰਹੇ ਮਾਨਵਤਾ ਦੀ ਭਲਾਈ ਲਈ ਕੰਮਾਂ ਦੀ ਵੀ ਚਰਚਾ ਕੀਤੀ ਗਈ। ਅਰਵਿੰਦਰ ਪਾਲ ਸਿੰਘ ਚਾਹਲ



**ਡਾ. ਐੱਸ.ਪੀ. ਸਿੰਘ ਓਬਰਾਏ।**

ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਮਾਲਵਾ ਖੇਤਰ ਦਾ ਪਾਣੀ ਬਹੁਤ ਹੀ ਜ਼ਹਿਰੀਲਾ ਹੋਣ ਕਾਰਨ ਬੱਚੇ ਵੱਖ-ਵੱਖ ਬੀਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਆਰ.ਓ. ਲੱਗਣ ਉਪਰੰਤ ਸਕੂਲ ਦੇ ਵਿਦਿਆਰਥੀਆਂ, ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਮਾਪਿਆਂ ਵੱਲੋਂ ਡਾ. ਓਬਰਾਏ ਦਾ ਧੰਨਵਾਦ ਕੀਤਾ ਗਿਆ। ਅਨਿਲ ਜੁਨੇਜਾ ਪ੍ਰਧਾਨ ਮਲੋਟ ਇਕਾਈ ਨੇ ਕਿਹਾ ਕਿ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਮਲੋਟ ਏਰੀਆ ਵਿਚ ਇਸ ਤੋਂ ਪਹਿਲਾਂ ਵੀ 18 ਆਰ.ਓ. ਸਿਸਟਮ ਵੱਖ-ਵੱਖ ਸਕੂਲਾਂ ਵਿਚ ਲਗਾਏ ਜਾ ਚੁੱਕੇ ਹਨ। ਇਸ ਮੌਕੇ ਅਰਸ਼ਦੀਪ ਸਿੰਘ ਪੀ.ਏ., ਅਰਵਿੰਦਰ ਪਾਲ ਸਿੰਘ ਚਾਹਲ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ, ਅਨਿਲ ਜੁਨੇਜਾ ਪ੍ਰਧਾਨ ਮਲੋਟ ਇਕਾਈ, ਜਸਬੀਰ ਸਿੰਘ ਰਿਟਾਇਰਡ ਏ.ਐੱਸ.ਆਈ., ਅਸ਼ੋਕ ਕੁਮਾਰ, ਜਸਵਿੰਦਰ ਸਿੰਘ ਵਾਲੀਆ, ਸੁਭਾਸ਼ ਦਹੂਜਾ, ਸੋਹਣ ਲਾਲ ਗੁੰਬਰ, ਜਗਜੀਤ ਸਿੰਘ ਔਲਖ, ਭਗਤ ਸਿੰਘ ਵਾਲੀਆ, ਬਲਜੀਤ ਕੌਰ, ਅੰਜਨਾ ਰਾਣੀ, ਕਿਰਨਾ ਰਾਣੀ, ਸੰਤੋਸ਼ ਰਾਣੀ, ਅਨਿਲ ਗੌਦਾਰਾ, ਸਕੂਲ ਪ੍ਰਿੰਸੀਪਲ, ਸਮੂਹ ਸਟਾਫ, ਮਲੋਟ ਸ਼ਹਿਰ ਦੇ ਪਤਵੰਤੇ ਹਾਜ਼ਰ ਸਨ।

# ਡਾ. ਓਬਰਾਏ ਦੇ ਯਤਨਾਂ ਸਦਕਾ ਰਮਨ ਕੁਮਾਰ ਦੀ ਮ੍ਰਿਤਕ ਦੇਹ 38 ਦਿਨਾਂ ਬਾਅਦ ਅੰਮ੍ਰਿਤਸਰ ਦੇ ਹਵਾਈ ਅੱਡੇ ਰਾਜਾਸਾਂਸੀ ਪੁੱਜੀ





**ਅੰਮਿਤਸਰ ਦੇ ਹਵਾਈ ਅੱਡਾ ਰਾਜਾਸਾਂਸੀ ਵਿਖੇ ਰਮਨ ਕੁਮਾਰ ਦੀ ਮ੍ਰਿਤਕ ਦੇਹ ਪਰਿਵਾਰ ਨੂੰ ਸੌਂਪਣ ਮੌਕੇ ਟਰੱਸਟ ਦੇ ਮੈਂਬਰ ਤੇ ਰਮਨ ਕੁਮਾਰ ਦੀ ਫਾਈਲ ਫੋਟੋ।**

**ਰਾਜਾਸਾਂਸੀ, (ਪੰਜਾਬ ਮੇਲ)-** ਦੁਬਈ ਦੇ ਉੱਘੇ ਕਾਰੋਬਾਰੀ ਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਸਰਪ੍ਰਸਤ ਡਾ. ਐੱਸ.ਪੀ. ਸਿੰਘ ਓਬਰਾਏ ਦੇ ਯਤਨਾਂ ਸਦਕਾ ਹੁਸ਼ਿਆਰਪੁਰ ਜ਼ਿਲ੍ਹੇ ਦੇ ਕਸਬਾ ਉੜਮੁੜ ਨਾਲ ਸੰਬੰਧਿਤ 37 ਸਾਲਾ ਰਮਨ ਕੁਮਾਰ ਪੁੱਤਰ ਸੁਰਿੰਦਰ ਪਾਲ ਦੀ ਮ੍ਰਿਤਕ ਦੇਹ ਮੌਤ ਤੋਂ ਕਰੀਬ 38 ਦਿਨਾਂ ਬਾਅਦ ਦੁਬਈ ਤੋਂ ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਕੌਮਾਂਤਰੀ ਹਵਾਈ ਅੱਡਾ ਰਾਜਸਾਂਸੀ ਵਿਖੇ ਪੁੱਜੀ। ਮ੍ਰਿਤਕ ਦੇਹ ਸਰਬੱਤ ਦਾ ਭਲਾ ਟਰੱਸਟ ਦੇ ਜ਼ਿਲ੍ਹਾ ਜਨਰਲ ਸਕੱਤਰ ਮਨਪ੍ਰੀਤ ਸੰਧੂ ਵਲੋਂ ਪ੍ਰਾਪਤ ਕਰਕੇ ਪਰਿਵਾਰਿਕ ਮੈਂਬਰਾਂ ਨੂੰ ਸੌਂਪੀ ਗਈ। ਇਸ ਸੰਬੰਧੀ ਜਾਣਕਾਰੀ ਸਾਂਝੀ ਕਰਦਿਆਂ ਡਾ. ਐੱਸ.ਪੀ. ਓਬਰਾਏ ਨੇ ਦੱਸਿਆ ਕਿ ਰਮਨ ਕੁਮਾਰ ਹੋਰਨਾਂ ਨੌਜਵਾਨਾਂ ਵਾਂਗ ਕਰੀਬ 7 ਵਰ੍ਹੇ ਪਹਿਲਾਂ ਆਪਣੇ ਬਿਹਤਰ ਭਵਿੱਖ ਲਈ ਸੁਪਨੇ ਲੈ ਕੇ ਦੁਬਈ ਆਇਆ ਸੀ, ਜਿਸ ਦੀ 22 ਅਕਤੂਬਰ ਨੂੰ ਅਚਾਨਕ ਦਿਲ ਦਾ ਦੌਰਾ ਪੈਣ ਕਾਰਣ ਮੌਤ ਹੋ ਗਈ। ਉਨ੍ਹਾਂ ਦੱਸਿਆ ਕਿ ਇਸ ਮੰਦਭਾਗੀ ਘਟਨਾ ਸੰਬੰਧੀ ਮ੍ਰਿਤਕ ਰਮਨ ਕੁਮਾਰ ਦੇ ਮਾਸੀ ਦੇ ਪੁੱਤਰ ਸਾਗਰ ਤੇ ਉਸ ਦੇ ਦੋਸਤਾਂ ਨੇ ਸੰਪਰਕ ਕਰਕੇ ਆਪਣੇ ਨਾਲ ਵਾਪਰੀ ਇਸ ਘਟਨਾ ਬਾਰੇ ਜਾਣੂੰ ਕਰਵਾਉਂਦਿਆਂ ਆਪਣੇ ਭਰਾ ਦਾ ਮ੍ਰਿਤਕ ਸਰੀਰ ਉਸ ਦੇ ਵਾਰਸਾਂ ਤੱਕ ਭੇਜਣ ਲਈ ਕਿਹਾ ਸੀ। ਜਿਸ ਸੰਬੰਧੀ ਉਨ੍ਹਾਂ ਭਾਰਤੀ ਦੂਤਾਵਾਸ ਦੀ ਮਦਦ ਨਾਲ ਆਪਣੇ ਨਿੱਜੀ ਸਹਾਇਕ ਬਲਦੀਪ ਸਿੰਘ ਚਾਹਲ ਦੀ ਦੇਖ-ਰੇਖ ਹੇਠ ਸਾਰੇ ਲੋੜੀਂਦੇ ਕਾਗਜ਼ਾਤ ਮੁਕੰਮਲ ਕਰਵਾ ਕੇ ਰਮਨ ਕੁਮਾਰ ਦੀ ਮ੍ਰਿਤਕ ਦੇਹ ਨੂੰ ਭਾਰਤ ਪਹੁੰਚਾਇਆ। ਡਾ. ਓਬਰਾਏ ਨੇ ਇੱਥੇ ਇਹ ਵੀ ਸਪੱਸ਼ਟ ਕੀਤਾ ਕਿ ਰਮਨ ਕੁਮਾਰ ਦਾ ਮ੍ਰਿਤਕ ਸਰੀਰ ਭਾਰਤ ਭੇਜਣ ਲਈ ਆਇਆ ਖ਼ਰਚ ਉਸ ਦੇ ਦੋਸਤਾਂ ਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵਲੋਂ ਸਾਂਝੇ ਤੌਰ 'ਤੇ ਕੀਤਾ ਗਿਆ ਹੈ। ਮ੍ਰਿਤਕ ਦੇਹ ਲੈਣ ਹਵਾਈ ਅੱਡਾ ਰਾਜਾਸਾਂਸੀ ਪੁੱਜੇ ਰਮਨ ਕੁਮਾਰ ਦੇ ਜੀਜਾ ਸੂਰਜ ਤੋਂ ਇਲਾਵਾ ਭਰਾ ਸੁਨੀਲ ਕੁਮਾਰ ਤੇ ਪ੍ਰਿੰਸ ਨੇ ਭਾਵੁਕ ਹੁੰਦਿਆਂ ਦੱਸਿਆ ਕਿ ਰਮਨ ਕੁਮਾਰ ਆਪਣੇ ਪਿੱਛੇ ਬਜ਼ੁਰਗ ਮਾਪਿਆਂ ਤੋਂ ਇਲਾਵਾ ਆਪਣੇ ਭੈਣ ਭਰਾਵਾਂ ਨੂੰ ਰੋਂਦਿਆਂ ਕੁਰਲਾਉਂਦਿਆਂ ਛੱਡ ਗਿਆ ਹੈ। ਉਨ੍ਹਾਂ ਡਾ. ਐੱਸ.ਪੀ. ਓਬਰਾਏ ਦਾ ਇਸ ਔਖੀ ਘੜੀ ਵੇਲੇ ਉਨ੍ਹਾਂ ਦੀ ਵੱਡੀ ਮਦਦ ਕਰਨ ਲਈ ਵਿਸ਼ੇਸ ਧੰਨਵਾਦ ਕਰਦਿਆਂ ਕਿਹਾ ਕਿ ਉਹ ਇਸ ਪਰਉਪਕਾਰ ਨੂੰ ਹਮੇਸ਼ਾਂ ਯਾਦ ਰੱਖਣਗੇ।



# ਕਸ਼ ਪਟੇਲ ਬਣੇ ਐੱਫ.ਬੀ.ਆਈ. ਦੇ ਡਾਇਰੈਕਟਰ; ਟਰੰਪ ਵੱਲੋਂ ਸੋਸ਼ਲ ਮੀਡੀਆ ’ਤੇ ਐਲਾਨ



**ਵਾਸ਼ਿੰਗਟਨ, (ਰਾਜ ਗੋਗਨਾ/ਪੰਜਾਬ ਮੇਲ)**- ਅਮਰੀਕਾ ’ਚ ਗੁਜਰਾਤੀ ਮੂਲ ਦੇ ਇਕ ਭਾਰਤੀ ਕਸ਼ ਪਟੇਲ ਨੂੰ ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ (ਐੱਫ.ਬੀ.ਆਈ.) ਦਾ ਡਾਇਰੈਕਟਰ ਨਾਮਜ਼ਦ ਕੀਤਾ ਗਿਆ ਹੈ। ਡੋਨਾਲਡ ਟਰੰਪ ਨੇ ਬੀਤੇ ਸ਼ਨੀਵਾਰ ਨੂੰ ਆਪਣੇ ਵਿਸ਼ਵਾਸਪਾਤਰ ਕਸ਼ ਪਟੇਲ ਨੂੰ ਐੱਫ.ਬੀ.ਆਈ. ਡਾਇਰੈਕਟਰ ਦੇ ਅਹੁਦੇ ਲਈ ਨਾਮਜ਼ਦ ਕੀਤਾ। ਇਸ ਦੇ ਨਾਲ ਹੀ ਮੂਲ ਰੂਪ ਵਿਚ ਗੁਜਰਾਤ ਦੇ ਰਹਿਣ ਵਾਲੇ ਕਸ਼ ਪਟੇਲ ਵੀ ਟਰੰਪ ਸਰਕਾਰ ਵਿਚ ਉੱਚ ਅਹੁਦੇ ਦੇ ਨਾਲ ਭਾਰਤੀ-ਅਮਰੀਕੀ ਬਣ ਗਏ ਹਨ। ਡੋਨਾਲਡ ਟਰੰਪ ਨੇ ਵੀ ਕਸ਼ ਪਟੇਲ ਨੂੰ ਅਪਰਾਧ ਦਰ ਨੂੰ ਘਟਾਉਣ ਅਤੇ ਅਪਰਾਧਿਕ ਗਤੀਵਿਧੀਆਂ ਵਿਚ ਸ਼ਾਮਲ ਸਮੂਹਾਂ ਨੂੰ ਗ੍ਰਿਫਤਾਰ ਕਰਨ ਦੀ ਵੱਡੀ ਜ਼ਿੰਮੇਵਾਰੀ ਸੌਂਪਣ ਦੀ ਤਿਆਰੀ ਸੌਂਪੀ ਹੈ। ਟਰੰਪ ਨੇ ਸੋਸ਼ਲ ਮੀਡੀਆ ਰਾਹੀਂ ਇਹ ਐਲਾਨ ਕੀਤਾ ਹੈ। ਕਸ਼ ਪਟੇਲ ਐੱਫ.ਬੀ.ਆਈ. ਦੇ ਡਾਇਰੈਕਟਰ ਵਜੋਂ ਕੰਮ ਕਰਨਗੇ। ਡੋਨਾਲਡ ਟਰੰਪ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ ’ਤੇ ਪੋਸਟ ਕਰਕੇ ਕਸ਼ ਪਟੇਲ ਦੀ ਤਾਰੀਫ ਕੀਤੀ। ਉਨ੍ਹਾਂ ਆਸ ਪ੍ਰਗਟਾਈ ਕਿ ਕਸ਼ ਪਟੇਲ ਇਸ ਜ਼ਿੰਮੇਵਾਰੀ ਨੂੰ ਬਾਖੂਬੀ ਨਿਭਾਉਣਗੇ ਅਤੇ ਉਹ ਇਸ ਅਹੁਦੇ ’ਤੇ ਰਹਿੰਦਿਆਂ ਕਈ ਪ੍ਰਾਪਤੀਆਂ ਵੀ ਕਰਨਗੇ।

ਜ਼ਿਕਰਯੋਗ ਹੈ ਕਿ ਕਸ਼ ਪਟੇਲ ਟਰੰਪ ਸਰਕਾਰ ’ਚ ਅਮਰੀਕੀ ਰੱਖਿਆ ਵਿਭਾਗ ’ਚ ਚੀਫ ਆਫ ਸਟਾਫ, ਨੈਸ਼ਨਲ ਇੰਟੈਲੀਜੈਂਸ ਦੇ ਡਿਪਟੀ ਡਾਇਰੈਕਟਰ ਅਤੇ ਨੈਸ਼ਨਲ ਸਕਿਓਰਿਟੀ ਕੌਂਸਲ ਦੇ ਡਿਪਟੀ ਡਾਇਰੈਕਟਰ ਦੇ ਤੌਰ ’ਤੇ ਵੀ ਕੰਮ ਕਰ ਚੁੱਕੇ ਹਨ। ਇਸ ਦੇ ਨਾਲ ਹੀ ਕਸ਼ ਪਟੇਲ ਰਾਸ਼ਟਰੀ ਸੁਰੱਖਿਆ ਪਰਿਸ਼ਦ ਵਿਚ ਅੱਤਵਾਦ ਵਿਰੋਧੀ ਦੇ ਸੀਨੀਅਰ ਨਿਰਦੇਸ਼ਕ ਦੇ ਰੂਪ ਵਿਚ ਵੀ ਕੰਮ ਕਰ ਚੁੱਕੇ ਹਨ। ਡੋਨਾਲਡ ਟਰੰਪ ਨੇ ਕਸ਼ ਪਟੇਲ ਨੂੰ ਅਮਰੀਕਾ ਫਸਟ ਦਾ ਯੋਧਾ ਕਹਿ ਕੇ ਸੰਬੋਧਨ ਕੀਤਾ। ਇੰਨਾ ਹੀ ਨਹੀਂ, ਉਨ੍ਹਾਂ ਨੇ ਰੂਸ ਹੋਕਸ ਦੀ ਜਾਂਚ ’ਚ ਉਨ੍ਹਾਂ ਦੇ ਬੇਮਿਸਾਲ ਯੋਗਦਾਨ ਦੀ ਵੀ ਸ਼ਲਾਘਾ ਕੀਤੀ। ਟਰੰਪ ਨੇ ਕਿਹਾ ਕਿ (ਕਸ਼ਯਪ) ਕਸ਼ ਪਟੇਲ ਨੇ ਭ੍ਰਿਸ਼ਟਾਚਾਰ ਦੇ ਖਾਤਮੇ, ਨਿਆਂ ਦੀ ਰੱਖਿਆ ਅਤੇ ਅਮਰੀਕੀ ਨਾਗਰਿਕਾਂ ਦੀ ਸੁਰੱਖਿਆ ਲਈ ਬੇਮਿਸਾਲ ਯੋਗਦਾਨ ਪਾਇਆ ਹੈ। ਕਸ਼ ਪਟੇਲ ਅਟਾਰਨੀ ਜਨਰਲ ਪਾਮ ਬੋਂਡੀ ਦੇ ਅਧੀਨ ਕੰਮ ਕਰਨਗੇ। ਟਰੰਪ ਨੇ ਉਨ੍ਹਾਂ ਨੂੰ ਅਪਰਾਧ ਦਰ ਨੂੰ ਰੋਕਣ, ਨਸ਼ੀਲੇ ਪਦਾਰਥਾਂ ਦੀ ਤਸਕਰੀ ’ਤੇ ਸ਼ਿਕੰਜਾ ਕੱਸਣ ਸਮੇਤ ਜ਼ਿੰਮੇਵਾਰੀਆਂ ਸੌਂਪੀਆਂ ਹਨ

# ਦੱਖਣੀ ਕੈਰੋਲੀਨਾ ਕਸਬੇ ਦੇ ਮੇਅਰ ਦੀ ਸੜਕ ਹਾਦਸੇ ’ਚ ਮੌਤ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਅਮਰੀਕਾ ਦੇ



ਦੱਖਣੀ ਕੈਰੋਲੀਨਾ ਰਾਜ ਦੇ ਮੈਕੋਲ ਕਸਬੇ ਦੇ ਮੇਅਰ ਜਾਰਜ ਗਾਰਨਰ ਦੇ ਇਕ ਸੜਕ ਹਾਦਸੇ ’ਚ ਮਾਰੇ ਜਾਣ ਦੀ ਖਬਰ ਹੈ। ਪ੍ਰਾਪਤ ਵੇਰਵੇ ਅਨੁਸਾਰ ਜਿਸ ਸਮੇ ਇਹ ਹਾਦਸਾ ਹੋਇਆ ਉਸ ਸਮੇ ਸ਼ੈਰਿਫ ਦਫਤਰ ਦੇ ਪੁਲਿਸ ਅਫਸਰ ਵੀ ਉਨ੍ਹਾਂ ਦੇ ਪਿੱਛੇ ਜਾ ਰਹੇ ਸਨ। ਸਾਊਥ ਕੈਰੋਲੀਨਾ ਹਾਈਵੇਅ ਗਸ਼ਤੀ ਦਲ ਨੇ ਜਨਤਿਕ ਰੇਡੀਓ ਤੇ ਸਟੇਟ ਨਿਊਜ਼ ਪੇਪਰ ਕੋਲ ਹਾਦਸੇ ਦੀ ਪੁਸ਼ਟੀ ਕਰਦਿਆਂ ਕਿਹਾ ਹੈ ਕਿ ਹਾਦਸਾ ਡਾਰਲਿੰਗਟਨ ਕਾਊਂਟੀ ਦੇ ਕਸਬੇ ਮੈਕਾਨਿਕਸਵਿਲੇ, ਦੱਖਣੀ ਕੈਰੋਲੀਨਾ ’ਚ ਦੁਪਹਿਰ ਬਾਅਦ ਬੀਤੇ ਦਿਨੀਂ 2.40 ਵਜੇ ਦੇ ਆਸ-ਪਾਸ ਉਸ ਵੇਲੇ ਹੋਇਆ, ਜਦੋਂ ਮੇਅਰ ਦੀ ਕਾਰ ਵਾਲਵੋ ਟਰੈਕਟਰ ਟਰਾਲੇ ਨਾਲ ਟਕਰਾਅ ਗਈ। ਕਾਰ ਵਿਚ ਉਹ ਇੱਕਲੇ ਹੀ ਸਨ। ਗਾਰਨਰ ਨੂੰ ਨੇੜੇ ਇਕ ਹਸਪਤਾਲ ’ਚ ਲਿਜਾਇਆ ਗਿਆ, ਜਿਥੇ ਉਹ ਦਮ ਤੋੜ ਗਿਆ। ਹਾਦਸੇ ਵਿਚ ਟਰੈਕਟਰ ਟਰਾਲੇ ਦਾ ਡਰਾਈਵਰ ਵੀ ਜ਼ਖਮੀ ਹੋਇਆ ਹੈ, ਜੋ ਹਸਪਤਾਲ ਵਿਚ ਦਾਖਲ ਹੈ। ਗਾਰਨਰ ਹਾਲ ਹੀ ਵਿਚ ਮਾਰਲਬੋਰੋ ਕਾਊਂਟੀ ਦੇ ਤਕਰੀਬਨ 1900 ਦੀ ਆਬਾਦੀ ਵਾਲੇ ਕਸਬੇ ਮੈਕੋਲ ਦੇ ਮੁੜ ਮੇਅਰ ਚੁਣੇ ਗਏ ਸਨ।


ਰੋਜ਼ਾਨਾ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ :

www.punjabmailusa.com


# ਮਸਕ ਦੀ ਕੰਪਨੀ ਸਪੇਸਐਕਸ ਵੱਲੋਂ ਪੁਲਾੜ ਖੋਜ ’ਚ ਨਵੀਂ ਕ੍ਰਾਂਤੀ ਲਿਆਉਣ ਦੀ ਦਿਸ਼ਾ ’ਚ ਮਹੱਤਵਪੂਰਨ ਕਦਮ

**ਵਾਸ਼ਿੰਗਟਨ, (ਪੰਜਾਬ ਮੇਲ)**- ਐਲੋਨ ਮਸਕ ਦੀ ਕੰਪਨੀ



ਸਪੇਸਐਕਸ ਨੇ ਪੁਲਾੜ ਖੋਜ ਵਿਚ ਇੱਕ ਨਵੀਂ ਕ੍ਰਾਂਤੀ ਲਿਆਉਣ ਦੀ ਦਿਸ਼ਾ ਵਿਚ ਇੱਕ ਹੋਰ ਮਹੱਤਵਪੂਰਨ ਕਦਮ ਚੁੱਕਿਆ ਹੈ। ਕੰਪਨੀ ਨੇ ਇੱਕ ਅਤਿ-ਆਧੁਨਿਕ ਅਤੇ ਸ਼ਕਤੀਸ਼ਾਲੀ ਰਾਕੇਟ, ਸਟਾਰਸ਼ਿਪ ਤਿਆਰ ਕੀਤੀ ਹੈ, ਜਿਸਦਾ ਉਦੇਸ਼ ਮਨੁੱਖਾਂ ਨੂੰ 90 ਦਿਨਾਂ ਵਿਚ ਮੰਗਲ ਗ੍ਰਹਿ ’ਤੇ ਲਿਜਾਣਾ ਹੈ। ਇਹ ਪ੍ਰੋਜੈਕਟ ਮਸਕ ਦੇ ਉਸ ਸੁਪਨੇ ਦਾ ਹਿੱਸਾ ਹੈ, ਜਿਸ ਵਿਚ ਉਹ ਮੰਗਲ ਗ੍ਰਹਿ ’ਤੇ ਮਨੁੱਖੀ ਬਸਤੀ ਸਥਾਪਤ ਕਰਨ ਦੀ ਕਲਪਨਾ ਕਰ ਰਿਹਾ ਹੈ। ਵਰਤਮਾਨ ਵਿਚ, ਮੰਗਲ ’ਤੇ ਪਹੁੰਚਣ ਲਈ ਛੇ ਤੋਂ ਨੌਂ ਮਹੀਨੇ ਲੱਗਦੇ ਹਨ, ਪਰ ਸਪੇਸਐਕਸ ਇਸ ਯਾਤਰਾ ਨੂੰ ਪਹਿਲਾਂ ਨਾਲੋਂ ਬਹੁਤ ਤੇਜ਼ ਅਤੇ ਕੁਸ਼ਲ ਬਣਾਉਣ ਦੀ ਤਿਆਰੀ ਕਰ ਰਿਹਾ ਹੈ।

ਸਟਾਰਸ਼ਿਪਾਂ ਨੂੰ ਬਹੁਤ ਜ਼ਿਆਦਾ ਗਤੀ ਪ੍ਰਦਾਨ ਕਰਨ ਲਈ ਤਿਆਰ ਕੀਤਾ ਗਿਆ ਹੈ। ਇਹ ਰਾਕੇਟ 36,000 ਕਿਲੋਮੀਟਰ ਪ੍ਰਤੀ ਘੰਟੇ ਤੋਂ ਜ਼ਿਆਦਾ ਦੀ ਰਫਤਾਰ ਨਾਲ ਯਾਤਰਾ ਕਰਨ ਦੇ ਸਮਰੱਥ ਹੈ। ਇਸ ਬੇਮਿਸਾਲ ਗਤੀ ਕਾਰਨ ਧਰਤੀ ਅਤੇ ਮੰਗਲ ਵਿਚਕਾਰ ਔਸਤਨ 225 ਮਿਲੀਅਨ ਕਿਲੋਮੀਟਰ ਦੀ ਦੂਰੀ ਸਿਰਫ਼ 80-100 ਦਿਨਾਂ ਵਿਚ ਹੀ ਤੈਅ ਹੋ ਜਾਵੇਗੀ। ਇਹ

## 90 ਦਿਨਾਂ ’ਚ ਮੰਗਲ ਗ੍ਰਹਿ ’ਤੇ ਲਿਜਾਣ ਦੀ ਖਿੱਚੀ ਤਿਆਰੀ

ਰਵਾਇਤੀ ਰਾਕੇਟ ਦੇ ਮੁਕਾਬਲੇ ਸਮੇਂ ਦੀ ਬਚਤ ਦੇ ਲਿਹਾਜ਼ ਨਾਲ ਵੱਡੀ ਪ੍ਰਾਪਤੀ ਹੈ। ਵਰਤਮਾਨ ਵਿਚ ਨਾਸਾ ਦੇ ਐੱਸ.ਐੱਲ.ਐੱਸ. (ਸਪੇਸ ਲਾਂਚ ਸਿਸਟਮ) ਅਤੇ ਸਪੇਸਐਕਸ ਦੀ ਸਟਾਰਸ਼ਿਪ ਭਵਿੱਖ ਦੇ ਮਨੁੱਖ ਮਿਸ਼ਨਾਂ ਲਈ ਤਿਆਰ ਕੀਤੀ ਜਾ ਰਹੀ ਹੈ।

ਸਟਾਰਸ਼ਿਪ ਨੂੰ ਵਾਰ-ਵਾਰ ਵਰਤੋਂ ਲਈ ਤਿਆਰ ਕੀਤਾ ਗਿਆ ਹੈ, ਜੋ ਪੁਲਾੜ ਯਾਤਰਾ ਦੀ ਲਾਗਤ ਨੂੰ ਬਹੁਤ ਘੱਟ ਕਰੇਗਾ।

ਇਹ ਰਾਕੇਟ ਨਾ ਸਿਰਫ਼ ਮੁਸਾਫਰਾਂ ਨੂੰ ਸਗੋਂ ਵੱਡੀ ਮਾਤਰਾ ਵਿਚ ਸਾਮਾਨ ਵੀ ਲਿਜਾਣ ਵਿਚ ਸਮਰੱਥ ਹੈ, ਜੋ ਮੰਗਲ ਗ੍ਰਹਿ ’ਤੇ ਸਥਾਈ ਬਸਤੀ ਸਥਾਪਤ ਕਰਨ ਲਈ ਮਹੱਤਵਪੂਰਨ ਹੋਵੇਗਾ। ਯਾਤਰਾ ਦੌਰਾਨ ਇਨ-ਆਰਬਿਟ ਈਂਧਨ ਦੀ ਸਹੂਲਤ, ਰਾਕੇਟ ਨੂੰ ਲੰਬੀ ਦੂਰੀ ਦੀ ਯਾਤਰਾ ਕਰਨ ਲਈ ਊਰਜਾ ਪ੍ਰਦਾਨ ਕਰਦਾ ਹੈ। ਐਲੋਨ ਮਸਕ ਮੰਗਲ ਨੂੰ ਮਨੁੱਖਤਾ ਦਾ ਦੂਜਾ ਘਰ ਬਣਾਉਣ ਦਾ ਸੁਪਨਾ ਦੇਖਦੇ ਹਨ। ਇਸ ਪਿੱਛੇ ਉਨ੍ਹਾਂ ਦੀ ਸੋਚ ਹੈ ਕਿ ਜੇਕਰ ਧਰਤੀ ’ਤੇ ਜੀਵਨ ਨੂੰ ਕਿਸੇ ਤਬਾਹੀ ਕਾਰਨ ਖ਼ਤਰਾ ਹੈ, ਤਾਂ ਮਨੁੱਖੀ ਸੱਭਿਅਤਾ ਨੂੰ ਬਚਾਉਣ ਲਈ ਕੋਈ ਬਦਲਵਾਂ ਗ੍ਰਹਿ ਹੋਣਾ ਚਾਹੀਦਾ ਹੈ। ਮਸਕ ਨੇ ਕਿਹਾ ਹੈ ਕਿ ਮੰਗਲ ’ਤੇ ਮਨੁੱਖੀ ਬਸਤੀ ਸਥਾਪਤ ਕਰਨਾ ਨਾ ਸਿਰਫ਼ ਇੱਕ ਰੋਮਾਂਚਕ ਸੁਪਨਾ ਹੈ, ਸਗੋਂ ਇਹ ਸਾਡੀਆਂ ਪ੍ਰਜਾਤੀਆਂ ਦੇ ਬਚਾਅ ਲਈ ਵੀ ਜ਼ਰੂਰੀ ਹੈ।

# ਕੈਨੇਡਾ ’ਚ ਛੁਰੇਬਾਜ਼ੀ ਦੀ ਘਟਨਾ ’ਚ ਪੰਜਾਬੀ ਨੌਜਵਾਨ ਦਾ ਕਤਲ

**ਓਨਟਾਰੀਓ, (ਪੰਜਾਬ ਮੇਲ)**- ਕੈਨੇਡੀਅਨ ਸੂਬੇ ਓਨਟਾਰੀਓ ਦੇ ਸ਼ਹਿਰ



ਸਾਰਨੀਆ ਦੀ ਕਵੀਨ ਸਟਰੀਟ ’ਤੇ ਬੀਤੇ ਐਤਵਾਰ ਨੂੰ ਕਿਰਾਏ ਦੇ ਮਕਾਨ ’ਚ ਛੁਰੇਬਾਜ਼ੀ ਦੀ ਘਟਨਾ ਵਾਪਰੀ, ਜਿਸ ਵਿਚ ਪੰਜਾਬੀ ਨੌਜਵਾਨ ਗੁਰਾਸੀਸ ਸਿੰਘ ਦੀ ਮੌਤ ਹੋ ਗਈ। ਮੰਗਲਵਾਰ ਨੂੰ ਪੋਸਟ ਮਾਰਟਮ ਦੀ ਜਾਂਚ ਪੂਰੀ ਹੋਣ ਤੋਂ ਬਾਅਦ, ਸਾਰਨੀਆ ਪੁਲਿਸ ਨੇ ਪੀੜਤ ਦੀ ਪਛਾਣ 22 ਸਾਲਾ ਗੁਰਾਸੀਸ ਸਿੰਘ ਵਜੋਂ ਕੀਤੀ, ਜੋ ਕਿ ਇੱਕ ਭਾਰਤੀ ਨਾਗਰਿਕ ਸੀ ਅਤੇ ਲੈਂਬਟਨ ਕਾਲਜ ਵਿਚ ਪੜ੍ਹਾਈ ਕਰ ਰਿਹਾ ਸੀ। ਪੁਲਿਸ ਮੁਤਾਬਕ ਇਸ ਮਾਮਲੇ ਵਿਚ 36 ਸਾਲਾ ਕਰਾਸਲੇ ਹੰਟਰ ’ਤੇ ਸੈਕਿੰਡ ਡਿਗਰੀ ਕਤਲ ਦਾ ਦੋਸ਼ ਲਗਾਇਆ ਗਿਆ ਹੈ।

ਸਾਰਨੀਆ ਪੁਲਿਸ ਦੇ ਇਕ ਬਿਆਨ ਮੁਤਾਬਕ ਪੀੜਤ ਅਤੇ ਕਥਿਤ ਹਮਲਾਵਰ ਇੱਕੋ ਕਮਰੇ ਵਿਚ ਕਿਰਾਏ ’ਤੇ ਰਹਿੰਦੇ ਸਨ ਅਤੇ “ਰਸੋਈ ਵਿਚ ਉਨ੍ਹਾਂ ਵਿਚਾਲੇ ਹੱਥੋਪਾਈ ਹੋ ਗਈ ਸੀ। ਇਸ ਝਗੜੇ ਕਾਰਨ ਮੁਲਜ਼ਮ ਨੇ ਗੁਰਾਸੀਸ ਸਿੰਘ ਨੂੰ ਕਥਿਤ ਤੌਰ ’ਤੇ ਕਈ ਵਾਰ ਚਾਕੂ ਮਾਰਿਆ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਸਾਰਨੀਆ ਸਥਿਤ ਕਾਲਜ ਨੇ ਵੀ ਇੱਕ ਬਿਆਨ ਵਿਚ ਇਸ ਦੀ ਪੁਸ਼ਟੀ ਕੀਤੀ ਕਿ ਗੁਰਾਸੀਸ ਸਿੰਘ ਬਿਜ਼ਨੈੱਸ ਮੈਨੇਜਮੈਂਟ ਦੀ ਪੜ੍ਹਾਈ ਕਰ ਰਿਹਾ ਸੀ, ਜਦੋਂਕਿ 2 ਦਿਨ ਪਹਿਲਾਂ ਹੀ 194 ਕੁਈਨ ਸੇਂਟ ਲੁਈਸ ਵਿਖੇ ਸਥਿਤ ਉਸ ਦਾ ਕਿਰਾਏ ਦੇ ਮਕਾਨ ਵਿਚ ਚਾਕੂ ਮਾਰ ਕੇ ਕਤਲ ਕੀਤਾ ਗਿਆ।







# ਕੈਨੇਡਾ ਦੀ ਅਦਾਲਤ ਵੱਲੋਂ ਟੋਰਾਂਟੋ ਦੇ ਹਿੰਦੂ ਮੰਦਰ ਦੇ 100 ਮੀਟਰ ਦੇ ਦਾਇਰੇ 'ਚ ਇਕੱਠ ਕਰਨ 'ਤੇ ਪਾਬੰਦੀ

- ਹਿੰਦੂ ਭਾਈਚਾਰੇ ਵੱਲੋਂ ਅਦਾਲਤੀ ਹੁਕਮਾਂ ਦੀ ਸ਼ਲਾਘਾ
- ਮੰਦਰ ਦੇ ਬਾਹਰ ਪ੍ਰਦਰਸ਼ਨ ਕਰ ਰਹੇ ਨੇ ਖਾਲਿਸਤਾਨੀ ਪੱਖੀ



**ਟੋਰਾਂਟੋ, (ਪੰਜਾਬ ਮੇਲ)**- ਇੱਥੋਂ ਦੀ ਅਦਾਲਤ ਨੇ ਇੱਥੋਂ ਦੇ ਲਕਸ਼ਮੀ ਨਰਾਇਣ ਮੰਦਰ ਕੰਪਲੈਕਸ ਦੇ ਸੌ ਮੀਟਰ ਦੇ ਦਾਇਰੇ ਵਿਚ ਖਾਲਿਸਤਾਨੀ ਪ੍ਰਦਰਸ਼ਨਕਾਰੀਆਂ ਦੇ ਇਕੱਠੇ ਹੋਣ 'ਤੇ ਪਾਬੰਦੀ ਲਾ ਦਿੱਤੀ ਹੈ। ਇਸ ਸਬੰਧੀ ਜਾਣਕਾਰੀ ਲਕਸ਼ਮੀ ਨਰਾਇਣ ਮੰਦਰ ਹਿੰਦੂ ਕਲਚਰਲ ਸੁਸਾਇਟੀ ਸਕਾਰਬਰੋ ਨੇ ਦਿੱਤੀ ਹੈ। ਇਸ ਸੁਸਾਇਟੀ ਨੇ ਟੋਰਾਂਟੋ ਪੁਲਿਸ ਦਾ ਮੰਦਰ ਵਿਚ ਲਗਾਏ ਗਏ ਇੰਡੀਅਨ ਕੌਂਸਲਰ ਕੈਂਪ ਦੇ ਸਹਿਯੋਗ ਲਈ ਧੰਨਵਾਦ ਵੀ ਕੀਤਾ ਹੈ। ਸੁਸਾਇਟੀ ਨੇ ਕਿਹਾ ਕਿ ਇਹ ਹੁਕਮ 30 ਨਵੰਬਰ ਤੋਂ ਲਾਗੂ ਹੋ ਗਏ ਹਨ ਤੇ ਅਦਾਲਤ ਨੇ ਇੱਥੇ ਸਵੇਰੇ 8 ਵਜੇ ਤੋਂ ਸ਼ਾਮ 6 ਵਜੇ ਤੱਕ ਕਿਸੇ ਪ੍ਰਦਰਸ਼ਨ ਤੇ ਖਾਲਿਸਤਾਨੀਆਂ ਦੇ ਇਕੱਠੇ ਹੋਣ 'ਤੇ ਪਾਬੰਦੀ ਲਾ ਦਿੱਤੀ ਹੈ। ਉਨ੍ਹਾਂ ਕਿਹਾ ਕਿ ਇਸ ਫੈਸਲੇ ਨਾਲ ਹਿੰਦੂ ਭਾਈਚਾਰੇ ਵਿਚ ਸੁਰੱਖਿਅਤ ਮਾਹੌਲ ਯਕੀਨੀ ਬਣਾਇਆ ਜਾਵੇਗਾ।

ਜ਼ਿਕਰਯੋਗ ਹੈ ਕਿ ਨਵੰਬਰ ਦੇ ਸ਼ੁਰੂ 'ਚ ਬਰੈਂਪਟਨ ਦੇ ਹਿੰਦੂ ਸਭਾ ਮੰਦਰ 'ਚ ਖਾਲਿਸਤਾਨੀ ਝੰਡਿਆਂ ਸਮੇਤ ਪ੍ਰਦਰਸ਼ਨਕਾਰੀਆਂ ਅਤੇ ਲੋਕਾਂ ਵਿਚਕਾਰ ਝੜਪਾਂ ਹੋ ਗਈਆਂ ਸਨ। ਇਸ ਤੋਂ ਬਾਅਦ ਭਾਰਤੀ ਵਿਦੇਸ਼ ਮੰਤਰਾਲੇ (ਐੱਮ.ਈ.ਏ.) ਦੇ ਬੁਲਾਰੇ ਰਣਧੀਰ ਜੈਸਵਾਲ ਨੇ ਹਿੰਦੂ ਸਭਾ ਮੰਦਰ 'ਤੇ ਹਿੰਸਾ ਦੀ ਨਿੰਦਾ ਕਰਦਿਆਂ ਕੈਨੇਡੀਅਨ ਸਰਕਾਰ ਨੂੰ ਹਮਲਿਆਂ ਤੋਂ ਧਾਰਮਿਕ ਸਥਾਨਾਂ ਦੀ ਰੱਖਿਆ ਕਰਨ ਅਤੇ ਜ਼ਿੰਮੇਵਾਰ ਲੋਕਾਂ 'ਤੇ ਮੁਕੱਦਮਾ ਚਲਾਉਣ ਦੀ ਮੰਗ ਕੀਤੀ ਸੀ। ਜੈਸਵਾਲ ਨੇ ਕਿਹਾ ਸੀ ਕਿ ਉਹ ਕੈਨੇਡਾ ਵਿਚ ਭਾਰਤੀ ਨਾਗਰਿਕਾਂ ਦੀ ਸੁਰੱਖਿਆ ਨੂੰ ਲੈ ਕੇ ਡੂੰਘੀ ਚਿੰਤਾ ਕਰਦੇ ਹਨ।

# ਭਾਰਤ ਤੋਂ ਫਰਾਰ ਹੋਏ ਗੈਂਗਸਟਰ ਡੌਂਕੀ ਰੂਟ ਜ਼ਰੀਏ ਪਹੁੰਚ ਰਹੇ ਅਮਰੀਕਾ

**ਜਲੰਧਰ, (ਪੰਜਾਬ ਮੇਲ)**- ਗੈਂਗਸਟਰਾਂ ਨੇ ਨੈੱਟਵਰਕ ਚਲਾਉਣ ਲਈ ਨਵਾਂ ਟਿਕਾਣਾ ਬਣਾ ਲਿਆ ਹੈ, ਜਿਸ ਦਾ ਖ਼ੁਲਾਸਾ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਸ਼ੂਟਰ ਹਰਸ਼ ਚਿੰਟੂ ਨੇ ਪੁੱਛਗਿੱਛ ਦੌਰਾਨ ਕੀਤਾ ਹੈ। ਉਹ ਲਾਰੈਂਸ ਬਿਸ਼ਨੋਈ ਦਾ ਸਭ ਤੋਂ ਵੱਡਾ ਗੈਂਗਸਟਰ ਵੀ ਹੈ। ਉਸ ਨੇ ਗੈਂਗਸਟਰਾਂ ਬਾਰੇ ਹੈਰਾਨੀਜਨਕ ਖ਼ੁਲਾਸੇ ਕਰਦਿਆਂ ਕਿਹਾ ਕਿ ਭਾਰਤ ਤੋਂ ਫਰਾਰ ਹੋਏ ਗੈਂਗਸਟਰ ਡੌਂਕੀ ਰੂਟ ਜ਼ਰੀਏ ਅਮਰੀਕਾ ਪਹੁੰਚ ਰਹੇ ਹਨ।ਦੱਸ ਦੇਈਏ ਕਿ ਗੈਂਗਸਟਰ ਹਰਸ਼ ਚਿੰਟੂ ਨੂੰ ਦੁਬਈ ਤੋਂ ਡਿਪੋਰਟ ਕੀਤਾ ਗਿਆ ਸੀ ਅਤੇ ਦਿੱਲੀ ਪੁਲਿਸ ਦੀ ਕ੍ਰਾਈਮ ਬ੍ਰਾਂਚ ਉਸ ਤੋਂ ਲਗਾਤਾਰ ਪੁੱਛਗਿੱਛ ਕਰ ਰਹੀ ਹੈ। ਦੱਸ ਦੇਈਏ ਕਿ ਏਜੰਸੀਆਂ ਨੇ ਇਸ ਨੂੰ ਫੜ ਕੇ ਭਾਰਤ ਨੂੰ ਸੌਂਪ ਦਿੱਤਾ ਹੈ। ਉਸ ਨੇ ਦੱਸਿਆ ਕਿ ਉਹ ਪਹਿਲਾਂ ਭਾਰਤ ਤੋਂ ਸ਼ਾਰਜਹਾਂ ਅਤੇ ਫਿਰ ਬਾਕੂ ਤੋਂ ਯੂਰਪ ਦੇਸ਼ ਗਿਆ, ਜਿੱਥੋਂ ਉਸ ਨੇ ਡੌਂਕੀ ਦਾ ਰਸਤਾ ਅਪਣਾ ਕੇ ਅਮਰੀਕਾ ਵਿਚ ਐਂਟਰੀ ਕਰਨੀ ਸੀ। ਹਰਸ਼ ਚਿੰਟੂ ਦਿੱਲੀ ਦੇ ਅਲੀਪੁਰ ਪਿੰਡ ਦਾ ਰਹਿਣ ਵਾਲਾ ਹੈ।

ਦੱਸ ਦਈਏ ਕਿ 26 ਮਾਰਚ ਨੂੰ ਉਕਤ ਸ਼ੂਟਰ ਚਿੰਟੂ ਨੇ ਜਲੰਧਰ ਤੋਂ ਪਾਸਪੋਰਟ ਬਣਵਾਇਆ ਸੀ, ਜਿਸ ਵਿਚ ਉਸ ਦਾ ਨਾਂ ਪ੍ਰਦੀਪ ਕੁਮਾਰ ਲਿਖਿਆ ਹੋਇਆ ਹੈ। ਉਸ ਨੇ ਦੱਸਿਆ ਕਿ ਹੋਰ ਖ਼ਤਰਨਾਕ ਗੈਂਗਸਟਰ ਵੀ ਜਾਅਲੀ ਪਾਸਪੋਰਟ ਬਣਾ ਕੇ ਅਮਰੀਕਾ ਜਾਣ ਦੀ ਯੋਜਨਾ ਬਣਾ ਰਹੇ ਹਨ। ਦੱਸ ਦੇਈਏ ਕਿ ਦਿੱਲੀ ਦੇ ਨਜਫ਼ਗੜ੍ਹ 'ਚ ਦੋਹਰਾ ਕਤਲ ਕਰਨ ਤੋਂ ਬਾਅਦ ਹਰਸ਼ ਚਿੰਟੂ ਫਰਜ਼ੀ ਪਾਸਪੋਰਟ ਬਣਾ ਕੇ ਡੰਕੀ ਰਸਤੇ ਅਮਰੀਕਾ 'ਚ ਦਾਖ਼ਲ ਹੋਣਾ ਚਾਹੁੰਦਾ ਸੀ। ਖ਼ਤਰਨਾਕ ਗੋਲਡੀ ਬਰਾੜ, ਅਨਮੋਲ ਬਿਸ਼ਨੋਈ, ਰੋਹਿਤ ਗੋਦਾਰਾ, ਪਵਨ ਬਿਸ਼ਨੋਈ, ਮੌਂਟੀ ਮਾਨ, ਹਿਮਾਂਸ਼ੂ ਭਾਈ ਸਮੇਤ ਕਈ ਲੋੜੀਂਦੇ ਅਪਰਾਧੀ ਡੌਂਕੀ ਰੂਟ ਰਾਹੀਂ ਅਮਰੀਕਾ ਵਿਚ ਰਹਿੰਦੇ ਹਨ ਅਤੇ ਉਥੋਂ ਆਪਣਾ ਨੈੱਟਵਰਕ ਚਲਾ ਰਹੇ ਹਨ। ਉਹ ਅਪਰਾਧਿਕ ਗਤੀਵਿਧੀਆਂ ਨੂੰ ਅੰਜਾਮ ਦੇ ਰਹੇ ਹਨ। ਤੁਹਾਡੀ ਜਾਣਕਾਰੀ ਲਈ ਦੱਸ ਦੇਈਏ ਕਿ ਅਮਰੀਕਾ ਕਿਸੇ ਵੀ ਲੋੜੀਂਦੇ ਅਪਰਾਧੀ ਨੂੰ ਆਸਾਨੀ ਨਾਲ ਭਾਰਤ ਨੂੰ ਸੌਂਪਣ ਲਈ ਤਿਆਰ ਨਹੀਂ ਹੈ। ਵਰਣਨਯੋਗ ਹੈ ਕਿ ਇਸ ਤੋਂ ਪਹਿਲਾਂ ਭਾਰਤੀ ਗੈਂਗਸਟਰ ਕੈਨੇਡਾ ਅਤੇ ਖਾੜੀ ਦੇਸ਼ਾਂ ਰਾਹੀਂ ਅਪਰਾਧਿਕ ਵਾਰਦਾਤਾਂ ਨੂੰ ਅੰਜਾਮ ਦਿੰਦੇ ਸਨ।

# ਨੌਕਰੀਆਂ ਦੇ ਨਾਂ 'ਤੇ ਲੋਕਾਂ ਨੂੰ ਵਿਦੇਸ਼ ਲਿਜਾ ਕੇ ਕੀਤੇ ਜਾ ਰਹੇ ਨੇ ਸਾਈਬਰ ਅਪਰਾਧ

- 2300 ਤੋਂ ਵੱਧ ਭਾਰਤੀਆਂ ਨੂੰ ਬਚਾਇਆ

**ਨਵੀਂ ਦਿੱਲੀ, (ਪੰਜਾਬ ਮੇਲ)**- ਭਾਰਤ ਦੇ ਬਹੁਤ ਸਾਰੇ ਲੋਕਾਂ ਨੂੰ ਚੰਗੀਆਂ ਨੌਕਰੀਆਂ ਦੇ ਨਾਂ 'ਤੇ ਵਿਦੇਸ਼ਾਂ 'ਚ ਲਿਜਾਇਆ ਜਾ ਰਿਹਾ ਹੈ ਅਤੇ ਉੱਥੇ ਉਨ੍ਹਾਂ ਨੂੰ ਜ਼ਬਰਦਸਤੀ ਸਾਈਬਰ ਕ੍ਰਾਈਮ ਅਤੇ ਧੋਖਾਧੜੀ ਕੀਤੀ ਜਾ ਰਹੀ ਹੈ। ਭਾਰਤ ਦੇ ਵਿਦੇਸ਼ ਮੰਤਰਾਲੇ (ਐੱਮ.ਈ.ਏ.) ਨੇ ਇਸ ਬਾਰੇ ਲੋਕਾਂ ਨੂੰ ਚੇਤਾਵਨੀ ਦਿੱਤੀ ਹੈ ਅਤੇ ਸਰਕਾਰ ਦੀਆਂ ਕੋਸ਼ਿਸ਼ਾਂ ਬਾਰੇ ਜਾਣਕਾਰੀ ਦਿੱਤੀ ਹੈ।

ਇਹ ਰੈਕੇਟ ਕੰਬੋਡੀਆ, ਮਿਆਂਮਾਰ ਅਤੇ ਲਾਓ ਪੀਡੀਆਰ ਸਮੇਤ ਦੱਖਣ ਪੂਰਬੀ ਏਸ਼ੀਆਈ ਦੇਸ਼ਾਂ ਵਿਚ ਬਹੁਤ ਤੇਜ਼ੀ ਨਾਲ ਫੈਲ ਰਿਹਾ ਹੈ। ਸ਼ਰੇਆਮ ਭਰਤੀ ਏਜੰਸੀਆਂ ਭਾਰਤੀ ਨਾਗਰਿਕਾਂ ਨੂੰ ਫਰਜ਼ੀ ਨੌਕਰੀਆਂ ਦੇ ਕੇ ਲੁਭਾਉਂਦੀਆਂ ਹਨ ਅਤੇ ਉਨ੍ਹਾਂ ਨੂੰ ਖਤਰਨਾਕ ਕੰਮ ਕਰਨ ਲਈ ਮਜਬੂਰ ਕਰਦੀਆਂ ਹਨ।

ਵਿਦੇਸ਼ ਰਾਜ ਮੰਤਰੀ ਕੀਰਤੀ ਵਰਧਨ ਸਿੰਘ ਨੇ ਲੋਕ ਸਭਾ ਨੂੰ ਦੱਸਿਆ ਕਿ ਵਿਦੇਸ਼ਾਂ ਵਿਚ ਫਸੇ ਭਾਰਤੀਆਂ ਦੀ ਸਹੀ ਗਿਣਤੀ ਦਾ ਪਤਾ ਨਹੀਂ ਹੈ, ਪਰ ਸਰਕਾਰ ਨੇ ਸਮੱਸਿਆ ਦੇ ਹੱਲ ਲਈ ਸਰਗਰਮ ਕਦਮ ਚੁੱਕੇ ਹਨ। ਭਾਰਤੀ ਦੂਤਾਵਾਸਾਂ ਦੇ ਯਤਨਾਂ ਸਦਕਾ ਹੁਣ ਤੱਕ 2,358 ਭਾਰਤੀ ਨਾਗਰਿਕਾਂ ਨੂੰ ਬਚਾਇਆ ਜਾ ਚੁੱਕਾ ਹੈ। ਇਨ੍ਹਾਂ ਵਿਚੋਂ 1,091 ਕੰਬੋਡੀਆ ਤੋਂ, 770 ਲਾਓ ਪੀਡੀਆਰ ਤੋਂ ਅਤੇ 497 ਮਿਆਂਮਾਰ ਤੋਂ ਹਨ।

ਮੰਤਰੀ ਨੇ ਕਿਹਾ ਕਿ ਸਰਕਾਰ ਕੂਟਨੀਤਿਕ ਯਤਨ ਕਰਕੇ ਅਤੇ ਬਚਾਅ ਕਾਰਜਾਂ ਵਿਚ ਸਥਾਨਕ ਅਧਿਕਾਰੀਆਂ ਨੂੰ ਸ਼ਾਮਲ ਕਰਕੇ ਵਿਦੇਸ਼ਾਂ ਵਿਚ ਭਾਰਤੀ ਨਾਗਰਿਕਾਂ ਦੀ ਸੁਰੱਖਿਆ ਅਤੇ ਭਲਾਈ ਨੂੰ ਤਰਜੀਹ ਦੇ ਰਹੀ ਹੈ। ਵਾਕ-ਇਨ, ਈਮੇਲ, ਐਮਰਜੈਂਸੀ ਹੈਲਪਲਾਈਨ ਅਤੇ ਮਡਾਡ ਅਤੇ ਈ-ਮਾਈਗਰੇਟ ਵਰਗੇ ਪੋਰਟਲ ਰਾਹੀਂ ਭਾਰਤੀ ਮਿਸ਼ਨਾਂ ਨੂੰ ਜਾਣਕਾਰੀ ਦੇ ਕੇ ਮਦਦ ਮੰਗੀ ਜਾ ਸਕਦੀ ਹੈ।

ਲੋਕਾਂ ਨੂੰ ਫਰਜ਼ੀ ਨੌਕਰੀ ਕਰਨ ਵਾਲੇ ਗਿਰੋਹ ਤੋਂ ਬਚਾਉਣ ਲਈ ਸੋਸ਼ਲ ਮੀਡੀਆ 'ਤੇ ਸਲਾਹ ਅਤੇ ਜਾਗਰੂਕਤਾ ਮੁਹਿੰਮਾਂ ਚਲਾਈਆਂ ਗਈਆਂ ਹਨ। ਈ-ਮਾਈਗਰੇਟ ਪੋਰਟਲ 'ਤੇ 3,094 ਗੈਰ-ਰਜਿਸਟਰਡ ਭਰਤੀ ਏਜੰਟਾਂ ਦੀ ਸੂਚੀ ਪ੍ਰਕਾਸ਼ਿਤ ਕੀਤੀ ਗਈ ਹੈ। ਇਹ ਮਿਸ਼ਨਾਂ ਦੀਆਂ ਸ਼ਿਕਾਇਤਾਂ ਅਤੇ ਇਨਪੁਟਸ ਦੇ ਆਧਾਰ 'ਤੇ ਨਿਯਮਤ ਤੌਰ 'ਤੇ ਅਪਡੇਟ ਕੀਤਾ ਜਾਂਦਾ ਹੈ।

ਗ੍ਰਹਿ ਮੰਤਰਾਲੇ ਨੇ ਸਾਈਬਰ ਅਪਰਾਧ ਨਾਲ ਨਜਿੱਠਣ ਲਈ ਭਾਰਤੀ ਸਾਈਬਰ ਕ੍ਰਾਈਮ ਕੋਆਰਡੀਨੇਸ਼ਨ ਸੈਂਟਰ (ਆਈ4ਸੀ) ਦੀ ਸਥਾਪਨਾ ਵੀ ਕੀਤੀ ਹੈ। ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਸਹਿਯੋਗ ਨਾਲ ਐੱਸ.ਐੱਮ.ਐੱਸ. ਮੁਹਿੰਮਾਂ, ਸੋਸ਼ਲ ਮੀਡੀਆ ਅਲਰਟ, ਰੇਡੀਓ ਪ੍ਰਸਾਰਣ ਅਤੇ ਸਾਈਬਰ ਸੁਰੱਖਿਆ ਹਫ਼ਤੇ ਰਾਹੀਂ ਜਾਗਰੂਕਤਾ ਪ੍ਰੋਗਰਾਮ ਕਰਵਾਏ ਜਾ ਰਹੇ ਹਨ।

ਮੰਤਰੀ ਕੀਰਤੀ ਵਰਧਨ ਸਿੰਘ ਨੇ ਜ਼ੋਰ ਦੇ ਕੇ ਕਿਹਾ ਕਿ ਵਿਦੇਸ਼ਾਂ ਵਿਚ ਕੰਮ ਕਰਨ ਦੇ ਚਾਹਵਾਨ ਲੋਕਾਂ ਨੂੰ ਭਰਤੀ ਏਜੰਟਾਂ ਅਤੇ ਕੰਪਨੀਆਂ ਦੀ ਚੰਗੀ ਤਰ੍ਹਾਂ ਤਸਦੀਕ ਕਰਨ ਤੋਂ ਬਾਅਦ ਹੀ ਅੱਗੇ ਵਧਣਾ ਚਾਹੀਦਾ ਹੈ, ਤਾਂ ਜੋ ਉਹ ਫਰਜ਼ੀ ਸਕੀਮਾਂ ਦਾ ਸ਼ਿਕਾਰ ਹੋਣ ਤੋਂ ਬਚ ਸਕਣ।

# ਕੈਨੇਡਾ 'ਚ ਹੁਣ ਸ਼ਰਨ ਲੈਣਾ ਆਸਾਨ ਨਹੀਂ; ਕੈਨੇਡਾ ਸਰਕਾਰ ਸ਼ੁਰੂ ਕਰੇਗੀ ਆਨਲਾਈਨ ਵਿਗਿਆਪਨ ਮੁਹਿੰਮ

**ਟੋਰਾਂਟੋ, (ਪੰਜਾਬ ਮੇਲ)**- ਕਦੇ ਸ਼ਰਨਰਥੀਆਂ ਅਤੇ ਪ੍ਰਵਾਸੀਆਂ ਲਈ ਦੁਨੀਆਂ ਦੇ ਸਭ ਤੋਂ ਮਸ਼ਹੂਰ ਦੇਸ਼ ਰਹੇ ਕੈਨੇਡਾ ਦੀ ਜਸਟਿਨ ਟਰੂਡੋ ਸਰਕਾਰ ਹੁਣ ਨਵਾਂ ਕਦਮ ਚੁੱਕ ਰਹੀ ਹੈ। ਟਰੂਡੋ ਸਰਕਾਰ ਨੇ ਆਨਲਾਈਨ ਵਿਗਿਆਪਨ ਮੁਹਿੰਮ ਸ਼ੁਰੂ ਕਰੇਗੀ। ਇਹ ਇਸ਼ਤਿਹਾਰ ਹਿੰਦੀ ਅਤੇ ਤਾਮਿਲ ਭਾਸ਼ਾ ਵਿਚ ਵੀ ਪ੍ਰਸਾਰਿਤ ਕੀਤਾ ਜਾਵੇਗਾ। ਇਸ਼ਤਿਹਾਰ ਵਿਚ ਸਰਕਾਰ ਇਹ ਦੱਸ ਰਹੀ ਹੈ ਕਿ ਕੈਨੇਡਾ ਵਿਚ ਹੁਣ ਸ਼ਰਨ ਲੈਣਾ ਆਸਾਨ ਨਹੀਂ ਹੈ। ਕੈਨੇਡਾ ਸਰਕਾਰ ਦਾ ਇਹ ਅਭਿਆਨ ਭਾਰਤ ਸਮੇਤ ਸ਼ਰਣ ਐਪਲੀਕੇਸ਼ਨਾਂ ਵਿਚ ਸੰਬੋਧਿਤ ਕਰਨ ਦੇ ਉਦੇਸ਼ ਤੋਂ ਇੱਕ ਮਹੱਤਵਪੂਰਨ ਕਦਮ ਦੇ ਰੂਪ ਵਿਚ ਦੇਖਿਆ ਜਾ ਰਿਹਾ ਹੈ। ਕੈਨੇਡਾ ਨੇ ਆਪਣੀ ਸ਼ਰਨ ਬਾਰੇ ਗਲਤ ਸੂਚਨਾ ਪ੍ਰਕਿਰਿਆ ਲਈ ਇੱਕ ਗਲੋਬਲ ਵਿਗਿਆਪਨ ਮੁਹਿੰਮ ਸ਼ੁਰੂ ਕੀਤੀ ਹੈ। ਇਹ ਮੁਹਿੰਮ ਹਿੰਦੀ ਅਤੇ ਤਾਮਿਲ ਸਮੇਤ 11 ਵਿਆਪਕ ਤੌਰ 'ਤੇ ਪ੍ਰਸਾਰਿਤ ਹੋਵੇਗੀ। ਸਰਕਾਰ ਦੇ ਉਨ੍ਹਾਂ ਦੇਸ਼ਾਂ ਨੂੰ ਸੁਨੇਹਾ ਦੇਣਾ ਜਿੱਥੇ ਤੱਕ ਟੀਚਾ ਸਰਵੋਤਮ ਸ਼ਰਨ ਐਪਲੀਕੇਸ਼ਨ ਆਤੇ ਹੈ। ਇਹ ਮੁਹਿੰਮ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਸਰਕਾਰ ਦੇ ਵਿਆਪਕ ਵਿਕਾਸ ਦਾ ਹਿੱਸਾ ਹੈ। ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਉਹ ਕੈਨੇਡਾ ਵਿਚ ਸ਼ਰਨ ਲੈਣ ਲਈ ਸਖ਼ਤ ਨਿਯਮ ਅਪਣਾਉਣ ਜਾ ਰਿਹਾ ਹੈ।

# ਭਾਰਤੀ ਕੌਂਸਲੇਟ ਵੱਲੋਂ ਭਾਰਤੀ ਵਿਦਿਆਰਥੀ ਦੇ ਕਾਤਲਾਂ ਖ਼ਿਲਾਫ਼ ਕਾਰਵਾਈ ਦੀ ਮੰਗ

**ਵਾਸ਼ਿੰਗਟਨ, (ਪੰਜਾਬ ਮੇਲ)**- ਸ਼ਿਕਾਗੋ 'ਚ ਭਾਰਤੀ ਕੌਂਸਲੇਟ ਜਨਰਲ ਨੇ ਤੇਲੰਗਾਨਾ ਦੇ ਇਕ ਨੌਜਵਾਨ ਦੀ ਹੱਤਿਆ ਲਈ ਜ਼ਿੰਮੇਵਾਰ ਦੋਸ਼ੀਆਂ ਖ਼ਿਲਾਫ਼ ਤੁਰੰਤ ਕਾਰਵਾਈ ਦੀ ਮੰਗ ਕੀਤੀ ਅਤੇ ਕਿਹਾ ਕਿ ਉਹ ਨੌਜਵਾਨ ਦੇ ਪਰਿਵਾਰ ਅਤੇ ਦੋਸਤਾਂ ਨੂੰ ਹਰ ਸੰਭਵ ਮਦਦ ਮੁਹੱਈਆ ਕਰਵਾਏਗਾ। ਤੇਲੰਗਾਨਾ ਦੇ ਖੰਮਮ ਜ਼ਿਲ੍ਹੇ ਦੇ ਸਾਈ ਤੇਜਾ ਨੁਕਾਰਪੂ (22) ਦੀ ਉਸ ਗੈਸ ਸਟੇਸ਼ਨ 'ਤੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ, ਜਿੱਥੇ ਉਹ ਸ਼ਿਕਾਗੋ ਨੇੜੇ ਕੰਮ ਕਰਦਾ ਸੀ।

ਅਮਰੀਕਾ ਤੋਂ ਮਿਲੀ ਸ਼ੁਰੂਆਤੀ ਜਾਣਕਾਰੀ ਦਾ ਹਵਾਲਾ ਦਿੰਦੇ ਹੋਏ ਚੁਣੇ ਗਏ ਪ੍ਰਤੀਨਿਧੀ ਮਧੂਸੂਦਨ ਥਾਥਾ ਨੇ ਕਿਹਾ ਕਿ ਹਮਲਾਵਰਾਂ ਨੇ ਸ਼ਨੀਵਾਰ ਤੜਕੇ ਸਾਈ 'ਤੇ ਹਮਲਾ ਕੀਤਾ। ਸ਼ਿਕਾਗੋ 'ਚ ਭਾਰਤ ਦੇ ਕੌਂਸਲੇਟ ਜਨਰਲ ਨੇ ਟਵਿੱਟਰ 'ਤੇ



ਇੱਕ ਪੋਸਟ ਵਿਚ ਕਿਹਾ, "ਅਸੀਂ ਭਾਰਤੀ ਵਿਦਿਆਰਥੀ ਸਾਈ ਤੇਜਾ ਨੁਕਾਰਪੂ ਦੀ ਹੱਤਿਆ ਤੋਂ ਬਹੁਤ ਦੁਖੀ ਅਤੇ ਸਦਮੇ ਵਿਚ ਹਾਂ। ਅਸੀਂ ਦੋਸ਼ੀਆਂ ਖ਼ਿਲਾਫ਼ ਤੁਰੰਤ ਕਾਰਵਾਈ ਦੀ ਮੰਗ ਕਰਦੇ ਹਾਂ। ਕੌਂਸਲੇਟ ਮ੍ਰਿਤਕ ਦੇ ਪਰਿਵਾਰ ਅਤੇ ਦੋਸਤਾਂ ਨੂੰ ਹਰ ਸੰਭਵ ਸਹਾਇਤਾ ਪ੍ਰਦਾਨ ਕਰੇਗਾ।" ਸਾਈ ਨੇ ਭਾਰਤ ਵਿਚ ਬੀ.ਬੀ.ਏ. ਦੀ ਪੜ੍ਹਾਈ ਕੀਤੀ, ਜਿਸ ਤੋਂ ਬਾਅਦ ਉਹ ਐੱਮ.ਬੀ.ਏ. ਲਈ ਅਮਰੀਕਾ ਚਲਾ ਗਿਆ। ਉਸ ਦੇ ਇੱਕ ਰਿਸ਼ਤੇਦਾਰ ਨੇ ਭਾਰਤ ਵਿਚ ਪੱਤਰਕਾਰਾਂ ਨੂੰ ਦੱਸਿਆ ਕਿ ਉਹ ਸ਼ਿਕਾਗੋ ਵਿਚ ਪਾਰਟ-ਟਾਈਮ ਨੌਕਰੀ ਕਰ ਰਿਹਾ ਸੀ।

ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਕਿਹਾ ਕਿ ਉਹ ਇਸ ਖ਼ਬਰ ਤੋਂ ਬਹੁਤ ਦੁਖੀ ਹਨ, "ਸਾਡਾ ਕੌਂਸਲੇਟ ਮ੍ਰਿਤਕ ਦੇ ਪਰਿਵਾਰ ਨੂੰ ਹਰ ਸੰਭਵ ਸਹਾਇਤਾ ਪ੍ਰਦਾਨ ਕਰ ਰਿਹਾ ਹੈ।" ਉਸਨੇ ਟਵਿੱਟਰ 'ਤੇ ਤੇਲੰਗਾਨਾ ਵਿਧਾਨ ਪ੍ਰੀਸ਼ਦ ਦੇ ਮੈਂਬਰ (ਬੀ.ਆਰ.ਐੱਸ.) 'ਤੇ ਪੋਸਟ ਕੀਤਾ। ਮਧੂਸੂਦਨ ਨੇ ਕਿਹਾ ਕਿ ਜਦੋਂ ਘਟਨਾ ਵਾਪਰੀ, ਤਾਂ ਸਾਈ ਡਿਊਟੀ 'ਤੇ ਨਹੀਂ ਸੀ ਪਰ ਉਹ ਆਪਣੇ ਇਕ ਦੋਸਤ ਦੀ ਮਦਦ ਕਰ ਰਿਹਾ ਸੀ, ਜਿਸ ਨੇ ਉਸ ਨੂੰ ਕੁਝ ਸਮੇਂ ਲਈ ਰੁੱਕਣ ਲਈ ਕਿਹਾ ਸੀ। ਉਸ ਨੇ ਦੱਸਿਆ ਕਿ ਸਾਈਂ ਦਾ ਦੋਸਤ ਕਿਸੇ ਕੰਮ ਲਈ ਬਾਹਰ ਗਿਆ ਹੋਇਆ ਸੀ। ਮਧੂਸੂਦਨ ਅਨੁਸਾਰ ਉਸਨੇ ਘਟਨਾ ਦੀ ਜਾਂਚ ਕਰਨ ਅਤੇ ਮ੍ਰਿਤਕ ਦੇ ਪਰਿਵਾਰ ਦੀ ਮਦਦ ਕਰਨ ਲਈ ਤੇਲਗੂ ਐਸੋਸੀਏਸ਼ਨ ਆਫ ਨਾਰਥ ਅਮਰੀਕਾ (ਟਾਨਾ) ਦੇ ਮੈਂਬਰਾਂ ਨਾਲ ਗੱਲ ਕੀਤੀ ਹੈ।




# ਪੰਜਾਬ 'ਚ 2023 ਦੀ ਨਵੀਂ ਵਾਰਡਬੰਦੀ ਮੁਤਾਬਕ ਹੋਣਗੀਆਂ ਨਿਗਮ ਚੋਣਾਂ

**■ ਦਸੰਬਰ ਦੇ ਦੂਜੇ ਜਾਂ ਤੀਜੇ ਹਫ਼ਤੇ ਚੋਣਾਂ ਕਰਾਉਣ ਦਾ ਦਬਾਅ**



**ਚੰਡੀਗੜ੍ਹ, (ਪੰਜਾਬ ਮੇਲ)-** ਸੂਬੇ 'ਚ 5 ਨਗਰ ਨਿਗਮਾਂ ਅਤੇ 42 ਨਗਰ ਕੌਂਸਲਾਂ ਦੀਆਂ ਚੋਣਾਂ ਦਾ ਸ਼ਡਿਊਲ ਰਾਜ ਚੋਣ ਕਮਿਸ਼ਨ ਵਲੋਂ ਅਜੇ ਜਾਰੀ ਨਹੀਂ ਕੀਤਾ ਗਿਆ ਹੈ। ਹਾਲਾਂਕਿ ਕਮਿਸ਼ਨ ਨੇ ਸਪੱਸ਼ਟ ਕੀਤਾ ਹੈ ਕਿ ਜਲੰਧਰ, ਲੁਧਿਆਣਾ, ਅੰਮ੍ਰਿਤਸਰ ਅਤੇ ਪਟਿਆਲਾ ਨਗਰ ਨਿਗਮ ਚੋਣਾਂ 2023 ਦੀ ਨਵੀਂ ਵਾਰਡਬੰਦੀ ਮੁਤਾਬਕ ਹੋਣਗੀਆਂ। ਫਗਵਾੜਾ ਨਗਰ ਨਿਗਮ ਦੀ ਚੋਣ 2020 ਦੀ ਵਾਰਡਬੰਦੀ ਮੁਤਾਬਕ ਹੋਵੇਗੀ। ਇਸ ਸਬੰਧੀ ਸਬੰਧਿਤ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਜਾਣਕਾਰੀ ਦੇ ਦਿੱਤੀ ਗਈ ਹੈ।

ਨਗਰ ਨਿਗਮ ਅਤੇ ਨਗਰ ਕੌਂਸਲ ਚੋਣਾਂ 'ਚ ਵਾਰਡਬੰਦੀ ਨੂੰ ਲੈ ਕੇ ਭੰਬਲਭੂਸੇ ਵਾਲੀ ਸਥਿਤੀ ਸੀ। ਸੂਬੇ 'ਚ 2023 'ਚ ਡੀ-ਲਿਮਿਟੇਸ਼ਨ ਹੋਈ ਸੀ, ਪਰ ਇਹ ਸਪੱਸ਼ਟ ਨਹੀਂ ਸੀ ਕਿ ਚੋਣਾਂ 2023 ਦੀ ਡੀ-ਲਿਮਿਟੇਸ਼ਨ ਮੁਤਾਬਕ ਹੋਣਗੀਆਂ ਜਾਂ ਫਿਰ ਪੁਰਾਣੇ ਵਾਰਡਾਂ ਦੇ ਮੁਤਾਬਕ। ਹੁਣ ਰਾਜ ਚੋਣ ਕਮਿਸ਼ਨ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਨਗਰ ਕੌਂਸਲ ਡੇਰਾ ਬਾਬਾ ਨਾਨਕ ਦੀਆਂ ਚੋਣਾਂ 2021, ਧਰਮਕੋਟ ਦੀਆਂ 2017, ਖਨੌਰੀ ਦੀਆਂ 2017, ਤਰਨਤਾਰਨ ਦੀਆਂ 2021, ਭਾਦਸੋਂ ਦੀਆਂ 2019 ਅਤੇ ਤਲਵਾੜਾ ਦੀਆਂ ਚੋਣਾਂ 2019 ਦੀ ਵਾਰਡਬੰਦੀ ਮੁਤਾਬਕ ਹੋਣਗੀਆਂ। ਹੋਰ ਨਗਰ ਕੌਂਸਲ ਦੀਆਂ ਚੋਣਾਂ 2023 ਦੀ ਵਾਰਡਬੰਦੀ ਮੁਤਾਬਕ ਹੋਣਗੀਆਂ। ਚੋਣਾਂ ਕਦੋ ਹੋਣਗੀਆਂ, ਇਸ ਨੂੰ ਲੈ ਕੇ ਅਜੇ ਤਸਵੀਰ ਸਪੱਸ਼ਟ ਨਹੀਂ ਹੋ ਸਕੀ ਹੈ।

ਰਾਜ ਚੋਣ ਕਮਿਸ਼ਨ 'ਤੇ ਦਸੰਬਰ ਦੇ ਦੂਜੇ ਜਾਂ ਤੀਜੇ ਹਫ਼ਤੇ 'ਚ ਹੀ ਚੋਣਾਂ ਕਰਾਉਣ ਦਾ ਦਬਾਅ ਹੈ। ਫਿਰ ਸ਼ਹੀਦੀ ਸਭਾ ਸ਼ੁਰੂ ਹੋ ਜਾਵੇਗੀ। 6 ਜਨਵਰੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਹੈ। ਆਮ ਆਦਮੀ ਪਾਰਟੀ ਜਨਵਰੀ 'ਚ ਚੋਣਾਂ ਕਰਾਉਣ ਦੇ ਪੱਖ 'ਚ ਨਹੀਂ ਹੈ ਕਿਉਂਕਿ ਉਦੋਂ ਤੱਕ ਦਿੱਲੀ ਵਿਧਾਨ ਸਭਾ ਚੋਣਾਂ ਦਾ ਐਲਾਨ ਹੋ ਸਕਦਾ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**

## ਅਡਾਨੀ ਮਾਮਲਾ ਨਿੱਜੀ ਕੰਪਨੀਆਂ 'ਤੇ ਅਮਰੀਕੀ ਨਿਆਂ ਵਿਭਾਗ ਨਾਲ ਸਬੰਧਤ ਕਾਨੂੰਨੀ ਮਸਲਾ: ਭਾਰਤ

**ਨਵੀਂ ਦਿੱਲੀ, (ਪੰਜਾਬ ਮੇਲ)-** ਭਾਰਤ ਨੇ ਆਖਿਆ ਕਿ ਅਡਾਨੀ ਮਾਮਲਾ ਇਹ ਨਿੱਜੀ ਕੰਪਨੀਆਂ ਤੇ ਅਮਰੀਕੀ ਨਿਆਂ ਵਿਭਾਗ ਨਾਲ ਜੁੜਿਆ ਹੋਇਆ ਕਾਨੂੰਨੀ ਮਸਲਾ ਹੈ। ਭਾਰਤ ਨੇ ਇਹ ਗੱਲ ਅਮਰੀਕਾ ਦੇ ਵਕੀਲਾਂ ਵੱਲੋਂ ਕਾਰੋਬਾਰੀ ਗੌਤਮ ਅਡਾਨੀ ਤੇ ਕੁਝ ਹੋਰ ਵਿਅਕਤੀਆਂ 'ਤੇ ਰਿਸ਼ਵਤਖੋਰੀ ਤੇ ਧੋਖਾਧੜੀ ਦੇ ਦੋਸ਼ ਲਾਏ ਜਾਣ ਦੇ ਕੁਝ ਦਿਨਾਂ ਬਾਅਦ ਆਖੀ ਹੈ। ਵਿਦੇਸ਼ ਮੰਤਰਾਲੇ ਦੇ ਤਰਜਮਾਨ ਰਣਧੀਰ ਜੈਸਵਾਲ ਨੇ ਕਿਹਾ, "ਭਾਰਤ ਸਰਕਾਰ ਨੂੰ ਇਸ ਮੁੱਦੇ ਬਾਰੇ ਪਹਿਲਾਂ ਸੂਚਿਤ ਨਹੀਂ ਕੀਤਾ ਗਿਆ ਸੀ। ਸਾਡੇ ਨਾਲ ਅਮਰੀਕੀ ਸਰਕਾਰ ਦੀ ਇਸ ਬਾਰੇ ਕੋਈ ਗੱਲਬਾਤ ਨਹੀਂ ਹੋਈ। ਅਮਰੀਕਾ ਦੇ ਵਕੀਲਾਂ ਵੱਲੋਂ ਉਦਯੋਗਪਤੀ 'ਤੇ ਕਥਿਤ ਧੋਖਾਧੜੀ ਦੇ ਦੋਸ਼ ਬਾਅਦ ਪਹਿਲੀ ਅਧਿਕਾਰਤ ਪ੍ਰਤੀਕਿਰਿਆ 'ਚ ਜੈਸਵਾਲ ਨੇ ਆਖਿਆ ਕਿ ਭਾਰਤ ਨੂੰ ਮਾਮਲੇ 'ਚ ਸਹਿਯੋਗ ਲਈ ਹਾਲੇ ਤੱਕ ਕੋਈ ਵੀ ਸੰਚਾਰ ਪੱਤਰ ਆਦਿ ਨਹੀਂ ਮਿਲਿਆ। ਭਾਰਤ ਫਿਲਹਾਲ ਕਿਸੇ ਤਰ੍ਹਾਂ ਵੀ ਇਸ ਮਾਮਲੇ ਦਾ ਹਿੱਸਾ ਨਹੀਂ ਹੈ। ਪ੍ਰੈੱਸ ਕਾਨਫਰੰਸ 'ਚ ਉਨ੍ਹਾਂ ਕਿਹਾ, "ਇਹ ਨਿੱਜੀ ਕੰਪਨੀਆਂ ਤੇ ਵਿਅਕਤੀਆਂ ਅਤੇ ਅਮਰੀਕੀ ਨਿਆਂ ਵਿਭਾਗ ਨਾਲ ਜੁੜਿਆ ਮਾਮਲਾ ਹੈ।

# ਪੰਜਾਬ 'ਚ ਜਲਦੀ ਹੀ ਚੱਲਣ ਵਾਲੀ ਹੈ ਬੁਲੇਟ ਟਰੇਨ!

**■ 186 ਪਿੰਡਾਂ ਦੀ ਜ਼ਮੀਨ ਹੋਵੇਗੀ ਐਕਵਾਇਰ; ਪੰਜ ਗੁਣਾ ਵੱਧ ਮਿਲੇਗਾ ਭਾਅ**



**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ 'ਚ ਜਲਦੀ ਹੀ ਬੁਲੇਟ ਟਰੇਨ ਚੱਲਣ ਜਾ ਰਹੀ ਹੈ। ਇਸ ਲਈ ਬਕਾਇਦਾ ਸਰਵੇ ਦਾ ਕੰਮ ਵੀ ਜੰਗੀ ਪੱਧਰ ਉਤੇ ਚੱਲ ਰਿਹਾ ਹੈ। ਬੁਲੇਟ ਟਰੇਨ ਨਾਲ ਦਿੱਲੀ ਤੋਂ ਅੰਮ੍ਰਿਤਸਰ ਤੱਕ ਦਾ 465 ਕਿਲੋਮੀਟਰ ਦਾ ਸਫਰ ਸਿਰਫ 2 ਘੰਟਿਆਂ 'ਚ ਪੂਰਾ ਹੋਵੇਗਾ। ਮੀਡੀਆ ਰਿਪੋਰਟਾਂ ਮੁਤਾਬਕ ਦਿੱਲੀ ਅਤੇ ਅੰਮ੍ਰਿਤਸਰ ਵਿਚਕਾਰ ਇਹ ਰੇਲ ਗੱਡੀ ਚੰਡੀਗੜ੍ਹ ਸਮੇਤ 15 ਸਟੇਸ਼ਨਾਂ 'ਤੇ ਰੁਕੇਗੀ। ਇਸ ਬੁਲੇਟ ਟਰੇਨ ਦੀ ਵੱਧ ਤੋਂ ਵੱਧ ਸਪੀਡ 350 ਕਿਲੋਮੀਟਰ ਪ੍ਰਤੀ ਘੰਟਾ ਹੈ। ਇਸ ਦੀ ਰਨਿੰਗ ਸਪੀਡ 320 ਕਿਲੋਮੀਟਰ ਪ੍ਰਤੀ ਘੰਟਾ ਅਤੇ ਔਸਤ ਰਫ਼ਤਾਰ 250 ਕਿਲੋਮੀਟਰ ਪ੍ਰਤੀ ਘੰਟਾ ਹੋਵੇਗੀ। ਦੱਸਿਆ ਜਾ ਰਿਹਾ ਹੈ ਕਿ ਇਸ ਹਾਈ ਸਪੀਡ ਟਰੇਨ 'ਚ 750 ਯਾਤਰੀ ਸਫ਼ਰ ਕਰ ਸਕਣਗੇ।

ਸੂਤਰਾਂ ਮੁਤਾਬਕ ਇਸ ਬੁਲੇਟ ਟਰੇਨ ਪ੍ਰਾਜੈਕਟ ਲਈ ਦਿੱਲੀ ਅਤੇ ਅੰਮ੍ਰਿਤਸਰ ਵਿਚਕਾਰ ਪੈਂਦੇ 343 ਪਿੰਡਾਂ ਦੀ ਜ਼ਮੀਨ ਐਕਵਾਇਰ ਕੀਤੀ ਜਾਵੇਗੀ। ਇਸ ਵਿਚ ਦਿੱਲੀ ਦੇ 22 ਪਿੰਡ, ਹਰਿਆਣਾ ਦੇ 135 ਅਤੇ ਪੰਜਾਬ ਦੇ 186 ਪਿੰਡ ਸ਼ਾਮਲ ਹੋਣਗੇ। ਦਿੱਲੀ ਅਤੇ ਅੰਮ੍ਰਿਤਸਰ ਦਰਮਿਆਨ ਇਸ ਹਾਈ ਸਪੀਡ ਰੇਲਗੱਡੀ ਦੀ ਨਵੀਂ ਰੇਲਵੇ ਲਾਈਨ ਲਈ ਸਰਵੇ ਦਾ ਕੰਮ ਤੇਜ਼ੀ ਨਾਲ ਕੀਤਾ ਜਾ ਰਿਹਾ ਹੈ। ਸੂਤਰ ਦੱਸਦੇ ਹਨ ਕਿ ਇਸ ਪ੍ਰਾਜੈਕਟ ਵਿਚ ਮੋਹਾਲੀ ਜ਼ਿਲ੍ਹੇ ਦੇ 39, ਜਲੰਧਰ ਦੇ 49, ਲੁਧਿਆਣਾ ਦੇ 37, ਅੰਮ੍ਰਿਤਸਰ ਦੇ 22, ਫਤਹਿਗੜ੍ਹ ਸਾਹਿਬ ਦੇ 25, ਕਪੂਰਥਲਾ ਦੇ 12 ਅਤੇ ਤਰਨਤਾਰਨ ਅਤੇ ਰੂਪਨਗਰ ਜ਼ਿਲ੍ਹੇ ਦਾ ਇਕ-ਇਕ ਪਿੰਡ ਸ਼ਾਮਲ ਕੀਤਾ ਜਾਵੇਗਾ। ਨਵੀਂ ਰੇਲਵੇ ਲਾਈਨ ਹੇਠ ਆਉਣ ਵਾਲੇ ਪਿੰਡਾਂ ਦੇ ਕਿਸਾਨਾਂ ਨਾਲ ਆਈ.ਆਈ.ਐੱਮ.ਆਰ. ਏਜੰਸੀ ਦੀ ਤਰਫੋਂ ਮੀਟਿੰਗਾਂ ਦਾ ਦੌਰ ਚੱਲ ਰਿਹਾ ਹੈ। ਕਿਸਾਨਾਂ ਨੂੰ ਜ਼ਮੀਨ ਲਈ ਹਰ ਪਿੰਡ ਦੇ ਕੁਲੈਕਟਰ ਰੇਟ ਤੋਂ ਪੰਜ ਗੁਣਾ ਵੱਧ ਰਕਮ ਦਿੱਤੀ ਜਾਵੇਗੀ।

# ਬੇਅਦਬੀ ਮਾਮਲੇ 'ਚ ਦਿੱਲੀ ਦਾ 'ਆਪ' ਵਿਧਾਇਕ ਦੋਸ਼ੀ ਕਰਾਰ

**■ ਸਜ਼ਾ ਦਾ ਐਲਾਨ ਹੋਣਾ ਬਾਕੀ**



**ਮਾਲੇਰਕੋਟਲਾ, (ਪੰਜਾਬ ਮੇਲ)-** ਦਿੱਲੀ ਦੇ ਮਹਿਰੌਲੀ ਤੋਂ 'ਆਪ' ਵਿਧਾਇਕ ਨਰੇਸ਼ ਯਾਦਵ ਨੂੰ ਮਾਲੇਰਕੋਟਲਾ ਦੇ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਪਰਮਿੰਦਰ ਸਿੰਘ ਗਰੇਵਾਲ ਦੀ ਅਦਾਲਤ ਨੇ ਅੱਠ ਸਾਲ ਪੁਰਾਣੇ ਮਾਲੇਰਕੋਟਲਾ ਕੁਰਾਨ ਸ਼ਰੀਫ਼ ਬੇਅਦਬੀ ਮਾਮਲੇ ਵਿਚ ਦੋਸ਼ੀ ਕਰਾਰ ਦਿੱਤਾ ਹੈ। ਹਾਲਾਂਕਿ ਸਜ਼ਾ ਦਾ ਐਲਾਨ ਹੋਣਾ ਬਾਕੀ ਸੀ। ਅਦਾਲਤ ਦੇ ਹੁਕਮ ਤੋਂ ਤੁਰੰਤ ਬਾਅਦ ਯਾਦਵ ਨੂੰ ਹਿਰਾਸਤ ਵਿਚ ਲੈ ਲਿਆ ਗਿਆ ਹੈ। ਇਸ ਤੋਂ ਪਹਿਲਾਂ ਮਾਰਚ 2021 ਵਿਚ ਨਰੇਸ਼ ਯਾਦਵ ਅਤੇ ਇੱਕ ਹੋਰ ਮੁਲਜ਼ਮ ਨੰਦ ਕਿਸ਼ੋਰ ਨੂੰ ਹੇਠਲੀ ਅਦਾਲਤ ਨੇ ਬਰੀ ਕਰ ਦਿੱਤਾ ਸੀ।

ਦੱਸਣਯੋਗ ਹੈ ਕਿ 24 ਜੂਨ 2016 ਨੂੰ ਮਾਲੇਰਕੋਟਲਾ ਸ਼ਹਿਰ ਦੀ ਜਰਗ ਰੋਡ ਤੋਂ ਕੁਰਾਨ ਸ਼ਰੀਫ਼ ਦੇ ਅੰਗ ਬਰਾਮਦ ਹੋਣ ਦੀ ਘਟਨਾ ਤੋਂ ਬਾਅਦ ਪੁਲਿਸ ਨੇ ਵਿਜੈ ਕੁਮਾਰ, ਨੰਦ ਕਿਸ਼ੋਰ ਅਤੇ ਗੌਰਵ ਕੁਮਾਰ ਸਮੇਤ ਦੋ ਹੋਰਾਂ ਖ਼ਿਲਾਫ਼ ਕੇਸ ਦਰਜ ਕੀਤਾ ਸੀ। ਬਾਅਦ ਵਿਚ ਹਾਲਾਤੀ ਸਬੂਤਾਂ ਅਤੇ ਹੋਰ ਮੁਲਜ਼ਮਾਂ ਦੇ ਬਿਆਨਾਂ 'ਤੇ 'ਆਪ' ਵਿਧਾਇਕ ਨਰੇਸ਼ ਯਾਦਵ ਦਾ ਨਾਂ ਜੋੜਿਆ ਗਿਆ ਸੀ। ਪਟਿਆਲਾ ਤੋਂ ਵਿਜੈ ਕੁਮਾਰ ਦੀ ਗ੍ਰਿਫ਼ਤਾਰੀ ਮਗਰੋਂ ਉਸ ਦੇ ਬਿਆਨ 'ਤੇ ਨਰੇਸ਼ ਯਾਦਵ ਨੂੰ ਜਾਂਚ 'ਚ ਸ਼ਾਮਲ ਕੀਤਾ ਗਿਆ ਸੀ। ਯਾਦਵ ਵੱਲੋਂ ਵਿਜੈ ਕੁਮਾਰ ਦੇ ਬੈਂਕ ਖਾਤੇ ਵਿਚ ਟਰਾਂਸਫਰ ਕੀਤੇ 90 ਲੱਖ ਰੁਪਏ ਅਤੇ ਆਰ.ਐੱਸ.ਐੱਸ. ਨਾਲ ਉਸ ਦੇ ਸਬੰਧਾਂ ਦੀ ਜਾਂਚ ਲਈ ਅਰਜ਼ੀ ਦਾਇਰ ਕੀਤੀ ਗਈ ਸੀ।

# ਕੈਨੇਡਾ ਦੀ ਅਦਾਲਤ ਵੱਲੋਂ ਗੈਂਗਸਟਰ ਅਰਸ਼ਦੀਪ ਸਿੰਘ ਡੱਲਾ ਨੂੰ ਜ਼ਮਾਨਤ

**■ ਕੈਨੇਡੀਅਨ ਪੁਲਿਸ ਨੇ 30 ਹਜ਼ਾਰ ਡਾਲਰ ਦੇ ਮੁਚੱਲਕੇ 'ਤੇ ਦਿੱਤੀ ਜ਼ਮਾਨਤ**
**■ ਮਾਮਲੇ ਦੀ ਸੁਣਵਾਈ ਹੁਣ ਅਗਲੇ ਸਾਲ 24 ਫਰਵਰੀ ਨੂੰ**



ਗੈਂਗਸਟਰ ਅਰਸ਼ ਡੱਲਾ ਦੀ ਫਾਈਲ ਫੋਟੋ।

**ਵਿਨੀਪੈੱਗ, (ਪੰਜਾਬ ਮੇਲ)-** ਕੈਨੇਡਾ ਦੀ ਅਦਾਲਤ ਨੇ ਗੈਂਗਸਟਰ ਅਰਸ਼ਦੀਪ ਸਿੰਘ ਡੱਲਾ ਨੂੰ ਜ਼ਮਾਨਤ ਦੇ ਦਿੱਤੀ ਹੈ। ਉਸ ਨੂੰ 30 ਹਜ਼ਾਰ ਡਾਲਰ ਦਾ ਮੁਚੱਲਕਾ ਭਰਨ ਮਗਰੋਂ ਜ਼ਮਾਨਤ 'ਤੇ ਰਿਹਾਅ ਕੀਤਾ ਗਿਆ ਹੈ। ਮਾਮਲੇ ਦੀ ਸੁਣਵਾਈ ਹੁਣ ਅਗਲੇ ਸਾਲ 24 ਫਰਵਰੀ ਨੂੰ ਹੋਵੇਗੀ। ਡੱਲਾ ਨੂੰ ਜ਼ਮਾਨਤ ਅਜਿਹੇ ਮੌਕੇ ਦਿੱਤੀ ਗਈ ਹੈ, ਜਦੋਂ ਭਾਰਤ ਵੱਲੋਂ ਉਸ ਦੀ ਸਪੁਰਦਗੀ ਹਾਸਲ ਕਰਨ ਲਈ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

ਦਰਅਸਲ ਭਾਰਤ ਸਮੇਂ-ਸਮੇਂ 'ਤੇ ਕੈਨੇਡੀਅਨ ਸਰਕਾਰ ਨੂੰ ਖਾਲਿਸਤਾਨ ਪ੍ਰਤੀ ਆਪਣੇ ਨਰਮ ਰਵੱਈਏ ਬਾਰੇ ਚੇਤਾਵਨੀ ਦਿੰਦਾ ਰਿਹਾ ਹੈ, ਪਰ ਇਸ ਦੇ ਬਾਵਜੂਦ ਉਸ ਦੇ ਵਿਵਹਾਰ ਵਿਚ ਕੋਈ ਬਦਲਾਅ ਨਜ਼ਰ ਨਹੀਂ ਆ ਰਿਹਾ। ਇਸ ਦੀ ਤਾਜ਼ਾ ਮਿਸਾਲ ਖਾਲਿਸਤਾਨੀ ਅੱਤਵਾਦੀ ਅਰਸ਼ ਡੱਲਾ ਨੂੰ ਜ਼ਮਾਨਤ ਮਿਲਣਾ ਹੈ। ਖਾਲਿਸਤਾਨ ਟਾਈਗਰ ਫੋਰਸ ਦੀ ਕਮਾਂਡ ਕਰ ਰਹੇ ਅਰਸ਼ ਡੱਲਾ ਨੂੰ ਕੈਨੇਡੀਅਨ ਪੁਲਿਸ ਨੇ ਦੋ ਧਿਰਾਂ ਵਿਚ ਗੋਲੀਬਾਰੀ ਦੇ ਮਾਮਲੇ ਵਿਚ ਅਕਤੂਬਰ ਵਿਚ ਗ੍ਰਿਫ਼ਤਾਰ ਕੀਤਾ ਸੀ। ਕੈਨੇਡੀਅਨ ਪੁਲਿਸ ਨੇ ਡੱਲਾ 'ਤੇ ਗ਼ੈਰਕਾਨੂੰਨੀ ਹਥਿਆਰ ਰੱਖਣ ਤੇ ਸਬੂਤਾਂ ਨਾਲ ਛੇੜਛਾੜ ਸਣੇ 11 ਗੰਭੀਰ ਦੋਸ਼ ਆਇਦ ਕੀਤੇ ਸਨ। ਪੁਲਿਸ ਨੂੰ ਉਸ ਕੋਲੋਂ ਕਈ ਹਾਈਟੈੱਕ ਹਥਿਆਰ ਵੀ ਮਿਲੇ ਸਨ।

# ਬੰਗਲਾਦੇਸ਼ ਹਾਈਕੋਰਟ 'ਚ ਭਾਰਤੀ ਟੀ.ਵੀ. ਚੈਨਲਾਂ 'ਤੇ ਪਾਬੰਦੀ ਲਗਾਉਣ ਲਈ ਪਟੀਸ਼ਨ ਦਾਇਰ

**ਢਾਕਾ, (ਪੰਜਾਬ ਮੇਲ)-** ਬੰਗਲਾਦੇਸ਼ ਹਾਈ ਕੋਰਟ 'ਚ ਇਕ ਰਿੱਟ ਪਟੀਸ਼ਨ ਦਾਇਰ ਕੀਤੀ ਗਈ ਹੈ, ਜਿਸ ਵਿਚ ਭੜਕਾਊ ਖਬਰਾਂ ਦੇ ਪ੍ਰਸਾਰਣ ਦਾ ਹਵਾਲਾ ਦਿੰਦੇ ਹੋਏ ਦੇਸ਼ ਵਿਚ ਸਾਰੇ ਭਾਰਤੀ ਟੀ.ਵੀ. ਚੈਨਲਾਂ 'ਤੇ ਪਾਬੰਦੀ ਲਗਾਉਣ ਦੀ ਬੇਨਤੀ ਕੀਤੀ ਗਈ ਹੈ। ਇਹ ਜਾਣਕਾਰੀ ਇਕ ਖਬਰ 'ਚ ਦਿੱਤੀ ਗਈ ਹੈ। 'ਢਾਕਾ ਟ੍ਰਿਬਿਊਨ' ਦੀ ਖ਼ਬਰ ਮੁਤਾਬਕ ਵਕੀਲ ਇਖ਼ਲਾਸ ਉੱਦੀਨ ਭੂਈਆਂ ਨੇ ਇਸ ਸਬੰਧੀ ਪਟੀਸ਼ਨ ਦਾਇਰ ਕੀਤੀ ਹੈ ਅਤੇ ਉਨ੍ਹਾਂ ਨੇ ਸੋਮਵਾਰ ਨੂੰ ਇਸ ਦੀ ਪੁਸ਼ਟੀ ਕੀਤੀ ਹੈ। ਭੂਈਆਂ ਨੇ ਕਿਹਾ ਕਿ ਜਸਟਿਸ ਫਾਤਿਮਾ ਨਜੀਬ ਅਤੇ ਜਸਟਿਸ ਸਿਕਦਰ ਮਹਿਮੂਦੁਰ ਰਾਜ਼ੀ ਦੀ ਬੈਂਚ ਇਸ ਮਾਮਲੇ ਦੀ ਸੁਣਵਾਈ ਕਰ ਸਕਦੀ ਹੈ। ਖਬਰ ਵਿਚ ਕਿਹਾ ਗਿਆ ਹੈ ਕਿ 'ਕੇਬਲ ਟੈਲੀਵਿਜ਼ਨ ਨੈੱਟਵਰਕ ਆਪ੍ਰੇਸ਼ਨ ਐਕਟ 2006' ਦੀ ਧਾਰਾ 29 ਦੇ ਤਹਿਤ ਬੰਗਲਾਦੇਸ਼ ਵਿਚ ਸਾਰੇ ਭਾਰਤੀ ਟੀ.ਵੀ. ਚੈਨਲਾਂ ਦੇ ਪ੍ਰਸਾਰਣ 'ਤੇ ਪਾਬੰਦੀ ਲਗਾਉਣ ਦੇ ਨਿਰਦੇਸ਼ ਦੇਣ ਦੀ ਬੇਨਤੀ ਕਰਦੇ ਹੋਏ ਹਾਈ ਕੋਰਟ ਵਿਚ ਇਕ ਰਿੱਟ ਪਟੀਸ਼ਨ ਦਾਇਰ ਕੀਤੀ ਗਈ ਹੈ।

ਖਬਰ ਵਿਚ ਦੱਸਿਆ ਗਿਆ ਹੈ ਕਿ 'ਸਟਾਰ ਜਲਸਾ', 'ਸਟਾਰ ਪਲੱਸ', 'ਜ਼ੀ ਬੰਗਲਾ', 'ਰਿਪਬਲਿਕ ਬੰਗਲਾ' ਅਤੇ ਹੋਰ ਸਾਰੇ ਭਾਰਤੀ ਟੀ.ਵੀ. ਚੈਨਲਾਂ 'ਤੇ ਪਾਬੰਦੀ ਲਗਾਉਣ ਦੀ ਬੇਨਤੀ ਕੀਤੀ ਗਈ ਹੈ। ਇਸ ਅਨੁਸਾਰ ਪਟੀਸ਼ਨ ਵਿਚ ਦੋਸ਼ ਲਾਇਆ ਗਿਆ ਹੈ ਕਿ ਭਾਰਤੀ ਚੈਨਲਾਂ 'ਤੇ ਭੜਕਾਊ ਖ਼ਬਰਾਂ ਪ੍ਰਸਾਰਿਤ ਕੀਤੀਆਂ ਜਾ ਰਹੀਆਂ ਹਨ ਅਤੇ ਬੰਗਲਾਦੇਸ਼ੀ ਸੱਭਿਆਚਾਰ ਦਾ ਵਿਰੋਧ ਕਰਨ ਵਾਲੀ ਸਮੱਗਰੀ ਦੇ ਬੇਕਾਬੂ ਪ੍ਰਸਾਰਣ ਦਾ ਨੌਜਵਾਨਾਂ 'ਤੇ ਬੁਰਾ ਪ੍ਰਭਾਵ ਪੈ ਰਿਹਾ ਹੈ। ਦਾਅਵਾ ਕੀਤਾ ਗਿਆ ਕਿ ਇਹ ਚੈਨਲ ਕਿਸੇ ਨਿਯਮਾਂ ਦੀ ਪਾਲਣਾ ਨਹੀਂ ਕਰ ਰਹੇ ਹਨ। ਪਟੀਸ਼ਨ ਵਿਚ ਸੂਚਨਾ ਅਤੇ ਗ੍ਰਹਿ ਮੰਤਰਾਲੇ ਦੇ ਸਕੱਤਰ, ਬੰਗਲਾਦੇਸ਼ ਦੂਰਸੰਚਾਰ ਰੈਗੂਲੇਟਰੀ ਕਮਿਸ਼ਨ (ਬੀ.ਟੀ.ਆਰ.ਸੀ.) ਅਤੇ ਹੋਰਾਂ ਨੂੰ ਧਿਰ ਬਣਾਇਆ ਗਿਆ ਹੈ। ਅਗਸਤ ਵਿਚ ਸਾਬਕਾ ਪ੍ਰਧਾਨ ਮੰਤਰੀ ਸ਼ੇਖ਼ ਹਸੀਨਾ ਦੇ ਸੱਤਾ ਤੋਂ ਬੇਦਖ਼ਲ ਹੋਣ ਅਤੇ ਮੁਹੰਮਦ ਯੂਨਸ ਦੀ ਅਗਵਾਈ ਵਾਲੀ ਅੰਤਰਿਮ ਸਰਕਾਰ ਦੇ ਸੱਤਾ ਵਿਚ ਆਉਣ ਤੋਂ ਬਾਅਦ ਭਾਰਤ ਅਤੇ ਬੰਗਲਾਦੇਸ਼ ਦਰਮਿਆਨ ਸਬੰਧ ਤਣਾਅਪੂਰਨ ਹਨ। ਬੰਗਲਾਦੇਸ਼ ਵਿਚ ਘੱਟ ਗਿਣਤੀਆਂ, ਖਾਸ ਕਰਕੇ ਹਿੰਦੂਆਂ 'ਤੇ ਹਮਲਿਆਂ ਨੂੰ ਲੈ ਕੇ ਭਾਰਤ ਲਗਾਤਾਰ ਚਿੰਤਾ ਪ੍ਰਗਟਾ ਕਰ ਰਿਹਾ ਹੈ।

# ਬਾਬਾ ਸਿੱਦੀਕੀ ਕਤਲ ਮਾਮਲੇ 'ਚ ਅਨਮੋਲ ਬਿਸ਼ਨੋਈ ਮੁੱਖ ਸਾਜ਼ਿਸ਼ਕਰਤਾ : ਮੁੰਬਈ ਪੁਲਿਸ

**ਮੁੰਬਈ, (ਪੰਜਾਬ ਮੇਲ)-** ਮੁੰਬਈ ਪੁਲਿਸ ਨੇ ਇੱਥੇ ਇੱਕ ਵਿਸ਼ੇਸ਼ ਅਦਾਲਤ ਨੂੰ ਦੱਸਿਆ ਕਿ ਜੇਲ੍ਹ ਵਿਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਛੋਟੇ ਭਰਾ ਅਨਮੋਲ ਬਿਸ਼ਨੋਈ ਦਾ ਨਾਮ ਐੱਨ.ਸੀ.ਪੀ. ਆਗੂ ਬਾਬਾ ਸਿੱਦੀਕੀ ਦੀ ਹੱਤਿਆ ਵਿਚ ਮੁੱਖ ਸਾਜ਼ਿਸ਼ਕਰਤਾ ਵਜੋਂ ਸਾਹਮਣੇ ਆਇਆ ਹੈ।

ਪੁਲਿਸ ਨੇ ਇਹ ਦਾਅਵਾ ਮੰਗਲਵਾਰ ਨੂੰ ਮਹਾਰਾਸ਼ਟਰ ਸੰਗਠਿਤ ਅਪਰਾਧ ਨਿਯੰਤਰਣ ਕਾਨੂੰਨ (ਮਕੋਕਾ) ਦੇ ਸਖ਼ਤ ਪ੍ਰਬੰਧਾਂ ਦਾ ਹਵਾਲਾ ਦਿੰਦੇ ਹੋਏ ਮਾਮਲੇ ਦੇ ਅੱਠ ਮੁਲਜ਼ਮਾਂ ਦਾ ਰਿਮਾਂਡ ਮੰਗਦੇ ਹੋਏ ਕੀਤਾ। ਵਿਸ਼ੇਸ਼ ਮਕੋਕਾ ਅਦਾਲਤ ਦੇ ਜੱਜ ਏ.ਐੱਮ. ਪਾਟਿਲ ਨੇ ਕਥਿਤ ਮੁੱਖ ਸ਼ੂਟਰ ਸ਼ਿਵਕੁਮਾਰ ਗੌਤਮ ਸਮੇਤ ਅੱਠ ਮੁਲਜ਼ਮਾਂ ਨੂੰ 7 ਦਸੰਬਰ ਤੱਕ ਪੁਲਿਸ ਰਿਮਾਂਡ 'ਤੇ ਭੇਜ ਦਿੱਤਾ ਹੈ।

ਜ਼ਿਕਰਯੋਗ ਹੈ ਕਿ ਮਹਾਰਾਸ਼ਟਰ ਦੇ ਸਾਬਕਾ ਮੰਤਰੀ ਬਾਬਾ ਸਿੱਦੀਕੀ (66) ਦੀ 12 ਅਕਤੂਬਰ ਨੂੰ ਉਸ ਦੇ ਪੁੱਤਰ ਜੀਸ਼ਾਨ ਸਿੱਦੀਕੀ ਦੇ ਦਫ਼ਤਰ ਦੀ ਇਮਾਰਤ ਦੇ ਬਾਹਰ ਤਿੰਨ ਹਮਲਾਵਰਾਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ।

ਅਨਮੋਲ ਬਿਸ਼ਨੋਈ, ਜਿਸ ਨੂੰ ਹਾਲ ਹੀ ਵਿਚ ਅਮਰੀਕਾ 'ਚ ਨਜ਼ਰਬੰਦ ਕਰਦਿਆਂ ਉੱਥੇ ਇੱਕ ਜੇਲ੍ਹ ਭੇਜਿਆ ਗਿਆ ਸੀ, ਨੂੰ ਇਸ ਮਾਮਲੇ ਵਿਚ ਲੋੜੀਂਦੇ ਮੁਲਜ਼ਮ ਵਜੋਂ ਦਰਸਾਇਆ ਗਿਆ ਹੈ। ਰਿਮਾਂਡ ਦੀ ਸੁਣਵਾਈ ਦੌਰਾਨ ਮੁੰਬਈ ਪੁਲਿਸ ਨੇ ਅਦਾਲਤ ਨੂੰ ਦੱਸਿਆ ਕਿ ਉਨ੍ਹਾਂ ਦੀ ਜਾਂਚ ਦੌਰਾਨ ਅਨਮੋਲ ਬਿਸ਼ਨੋਈ ਦਾ ਨਾਂ ਮਾਮਲੇ ਦੇ ਮੁੱਖ ਸਾਜ਼ਿਸ਼ਕਰਤਾ ਵਜੋਂ ਸਾਹਮਣੇ ਆਇਆ ਹੈ। ਉਨ੍ਹਾਂ ਨੇ ਕਿਹਾ ਕਿ ਉਹ ਹੋਰ ਦੋਸ਼ੀਆਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰ ਰਿਹਾ ਸੀ ਅਤੇ ਫੰਡਾਂ ਦੇ ਸਰੋਤ ਅਤੇ ਵਰਤੋਂ ਦਾ ਪਤਾ ਲਗਾਉਣ ਲਈ ਜਾਂਚ ਦੀ ਲੋੜ ਹੈ। ਪੁਲਿਸ ਨੇ ਕਿਹਾ ਕਿ ਅਨਮੋਲ ਬਿਸ਼ਨੋਈ ਨੇ ਇੱਕ ਸੰਚਾਰ ਐਪ ਰਾਹੀਂ ਸਹਿ-ਮੁਲਜ਼ਮ ਨਾਲ ਸੰਪਰਕ ਕੀਤਾ ਸੀ, ਇਸ ਪਹਿਲੂ 'ਤੇ ਜਾਣਕਾਰੀ ਇਕੱਠੀ ਕਰਨ ਲਈ ਗ੍ਰਿਫਤਾਰ ਮੁਲਜ਼ਮਾਂ ਦੀ ਹਿਰਾਸਤ ਦੀ ਲੋੜ ਹੈ।

# ਟਰੰਪ ਦੀ ਟੈਰਿਫ ਲਗਾਉਣ ਦੀ ਧਮਕੀ ਦੇ ਬਾਵਜੂਦ ਬ੍ਰਿਕਸ 'ਚ ਸਹਿਯੋਗ ਵਧਾਏਗਾ ਚੀਨ

**ਬੀਜਿੰਗ, (ਪੰਜਾਬ ਮੇਲ)-** ਅਮਰੀਕਾ ਦੇ ਚੁਣੇ ਹੋਏ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਬ੍ਰਿਕਸ ਦੇ ਸਾਰੇ ਮੈਂਬਰ ਦੇਸ਼ਾਂ 'ਤੇ 100 ਫੀਸਦੀ ਟੈਰਿਫ ਲਗਾਉਣ ਦੀ ਧਮਕੀ ਦੇ ਬਾਵਜੂਦ ਚੀਨ ਬ੍ਰਿਕਸ ਢਾਂਚੇ ਦੇ ਅੰਦਰ ਸਹਿਯੋਗ ਨੂੰ ਮਜ਼ਬੂਤ ਕਰਨਾ ਜਾਰੀ ਰੱਖੇਗਾ। ਚੀਨੀ ਵਿਦੇਸ਼ ਮੰਤਰਾਲਾ ਦੇ ਬੁਲਾਰੇ ਲਿਨ ਜਿਆਨ ਨੇ ਮੰਗਲਵਾਰ ਨੂੰ ਇਹ ਗੱਲ ਕਹੀ। ਟਰੰਪ ਨੇ ਸ਼ਨੀਵਾਰ ਨੂੰ ਬ੍ਰਿਕਸ ਦੇਸ਼ਾਂ ਨੂੰ ਚਿਤਾਵਨੀ ਦਿੱਤੀ ਸੀ ਕਿ ਜੇਕਰ ਉਨ੍ਹਾਂ ਨੇ ਅਮਰੀਕੀ ਡਾਲਰ ਦੀ ਬਦਲਵੀਂ ਕਰੰਸੀ ਬਣਾਉਣ ਦੀ ਯੋਜਨਾ ਨਹੀਂ ਛੱਡੀ, ਤਾਂ ਉਹ 100 ਫੀਸਦੀ ਟੈਰਿਫ ਲਗਾ ਦੇਣਗੇ।

ਇਸ ਦੌਰਾਨ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਨਵੰਬਰ ਦੇ ਸ਼ੁਰੂ ਵਿਚ ਕਿਹਾ ਸੀ ਕਿ ਇੱਕ ਸਿੰਗਲ ਬ੍ਰਿਕਸ ਮੁਦਰਾ ਬਣਾਉਣ ਬਾਰੇ ਚਰਚਾ ਕਰਨਾ ਬਹੁਤ ਜਲਦਬਾਜ਼ੀ ਹੈ। ਬੁਲਾਰੇ ਨੇ ਇੱਕ ਪ੍ਰੈੱਸ ਬ੍ਰੀਫਿੰਗ ਵਿਚ ਕਿਹਾ, "ਚੀਨ ਵੱਖ-ਵੱਖ ਖੇਤਰਾਂ ਵਿਚ ਵਿਹਾਰਕ ਸਹਿਯੋਗ ਨੂੰ ਡੂੰਘਾ ਕਰਨ ਅਤੇ ਲੰਬੇ ਸਮੇਂ ਅਤੇ ਸਥਿਰ ਵਿਸ਼ਵ ਆਰਥਿਕ ਵਿਕਾਸ ਵਿਚ ਵੱਧ ਤੋਂ ਵੱਧ ਯੋਗਦਾਨ ਪਾਉਣ ਲਈ ਆਪਣੇ ਬ੍ਰਿਕਸ ਭਾਈਵਾਲਾਂ ਨਾਲ ਕੰਮ ਕਰਨਾ ਜਾਰੀ ਰੱਖਣ ਲਈ ਤਿਆਰ ਹੈ।" ਬੁਲਾਰੇ ਨੇ ਕਿਹਾ ਕਿ ਬ੍ਰਿਕਸ ਦੇਸ਼ਾਂ ਨੇ ਖੁੱਲ੍ਹੇਪਣ, ਸਮਾਵੇਸ਼ ਅਤੇ ਆਪਸੀ ਲਾਭਕਾਰੀ ਸਹਿਯੋਗ ਦੀ ਵਕਾਲਤ ਕੀਤੀ ਹੈ, ਬਲਾਕ ਆਧਾਰਿਤ ਟਕਰਾਅ ਨੂੰ ਰੱਦ ਕੀਤਾ ਹੈ ਅਤੇ ਕਿਸੇ ਤੀਜੀ ਧਿਰ ਨੂੰ ਨਿਸ਼ਾਨਾ ਨਹੀਂ ਬਣਾਇਆ ਹੈ।

# ਸਟੱਡੀ ਪਰਮਿਟ ਰੱਦ ਹੋਣ ਦੇ ਬਾਵਜੂਦ ਮਿਲੇਗੀ ਕੈਨੇਡਾ 'ਚ ਐਂਟਰੀ

**ਟੋਰਾਂਟੋ, (ਪੰਜਾਬ ਮੇਲ)-** ਕੈਨੇਡਾ 'ਚ ਸਟੱਡੀ ਕਰਨ ਦੇ ਚਾਹਵਾਨ ਭਾਰਤੀ ਵਿਦਿਆਰਥੀਆਂ ਲਈ ਮਹੱਤਵਪੂਰਨ ਜਾਣਕਾਰੀ ਹੈ। ਵਿਦੇਸ਼ੀ ਵਿਦਿਆਰਥੀਆਂ ਨੂੰ ਕੈਨੇਡਾ ਵਿਚ ਪੜ੍ਹਨ ਲਈ ਸਟੱਡੀ ਪਰਮਿਟ ਦੀ ਲੋੜ ਹੁੰਦੀ ਹੈ। ਹਾਲਾਂਕਿ ਕਈ ਵਾਰ ਸਟੱਡੀ ਪਰਮਿਟ ਲਈ ਵਿਦਿਆਰਥੀਆਂ ਦੀ ਅਰਜ਼ੀ ਰੱਦ ਹੋ ਜਾਂਦੀ ਹੈ। ਇਸ ਕਾਰਨ ਵਿਦਿਆਰਥੀ ਕਾਫੀ ਪ੍ਰੇਸ਼ਾਨ ਰਹਿੰਦੇ ਹਨ। ਪਰ ਉਨ੍ਹਾਂ ਨੂੰ ਚਿੰਤਾ ਕਰਨ ਦੀ ਲੋੜ ਨਹੀਂ ਹੈ, ਕਿਉਂਕਿ ਕੈਨੇਡਾ ਵਿਚ ਅਜਿਹਾ ਪ੍ਰੋਗਰਾਮ ਚਲਾਇਆ ਜਾਂਦਾ ਹੈ, ਜਿਸ ਰਾਹੀਂ ਵਿਦਿਆਰਥੀ ਰਿਜੈਕਟ ਹੋਣ ਤੋਂ ਬਾਅਦ ਵੀ ਸਟੱਡੀ ਪਰਮਿਟ ਪ੍ਰਾਪਤ ਕਰ ਸਕਦੇ ਹਨ। ਇਸ ਪ੍ਰੋਗਰਾਮ ਦਾ ਨਾਂ 'ਸਟੱਡੀ ਪਰਮਿਟ ਪਾਇਲਟ ਪ੍ਰੋਜੈਕਟ' ਹੈ, ਜੋ ਕਿ 1 ਅਕਤੂਬਰ, 2024 ਤੋਂ ਸ਼ੁਰੂ ਹੋਇਆ ਹੈ।



ਦਰਅਸਲ ਕੈਨੇਡਾ ਵਿਚ ਸਟੱਡੀ ਪਰਮਿਟ ਦੇਣ ਦਾ ਕੰਮ 'ਇਮੀਗ੍ਰੇਸ਼ਨ, ਰਫਿਊਜੀ ਐਂਡ ਸਿਟੀਜ਼ਨਸ਼ਿਪ ਕੈਨੇਡਾ' (ਆਈ.ਆਰ.ਸੀ.ਸੀ.) ਵੱਲੋਂ ਕੀਤਾ ਜਾਂਦਾ ਹੈ। ਇਹ ਸੰਸਥਾ ਦੇਸ਼ ਵਿਚ ਪੜ੍ਹਨ ਲਈ ਆਉਣ ਵਾਲੇ ਵਿਦਿਆਰਥੀਆਂ ਨੂੰ ਸਟੱਡੀ ਪਰਮਿਟ ਦਿੰਦੀ ਹੈ। ਪਰ ਕਈ ਵਾਰ ਸਟੱਡੀ ਪਰਮਿਟ ਵੀ ਰੱਦ ਕਰ ਦਿੱਤੇ ਜਾਂਦੇ ਹਨ, ਜਿਸ ਕਾਰਨ ਵਿਦਿਆਰਥੀਆਂ ਨੂੰ ਸੰਘੀ ਅਦਾਲਤ ਵਿਚ ਜਾਣਾ ਪੈਂਦਾ ਹੈ। ਇਸ ਕਾਰਨ ਇਹ ਇੱਕ ਲੰਬੀ ਪ੍ਰਕਿਰਿਆ ਬਣ ਜਾਂਦੀ ਹੈ। ਹਾਲਾਂਕਿ ਇਸ ਪ੍ਰਕਿਰਿਆ ਨੂੰ ਆਸਾਨ ਬਣਾਉਣ ਲਈ ਕੈਨੇਡੀਅਨ ਫੈਡਰਲ ਕੋਰਟ ਨੇ ਇਹ ਨਵਾਂ ਪ੍ਰੋਜੈਕਟ ਸ਼ੁਰੂ ਕੀਤਾ ਹੈ। ਇਸ ਨਾਲ ਸਟੱਡੀ ਪਰਮਿਟ ਰੱਦ ਹੋਣ 'ਤੇ ਜਲਦੀ ਨਿਆਂ ਪ੍ਰਾਪਤ ਕਰਨ ਵਿਚ ਮਦਦ ਮਿਲ ਸਕਦੀ ਹੈ।

ਜੇਕਰ ਤੁਹਾਡਾ ਸਟੱਡੀ ਪਰਮਿਟ ਵੀ ਰੱਦ ਕਰ ਦਿੱਤਾ ਗਿਆ ਹੈ, ਤਾਂ ਤੁਸੀਂ ਫੈਡਰਲ ਕੋਰਟ ਦੇ ਸਟੱਡੀ ਪਰਮਿਟ ਪਾਇਲਟ ਪ੍ਰੋਜੈਕਟ ਵਿਚ ਸ਼ਾਮਲ ਹੋ ਸਕਦੇ ਹੋ। ਇਸਦੇ ਲਈ ਆਈ.ਆਰ.ਸੀ.ਸੀ. ਅਤੇ ਵਿਦਿਆਰਥੀ ਦੋਵਾਂ ਦੀ ਸਹਿਮਤੀ ਜ਼ਰੂਰੀ ਹੈ। ਇਸ ਪ੍ਰੋਜੈਕਟ ਦੇ ਤਹਿਤ ਜੱਜ ਬਿਨਾਂ ਸੁਣਵਾਈ ਦੇ ਫ਼ੈਸਲਾ ਦੇ ਸਕਦਾ ਹੈ। ਇਸ ਪ੍ਰੋਜੈਕਟ ਵਿਚ, ਬਿਨੈਕਾਰ (ਵਿਦਿਆਰਥੀ) ਅਤੇ ਉੱਤਰਦਾਤਾ (ਆਈ.ਆਰ.ਸੀ.ਸੀ.) ਨੂੰ ਹਲਫ਼ਨਾਮੇ ਰਾਹੀਂ ਗਵਾਹੀ ਦੇਣ ਦੀ ਲੋੜ ਨਹੀਂ ਹੋਵੇਗੀ। ਹਲਫੀਆ ਬਿਆਨ ਇੱਕ ਕਿਸਮ ਦਾ ਲਿਖਤੀ ਬਿਆਨ ਹੁੰਦਾ ਹੈ, ਜਿਸ ਵਿਚ ਨਵੇਂ ਸਬੂਤ ਪੇਸ਼ ਕੀਤੇ ਜਾਂਦੇ ਹਨ।

ਸਾਰੇ ਦਸਤਾਵੇਜ਼ ਅਦਾਲਤ ਦੇ ਇਲੈਕਟ੍ਰਾਨਿਕ ਫਾਈਲਿੰਗ ਸਿਸਟਮ ਰਾਹੀਂ ਜਮ੍ਹਾਂ ਕਰਾਉਣੇ ਪੈਣਗੇ। ਇਸ ਪਾਇਲਟ ਪ੍ਰੋਜੈਕਟ ਵਿਚ ਹਿੱਸਾ ਲੈਣ ਲਈ ਕੋਈ ਵਾਧੂ ਫੀਸ ਨਹੀਂ ਹੈ। ਹਾਲਾਂਕਿ ਫ਼ੈਸਲੇ ਦੇ ਵਿਰੁੱਧ ਸਮੀਖਿਆ ਲਈ ਕੋਈ ਵੀ ਅਰਜ਼ੀ ਦੇਣ ਲਈ 50 ਡਾਲਰ ਦੀ ਫੀਸ ਦੇਣੀ ਹੋਵੇਗੀ। ਜੇਕਰ ਤੁਸੀਂ ਕੈਨੇਡਾ ਵਿਚ ਰਹਿੰਦਿਆਂ ਅਰਜ਼ੀ ਦਿੱਤੀ ਹੈ, ਤਾਂ ਤੁਹਾਨੂੰ ਅਸਵੀਕਾਰ ਪੱਤਰ ਪ੍ਰਾਪਤ ਹੋਣ ਦੇ 15 ਦਿਨਾਂ ਦੇ ਅੰਦਰ ਅਪਲਾਈ ਕਰਨਾ ਹੋਵੇਗਾ। ਜੇਕਰ ਤੁਸੀਂ ਕੈਨੇਡਾ ਤੋਂ ਬਾਹਰੋਂ ਅਰਜ਼ੀ ਦਿੱਤੀ ਹੈ, ਤਾਂ ਤੁਹਾਨੂੰ ਅਸਵੀਕਾਰ ਪੱਤਰ ਪ੍ਰਾਪਤ ਹੋਣ ਦੇ 60 ਦਿਨਾਂ ਦੇ ਅੰਦਰ ਅਪਲਾਈ ਕਰਨਾ ਹੋਵੇਗਾ। ਉਕਤ ਜਾਣਕਾਰੀ ਨਾਲ ਭਾਰਤੀ ਵਿਦਿਆਰਥੀ ਕੈਨੇਡਾ 'ਚ ਸਟੱਡੀ ਕਰਨ ਦਾ ਸੁਪਨਾ ਸੱਚ ਕਰ ਸਕਦੇ ਹਨ।

# ਦੁਨੀਆਂ ਭਰ 'ਚ ਹਥਿਆਰ ਖਰੀਦਣ ਦੀ ਦੌੜ, ਪਹਿਲੀ ਵਾਰ 1 ਅਰਬ ਡਾਲਰ ਤੋਂ ਵੱਧ ਦੀ ਵਿਕਰੀ

**ਵਾਸ਼ਿੰਗਟਨ, (ਪੰਜਾਬ ਮੇਲ)-** ਦੁਨੀਆਂ ਦੇ ਕਈ ਹਿੱਸਿਆਂ 'ਚ ਚੱਲ ਰਹੀਆਂ ਜੰਗਾਂ ਨੇ ਹਥਿਆਰਾਂ ਦੀ ਵਿਕਰੀ ਨੂੰ ਲੈ ਕੇ ਮੁਕਾਬਲੇਬਾਜ਼ੀ ਵਧਾ ਦਿੱਤੀ ਹੈ। ਯੂਕਰੇਨ ਅਤੇ ਗਾਜ਼ਾ ਵਿਚ ਜੰਗ ਅਤੇ ਏਸ਼ੀਆ ਵਿਚ ਤਣਾਅ ਨੇ ਪ੍ਰਮੁੱਖ ਹਥਿਆਰ ਨਿਰਮਾਤਾਵਾਂ ਦੀ ਵਿਕਰੀ ਵਿਚ ਵਾਧਾ ਕੀਤਾ ਹੈ। ਰੂਸ, ਅਮਰੀਕਾ ਅਤੇ ਏਸ਼ੀਆ ਤੋਂ ਹਥਿਆਰ ਨਿਰਮਾਤਾਵਾਂ ਦੀ ਵਿਕਰੀ ਵਿਚ ਕਾਫੀ ਵਾਧਾ ਹੋਇਆ ਹੈ। ਸਟਾਕਹੋਮ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ (SIPRI) ਦੀ ਰਿਪੋਰਟ ਅਨੁਸਾਰ ਦੁਨੀਆਂ ਦੀਆਂ 100 ਸਭ ਤੋਂ ਵੱਡੀਆਂ ਹਥਿਆਰ ਕੰਪਨੀਆਂ ਦੀ ਵਿਕਰੀ 2023 ਵਿਚ 4.2 ਪ੍ਰਤੀਸ਼ਤ ਵਧ ਕੇ 632 ਬਿਲੀਅਨ ਡਾਲਰ ਹੋ ਗਈ ਹੈ।

ਰਿਪੋਰਟ ਅਨੁਸਾਰ ਸਾਲ 2022 ਵਿਚ ਹਥਿਆਰਾਂ ਦੇ ਨਿਰਮਾਣ ਨਾਲ ਸਬੰਧਤ ਮਾਲੀਏ ਵਿਚ ਗਿਰਾਵਟ ਦੇਖੀ ਗਈ ਕਿਉਂਕਿ ਗਲੋਬਲ ਹਥਿਆਰ ਨਿਰਮਾਤਾ ਮੰਗ ਵਿਚ ਵਾਧੇ ਨੂੰ ਪੂਰਾ ਕਰਨ ਲਈ ਸੰਘਰਸ਼ ਕਰ ਰਹੇ ਸਨ, ਪਰ ਉਨ੍ਹਾਂ ਵਿਚੋਂ ਬਹੁਤ ਸਾਰੇ ਪਿਛਲੇ ਸਾਲ 2023 ਵਿਚ ਉਤਪਾਦਨ ਵਧਾਉਣ ਵਿਚ ਕਾਮਯਾਬ ਰਹੇ। ਹਥਿਆਰਾਂ ਦੀ ਮੰਗ ਵਿਚ ਇਸ ਵਾਧੇ ਨੂੰ ਇਸ ਤੱਥ ਤੋਂ ਸਮਝਿਆ ਜਾ ਸਕਦਾ ਹੈ ਕਿ ਪਿਛਲੇ ਸਾਲ ਪਹਿਲੀ ਵਾਰ 100 ਕੰਪਨੀਆਂ ਨੇ ਇਕ ਅਰਬ ਡਾਲਰ ਤੋਂ ਵੱਧ ਦੀ ਵਿਕਰੀ ਹਾਸਲ ਕੀਤੀ।



**SIPRI** ਫੌਜੀ ਖਰਚੇ ਅਤੇ ਹਥਿਆਰਾਂ ਦੇ ਉਤਪਾਦਨ ਦੇ ਖੋਜੀ ਲੋਰੇਂਜ਼ੋ ਸਕਾਰਜ਼ਾਟੋ ਦਾ ਕਹਿਣਾ ਹੈ ਕਿ 2023 ਵਿਚ ਹਥਿਆਰਾਂ ਦੇ ਮਾਲੀਏ ਵਿਚ ਮਹੱਤਵਪੂਰਨ ਵਾਧਾ ਹੋਇਆ ਅਤੇ ਇਹ 2024 ਵਿਚ ਵੀ ਜਾਰੀ ਰਹਿਣ ਦੀ ਸੰਭਾਵਨਾ ਹੈ। ਸਕਾਰਜ਼ਾਟੋ ਨੇ ਕਿਹਾ, "ਦੁਨੀਆਂ ਦੀਆਂ ਚੋਟੀ ਦੀਆਂ 100 ਹਥਿਆਰ ਕੰਪਨੀਆਂ ਦੁਆਰਾ ਵਿਕਰੀ ਅਜੇ ਵੀ ਮੰਗ ਦੇ ਪੈਮਾਨੇ ਨੂੰ ਪੂਰੀ ਤਰ੍ਹਾਂ ਨਹੀਂ ਦਰਸਾਉਂਦੀ ਹੈ।" ਕਈ ਕੰਪਨੀਆਂ ਨੇ ਭਰਤੀ ਮੁਹਿੰਮ ਸ਼ੁਰੂ ਕਰ ਦਿੱਤੀ ਹੈ। ਇਹ ਦਰਸਾਉਂਦਾ ਹੈ ਕਿ ਉਹ ਭਵਿੱਖ ਦੀ ਵਿਕਰੀ ਨੂੰ ਵਧਾਉਣ ਜਾ ਰਹੇ ਹਨ। ਸੰਸਥਾ ਨੇ ਕਿਹਾ ਕਿ ਗਾਜ਼ਾ ਅਤੇ ਯੂਕ੍ਰੇਨ ਵਿਚ ਜੰਗ, ਪੂਰਬੀ ਏਸ਼ੀਆ ਵਿਚ ਵਧਦੇ ਤਣਾਅ ਅਤੇ ਹੋਰ ਖੇਤਰਾਂ ਵਿਚ ਹਥਿਆਰਾਂ ਦੇ ਪ੍ਰੋਗਰਾਮਾਂ ਨਾਲ ਸਬੰਧਤ ਮੰਗ ਨੂੰ ਪੂਰਾ ਕਰਨ ਵਿਚ ਛੋਟੇ ਉਤਪਾਦਕ ਵਧੇਰੇ ਪ੍ਰਭਾਵਸ਼ਾਲੀ ਰਹੇ ਹਨ।

ਹਥਿਆਰਾਂ ਦੇ ਪ੍ਰਮੁੱਖ ਉਤਪਾਦਕਾਂ ਵਿਚ ਸ਼ਾਮਲ ਅਮਰੀਕੀ ਕੰਪਨੀਆਂ ਨੇ ਪਿਛਲੇ ਸਾਲ ਆਪਣੀ ਵਿਕਰੀ ਵਿਚ 2.5 ਫੀਸਦੀ ਵਾਧਾ ਦਰਜ ਕੀਤਾ। ਇਹ ਦੁਨੀਆਂ ਦੇ ਹਥਿਆਰਾਂ ਦੇ ਮਾਲੀਏ ਦਾ ਅੱਧਾ ਹਿੱਸਾ ਬਣਾਉਂਦੇ ਹਨ। ਦੁਨੀਆਂ ਦੇ ਚੋਟੀ ਦੇ 100 ਵਿਚ 41 ਅਮਰੀਕੀ ਹਥਿਆਰ ਉਤਪਾਦਕ ਹਨ। ਦੂਜੇ ਪਾਸੇ ਦੁਨੀਆਂ ਦੀਆਂ ਦੋ ਸਭ ਤੋਂ ਵੱਡੀਆਂ ਹਥਿਆਰ ਨਿਰਮਾਤਾ ਕੰਪਨੀਆਂ ਲਾਕਹੀਡ ਮਾਰਟਿਨ ਅਤੇ ਆਰਟੀਐਕਸ (ਪਹਿਲਾਂ ਰੇਥੀਓਨ ਟੈਕਨਾਲੋਜੀਜ਼) ਦੀ ਆਮਦਨ ਵਿਚ ਕ੍ਰਮਵਾਰ 1.6 ਪ੍ਰਤੀਸ਼ਤ ਅਤੇ 1.3 ਪ੍ਰਤੀਸ਼ਤ ਦੀ ਗਿਰਾਵਟ ਦਰਜ ਕੀਤੀ।

ਰਿਪੋਰਟ ਮੁਤਾਬਕ ਰੈਂਕਿੰਗ 'ਚ ਦੋ ਰੂਸੀ ਗਰੁੱਪਾਂ ਦੀ ਹਥਿਆਰਾਂ ਦੀ ਵਿਕਰੀ 'ਚ 40 ਫੀਸਦੀ ਦਾ ਵਾਧਾ ਹੋਇਆ ਹੈ। ਇਹ ਮੁੱਖ ਤੌਰ 'ਤੇ ਸਰਕਾਰੀ ਮਾਲਕੀ ਵਾਲੇ ਸਮੂਹ ਰੋਸਟੈਕ ਦੀ ਵਿਕਰੀ ਵਿਚ 49 ਪ੍ਰਤੀਸ਼ਤ ਵਾਧੇ ਕਾਰਨ ਸੀ। ਦਰਜਾਬੰਦੀ ਵਿਚ ਤਿੰਨ ਇਜ਼ਰਾਈਲੀ ਨਿਰਮਾਤਾਵਾਂ ਨੇ 13.6 ਬਿਲੀਅਨ ਡਾਲਰ ਦੀ ਰਿਕਾਰਡ ਵਿਕਰੀ ਦੀ ਰਿਪੋਰਟ ਕੀਤੀ, ਜੋ ਪਿਛਲੇ ਸਾਲ ਨਾਲੋਂ 15 ਪ੍ਰਤੀਸ਼ਤ ਵੱਧ ਹੈ। ਤੁਰਕੀ ਵਿਚ ਆਧਾਰਿਤ ਤਿੰਨ ਸਮੂਹਾਂ ਨੇ ਵਿਕਰੀ ਵਿਚ 24 ਪ੍ਰਤੀਸ਼ਤ ਵਾਧਾ ਦੇਖਿਆ।


ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# ਡੋਨਾਲਡ ਟਰੰਪ ਨੂੰ ਮਿਲਣ ਲਈ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਚਾਨਕ ਪਹੁੰਚੇ ਅਮਰੀਕਾ

**ਕੈਨੇਡਾ ਅਤੇ ਮੈਕਸੀਕੋ 'ਤੇ ਟੈਕਸ ਲਗਾਉਣ ਦੀ ਚਿਤਾਵਨੀ ਤੋਂ ਪਹੁੰਚੇ ਅਮਰੀਕਾ**



ਟੋਰਾਂਟੋ, (ਪੰਜਾਬ ਮੇਲ)- ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਚਾਨਕ ਅਮਰੀਕੀ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਮਿਲਣ ਲਈ ਅਮਰੀਕਾ ਪਹੁੰਚ ਗਏ। ਟਰੰਪ ਅਮਰੀਕਾ ਦੀ ਸੱਤਾ ਵਿਚ ਵਾਪਸ ਆ ਗਏ ਹਨ ਅਤੇ ਉਨ੍ਹਾਂ ਦੀ ਅਮਰੀਕਾ ਨੂੰ 'ਗਰੇਟ ਅਗੇਨ' ਬਣਾਉਣ ਦੀ ਆਪਣੀ ਯੋਜਨਾ ਹੈ। ਇਸ ਦੇ ਲਈ ਉਹ ਸੱਤਾ ਦੇ ਤਬਾਦਲੇ ਤੋਂ ਪਹਿਲਾਂ ਹੀ ਤਿਆਰੀਆਂ 'ਚ ਜੁੱਟੇ ਹੋਏ ਹਨ। ਉਸ ਦੀ ਯੋਜਨਾ ਵਿਚ ਕੈਨੇਡਾ ਅਤੇ ਮੈਕਸੀਕੋ ਤੋਂ ਨਸ਼ਿਆਂ ਅਤੇ ਗੈਰ-ਕਾਨੂੰਨੀ ਪ੍ਰਵਾਸੀਆਂ ਦੀ ਸਪਲਾਈ ਨੂੰ ਰੋਕਣਾ ਵੀ ਸ਼ਾਮਲ ਹੈ, ਜਿਸ 'ਤੇ ਟਰੰਪ ਨੇ 25 ਟੈਰਿਫ ਲਗਾਉਣ ਦੀ ਧਮਕੀ ਦਿੱਤੀ ਸੀ। ਇਸ ਚਿਤਾਵਨੀ ਤੋਂ ਬਾਅਦ ਕੈਨੇਡੀਅਨ ਪੀ.ਐੱਮ. ਜਸਟਿਨ ਟਰੂਡੋ ਨੇ ਕਿਹਾ ਕਿ 'ਉਹ ਜੋ ਕਹਿੰਦੇ ਹਨ, ਉਹ ਕਰਦੇ ਹਨ ਅਤੇ ਜਲਦਬਾਜ਼ੀ ਵਿਚ ਸਿੱਧੇ ਟਰੰਪ ਨੂੰ ਮਿਲਣ ਪਹੁੰਚ ਗਏ।


ਕੈਨੇਡਾ ਦੇ ਪ੍ਰਧਾਨ ਮੰਤਰੀ ਆਪਣੇ ਪਬਲਿਕ ਸੇਫਟੀ ਮੰਤਰੀ ਨਾਲ ਅਮਰੀਕਾ ਦੇ ਫਲੋਰਿਡਾ ਪਹੁੰਚੇ, ਜਿੱਥੇ ਉਨ੍ਹਾਂ ਨੇ ਗੋਲਫ ਕਲੱਬ ਵਿਚ ਅਮਰੀਕਾ ਦੇ ਭਵਿੱਖੀ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਮੁਲਾਕਾਤ ਕੀਤੀ। ਦੋਹਾਂ ਨੇਤਾਵਾਂ ਨੇ ਇਕੱਠੇ ਡਿਨਰ ਕੀਤਾ ਅਤੇ ਮੁੱਦਿਆਂ 'ਤੇ ਚਰਚਾ ਕੀਤੀ। ਹਾਲਾਂਕਿ ਗੱਲਬਾਤ ਨੂੰ ਗੁਪਤ ਰੱਖਿਆ ਗਿਆ ਹੈ ਅਤੇ ਦੋਵਾਂ ਵਿਚਾਲੇ ਹੋਏ ਸਮਝੌਤੇ ਨੂੰ ਜਨਤਕ ਨਹੀਂ ਕੀਤਾ ਗਿਆ ਹੈ।

ਡੋਨਾਲਡ ਟਰੰਪ ਨੇ ਕੈਨੇਡਾ ਅਤੇ ਮੈਕਸੀਕੋ ਤੋਂ ਸਾਰੇ ਆਯਾਤ ਉਤਪਾਦਾਂ 'ਤੇ 25 ਫੀਸਦੀ ਟੈਕਸ ਲਗਾਉਣ ਦੀ ਚਿਤਾਵਨੀ ਦਿੱਤੀ ਸੀ ਅਤੇ ਕਿਹਾ ਸੀ ਕਿ ਰਾਸ਼ਟਰਪਤੀ ਦੇ ਤੌਰ 'ਤੇ ਇਹ ਉਨ੍ਹਾਂ ਦਾ ਪਹਿਲਾ ਆਦੇਸ਼ ਹੋਵੇਗਾ। ਇਸ ਤੋਂ ਬਾਅਦ ਟਰੂਡੋ ਅਮਰੀਕਾ ਪਹੁੰਚ ਗਏ ਅਤੇ ਜੀ-7 ਦੇਸ਼ਾਂ ਦੇ ਪਹਿਲੇ ਨੇਤਾ ਹਨ, ਜੋ ਚੋਣਾਂ ਤੋਂ ਬਾਅਦ ਰਾਸ਼ਟਰਪਤੀ ਟਰੰਪ ਨਾਲ ਮੁਲਾਕਾਤ ਕਰਨਗੇ। ਚਿਤਾਵਨੀ ਤੋਂ ਬਾਅਦ ਉਨ੍ਹਾਂ ਨੇ ਸ਼ਨੀਵਾਰ ਨੂੰ ਹੀ ਕਿਹਾ ਸੀ ਕਿ ਉਹ ਟੈਰਿਫ ਮੁੱਦੇ ਨੂੰ ਸੁਲਝਾਉਣ ਲਈ ਟਰੰਪ ਨਾਲ ਮੁਲਾਕਾਤ ਕਰਨਗੇ।

ਜਸਟਿਨ ਟਰੂਡੋ ਨੇ ਕਿਹਾ ਕਿ ਟਰੰਪ ਨੇ ਆਪਣੇ ਚੋਣ ਪ੍ਰਚਾਰ ਦੌਰਾਨ ਕਰਿਆਨੇ ਦੀਆਂ ਕੀਮਤਾਂ ਘਟਾਉਣ ਦਾ ਵਾਅਦਾ ਕੀਤਾ ਸੀ ਪਰ ਹੁਣ ਉਹ ਸਾਰੇ ਉਤਪਾਦਾਂ 'ਤੇ 25 ਫੀਸਦੀ ਟੈਕਸ ਲਗਾਉਣ ਦੀ ਗੱਲ ਕਰ ਰਹੇ ਹਨ। ਟਰੂਡੋ ਨੇ ਕਿਹਾ ਕਿ 'ਟਰੰਪ ਜੋ ਵੀ ਕਹਿੰਦੇ ਹਨ, ਕਰਦੇ ਹਨ।' ਉਦਾਹਰਣ ਵਜੋਂ ਇਹ ਸਮਝਣਾ ਮਹੱਤਵਪੂਰਨ ਹੈ ਕਿ ਡੋਨਾਲਡ ਟਰੰਪ ਜੋ ਵੀ ਬਿਆਨ ਦਿੰਦੇ ਹਨ, ਉਹ ਉਸ ਨੂੰ ਲਾਗੂ ਕਰਨ ਦੀ ਯੋਜਨਾ ਬਣਾਉਂਦੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਹੈ। ਟਰੰਪ ਨੇ ਸੋਮਵਾਰ ਨੂੰ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਲੈ ਕੇ ਬਿਆਨ ਦਿੱਤਾ ਅਤੇ ਇਨ੍ਹਾਂ ਸਰਹੱਦਾਂ ਤੋਂ ਘੁਸਪੈਠ ਦੀ ਗੱਲ ਕੀਤੀ। ਉਦਾਹਰਣ ਵਜੋਂ ਯੂ.ਐੱਸ. ਬਾਰਡਰ ਪੈਟਰੋਲ ਟੀਮ ਨੇ ਅਕਤੂਬਰ 2023 ਤੋਂ ਸਤੰਬਰ 2024 ਦਰਮਿਆਨ ਮੈਕਸੀਕਨ ਸਰਹੱਦ ਤੋਂ 56,530 ਅਤੇ ਕੈਨੇਡੀਅਨ ਸਰਹੱਦ ਤੋਂ 23,721 ਲੋਕਾਂ ਨੂੰ ਗ੍ਰਿਫਤਾਰ ਕੀਤਾ, ਜੋ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕਰ ਰਹੇ ਸਨ ਅਤੇ ਟਰੰਪ ਇਸ ਨੂੰ ਰੋਕਣਾ

# ਪੰਜਾਬ 'ਚ ਨਵੰਬਰ ਰਿਹਾ ਗਰਮ, ਦਸੰਬਰ 'ਚ ਟੁੱਟ ਸਕਦੇ ਨੇ ਰਿਕਾਰਡ

ਚੰਡੀਗੜ੍ਹ, (ਪੰਜਾਬ ਮੇਲ)- ਪਹਾੜੀ ਇਲਾਕਿਆਂ 'ਚ ਬਰਫਬਾਰੀ ਹੋਣ ਨਾਲ ਮੈਦਾਨੀ ਇਲਾਕਿਆਂ ਵਿਚ ਠੰਡ ਨੇ ਜ਼ੋਰ ਫੜਨਾ ਸ਼ੁਰੂ ਕਰ ਦਿੱਤਾ ਹੈ। ਇਸ ਦਾ ਅਸਰ ਹੈ ਕਿ ਪੰਜਾਬ ਵਿਚ ਜਲੰਧਰ ਨਾਲ ਲੱਗਦਾ ਆਦਮਪੁਰ ਸਭ ਤੋਂ ਠੰਡਾ ਰਿਹਾ ਹੈ। ਇਸ ਤੋਂ ਇਲਾਵਾ ਚੰਡੀਗੜ੍ਹ ਵਿਚ ਤਾਪਮਾਨ ਆਮ ਤੋਂ 1.2 ਡਿਗਰੀ ਵੱਧ ਦਰਜ ਕੀਤਾ ਗਿਆ ਹੈ। ਆਉਣ ਵਾਲੇ ਦਿਨਾਂ ਵਿਚ ਪਹਾੜਾਂ ਵਿਚ ਬਰਫਬਾਰੀ ਹੋ ਸਕਦੀ ਹੈ, ਇਸ ਨਾਲ ਮੈਦਾਨੀ ਇਲਾਕਿਆਂ ਵਿਚ ਸ਼ੀਤ ਲਹਿਰ ਚੱਲ ਸਕਦੀ ਹੈ। ਦੂਜੇ ਪਾਸੇ ਮੌਸਮ ਵਿਭਾਗ ਅਨੁਸਾਰ ਕੋਹਰੇ ਨੂੰ ਲੈ ਕੇ ਫਿਲਹਾਲ ਕੋਈ ਅਲਰਟ ਨਹੀਂ ਹੈ। ਆਉਣ ਵਾਲੇ ਦਿਨਾਂ ਵਿਚ ਵੀ ਕੋਹਰਾ ਪੈਣ ਦੀ ਸੰਭਾਵਨਾ ਘੱਟ ਹੀ ਹੈ, ਜਦਕਿ ਆਉਂਦੇ ਦਿਨਾਂ ਵਿਚ ਤਾਪਮਾਨ 1 ਤੋਂ 2 ਡਿਗਰੀ ਦੀ ਗਿਰਾਵਟ ਦੇਖਣ ਨੂੰ ਮਿਲ ਸਕਦੀ ਹੈ। ਮੌਸਮ ਵਿਭਾਗ ਨੇ ਭਵਿੱਖਬਾਣੀ ਕੀਤੀ ਹੈ ਕਿ ਨਵੰਬਰ ਮਹੀਨਾ ਜਿੰਨਾ ਸੁਸਤ ਅਤੇ ਗਰਮ ਰਿਹਾ ਹੈ, ਦਸੰਬਰ ਮਹੀਨੇ ਵਿਚ ਠੰਡ ਓਨੀ ਜ਼ਿਆਦਾ ਪਵੇਗੀ, ਜਿਸ ਨਾਲ ਠੰਡ ਰਿਕਾਰਡ ਪੱਧਰ 'ਤੇ ਜਾ ਸਕਦੀ ਹੈ। ਆਉਣ ਵਾਲੇ ਦਿਨਾਂ ਵਿਚ ਮੌਸਮ ਵਿਚ ਅਚਾਨਕ ਬਦਲਾਅ ਦੇਖਣ ਨੂੰ ਮਿਲੇਗਾ ਅਤੇ ਸੀਤ ਲਹਿਰ ਚੱਲੇਗੀ।



# 1984 ਸਿੱਖ ਵਿਰੋਧੀ ਦੰਗੇ: ਸੱਜਣ ਕੁਮਾਰ ਖਿਲਾਫ਼ ਫੈਸਲਾ ਟਲਿਆ

**ਹੁਕਮਾਂ ਸਬੰਧੀ ਦਸਤਾਵੇਜ਼ ਤਿਆਰ ਨਾ ਹੋਣ ਕਰਕੇ ਅਦਾਲਤ 16 ਦਸੰਬਰ ਨੂੰ ਸੁਣਾਏਗੀ ਫੈਸਲਾ**



ਨਵੀਂ ਦਿੱਲੀ, (ਪੰਜਾਬ ਮੇਲ)- ਦਿੱਲੀ ਦੀ ਇੱਕ ਅਦਾਲਤ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਮਾਮਲੇ ਵਿਚ ਸਾਬਕਾ ਕਾਂਗਰਸੀ ਸੰਸਦ ਮੈਂਬਰ ਸੱਜਣ ਕੁਮਾਰ ਬਾਰੇ 16 ਦਸੰਬਰ ਨੂੰ ਫੈਸਲਾ ਸੁਣਾਏਗੀ। ਇਹ ਮਾਮਲਾ ਸਿੱਖ ਵਿਰੋਧੀ ਦੰਗਿਆਂ ਦੌਰਾਨ ਸਰਸਵਤੀ ਵਿਹਾਰ ਇਲਾਕੇ ਵਿਚ ਦੋ ਸਿੱਖਾਂ ਦੀ ਕਥਿਤ ਹੱਤਿਆ ਨਾਲ ਸਬੰਧਤ ਹੈ।

ਵਿਸ਼ੇਸ਼ ਜੱਜ ਕਾਵੇਰੀ ਬਵੇਜਾ ਨੇ ਇਸ ਮਾਮਲੇ ਬਾਰੇ ਫੈਸਲਾ ਸੁਣਾਉਣਾ ਸੀ ਪਰ ਉਨ੍ਹਾਂ ਕਿਹਾ ਕਿ ਇਸ ਸਬੰਧੀ ਹੁਕਮਾਂ ਦੀ ਕਾਪੀ ਤਿਆਰ ਨਹੀਂ ਹੋ ਸਕੀ, ਜਿਸ ਕਰਕੇ ਇਸ ਫੈਸਲੇ ਨੂੰ ਅਗਲੇ ਹੁਕਮਾਂ ਤੱਕ ਟਾਲ ਦਿੱਤਾ ਗਿਆ ਹੈ। ਜ਼ਿਕਰਯੋਗ ਹੈ ਕਿ ਅਦਾਲਤ ਨੇ 1 ਨਵੰਬਰ 1984 ਨੂੰ ਜਸਵੰਤ ਸਿੰਘ ਅਤੇ ਉਸ ਦੇ ਪੁੱਤਰ ਤਰੁਣਦੀਪ ਸਿੰਘ ਦੇ ਕਤਲ ਨਾਲ ਸਬੰਧਤ ਕੇਸ ਵਿਚ ਅੰਤਿਮ ਦਲੀਲਾਂ ਸੁਣਨ ਤੋਂ ਬਾਅਦ ਫੈਸਲਾ ਰਾਖਵਾਂ ਰੱਖ ਲਿਆ ਸੀ। ਭਾਵੇਂ ਇਸ ਮਾਮਲੇ ਵਿਚ ਪੰਜਾਬੀ ਬਾਗ ਥਾਣੇ ਦੀ ਪੁਲਿਸ ਨੇ ਪਹਿਲਾਂ ਕੇਸ ਦਰਜ ਕਰ ਲਿਆ ਸੀ ਪਰ ਬਾਅਦ ਵਿਚ ਵਿਸ਼ੇਸ਼ ਜਾਂਚ ਟੀਮ ਨੇ ਜਾਂਚ ਆਪਣੇ ਹੱਥ ਵਿਚ ਲੈ ਲਈ ਸੀ। ਅਦਾਲਤ ਨੇ 16 ਦਸੰਬਰ 2021 ਨੂੰ ਸੱਜਣ ਕੁਮਾਰ ਵਿਰੁੱਧ ਦੋਸ਼ ਆਇਦ ਕੀਤੇ ਸਨ। ਇਸਤਗਾਸਾ ਪੱਖ ਅਨੁਸਾਰ ਇੰਦਰਾ ਗਾਂਧੀ ਦੀ ਹੱਤਿਆ ਦਾ ਬਦਲਾ ਲੈਣ ਲਈ ਲੋਕਾਂ ਦੇ ਵੱਡੇ ਸਮੂਹ ਨੇ ਮਾਰੂ ਹਥਿਆਰਾਂ ਨਾਲ ਲੈਸ ਹੋ ਕੇ ਸਿੱਖਾਂ ਦੀਆਂ ਜਾਇਦਾਦਾਂ ਦੀ ਵੱਡੇ ਪੱਧਰ 'ਤੇ ਲੁੱਟਮਾਰ ਕਰਦਿਆਂ ਅੱਗਾਂ ਲਾਈਆਂ ਸਨ ਤੇ ਸਿੱਖਾਂ ਦੀਆਂ ਹੱਤਿਆਵਾਂ ਕਰ ਦਿੱਤੀਆਂ ਸਨ। ਇਸਤਗਾਸਾ ਪੱਖ ਨੇ ਦੋਸ਼ ਲਾਇਆ ਕਿ ਵੱਡੀ ਗਿਣਤੀ ਵਿਚ ਇਕੱਠੇ ਹੋਏ ਲੋਕਾਂ ਨੇ ਜਸਵੰਤ ਸਿੰਘ ਤੇ ਉਸ ਦੇ ਪੁੱਤਰ ਦੀ ਹੱਤਿਆ ਕਰਨ ਤੋਂ ਇਲਾਵਾ ਘਰ ਦਾ ਸਾਮਾਨ ਲੁੱਟ ਲਿਆ ਤੇ ਉਸ ਦੇ ਘਰ ਨੂੰ ਅੱਗ ਲਾ ਦਿੱਤੀ। ਇਸ ਕੇਸ ਵਿਚ ਸਬੂਤ ਮਿਲੇ ਸਨ ਕਿ ਸੱਜਣ ਕੁਮਾਰ ਨੇ ਹੀ ਇਸ ਹਜੂਮ ਦੀ ਅਗਵਾਈ ਕੀਤੀ, ਜਿਨ੍ਹਾਂ ਸਿੱਖਾਂ ਦੇ ਘਰ ਸਾੜੇ ਤੇ ਹੱਤਿਆਵਾਂ ਕੀਤੀਆਂ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ :
www.punjabmailusa.com

# ਅਮਰੀਕਾ 'ਚ ਇਮੀਗ੍ਰੇਸ਼ਨ ਨੀਤੀਆਂ ਬਾਰੇ ਬੇਯਕੀਨੀ ਕਾਰਨ ਕੌਮਾਂਤਰੀ ਵਿਦਿਆਰਥੀਆਂ ਵਿਚ ਬੇਚੈਨੀ

**ਅਨੇਕਾਂ ਯੂਨੀਵਰਸਿਟੀਆਂ ਵੱਲੋਂ ਕੌਮਾਂਤਰੀ ਵਿਦਿਆਰਥੀਆਂ ਤੇ ਸਟਾਫ ਨੂੰ ਹਦਾਇਤਾਂ ਜਾਰੀ**



ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)- ਅਮਰੀਕਾ ਦੀਆਂ ਅਨੇਕਾਂ ਯੂਨੀਵਰਸਿਟੀਆਂ ਵੱਲੋਂ ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ ਅਗਲੇ ਸਾਲ ਸੱਤਾ ਸੰਭਾਲਣ ਤੋਂ ਪਹਿਲਾਂ ਕੌਮਾਂਤਰੀ ਵਿਦਿਆਰਥੀਆਂ ਤੇ ਸਟਾਫ ਨੂੰ ਜਾਰੀ ਕੀਤੀਆਂ ਜਾ ਰਹੀਆਂ ਹਦਾਇਤਾਂ ਤੋਂ ਇਮੀਗ੍ਰੇਸ਼ਨ ਨੀਤੀਆਂ ਸਬੰਧੀ ਪਾਈ ਜਾ ਰਹੀ ਬੇਯਕੀਨੀ ਦਾ ਪਤਾ ਲੱਗਦਾ ਹੈ। ਬੀ.ਬੀ.ਸੀ. ਦੀ ਇਕ ਰਿਪੋਰਟ ਅਨੁਸਾਰ ਬਹੁਤ ਸਾਰੇ ਕੌਮਾਂਤਰੀ ਵਿਦਿਆਰਥੀ ਤੇ ਸਕਾਲਰ ਅਮਰੀਕਾ 'ਚ ਆਪਣੇ ਭਵਿੱਖ ਨੂੰ ਲੈ ਕੇ ਫਿਕਰਮੰਦ ਹਨ ਕਿਉਂਕਿ ਰਾਸ਼ਟਰਪਤੀ ਦੀ ਚੋਣ ਜਿੱਤੇ ਟਰੰਪ ਨੇ ਆਪਣੀ ਚੋਣ ਮੁਹਿੰਮ ਦੌਰਾਨ ਇਮੀਗ੍ਰੇਸ਼ਨ ਸਬੰਧੀ ਸਖਤਾਈ ਵਰਤਣ ਦਾ ਵਾਅਦਾ ਕੀਤਾ ਸੀ। ਚੋਣ ਜਿੱਤਣ ਉਪਰੰਤ ਟਰੰਪ ਨੇ ਅਮਰੀਕਾ ਦੇ ਇਤਿਹਾਸ ਵਿਚ ਦੇਸ਼ ਨਿਕਾਲੇ ਦੀ ਸਭ ਤੋਂ ਵੱਡੀ ਕਾਰਵਾਈ ਕਰਨ ਦਾ ਸੰਕਲਪ ਲਿਆ ਹੈ ਤੇ ਇਥੋਂ ਤੱਕ ਕਿਹਾ ਹੈ ਕਿ ਇਸ ਕਾਰਵਾਈ ਨੂੰ ਸਿਰੇ ਚਾੜ੍ਹਨ ਲਈ ਫੌਜ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ। ਟਰੰਪ ਦੇ ਪਿਛੋਕੜ ਨੂੰ ਵੇਖਦਿਆਂ ਹੋਇਆਂ ਵੀ ਕੌਮਾਂਤਰੀ ਵਿਦਿਆਰਥੀ ਤੇ ਸਟਾਫ ਘਬਰਾਇਆ ਹੋਇਆ ਹੈ ਕਿਉਂਕ ਟਰੰਪ ਵੱਲੋਂ ਆਪਣੇ ਪਹਿਲੇ ਕਾਰਜਕਾਲ ਦੌਰਾਨ "ਡੈਫਰਡ ਐਕਸ਼ਨ ਫਾਰ ਚਾਈਲਡਹੁੱਡ ਅਰਾਈਵਲਜ (ਡੀ.ਏ.ਸੀ.ਏ.) ਪ੍ਰੋਗਰਾਮ" ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ, ਜਿਸ ਪ੍ਰੋਗਰਾਮ ਤਹਿਤ ਅਮਰੀਕਾ ਵਿਚ ਬਚਪਨ ਵਿਚ ਆਏ 5 ਲੱਖ ਤੋਂ ਵਧ ਪ੍ਰਵਾਸੀਆਂ ਨੂੰ ਸੁਰੱਖਿਆ ਮਿਲੀ ਹੋਈ ਹੈ। ਯੂਨੀਵਰਸਿਟੀ ਆਫ ਮਾਸਾਚੂਸੈਟਸ ਨੇ ਜਾਰੀ ਯਾਤਰਾ ਹਦਾਇਤਾਂ ਵਿਚ ਕੌਮਾਂਤਰੀ ਵਿਦਿਆਰਥੀਆਂ ਤੇ ਸਟਾਫ ਨੂੰ ਕਿਹਾ ਹੈ ਕਿ ਉਹ ਅਗਲੇ ਸਾਲ 20 ਜਨਵਰੀ ਨੂੰ ਟਰੰਪ ਦੇ ਸੱਤਾ ਸੰਭਾਲਣ ਤੋਂ ਪਹਿਲਾਂ ਵਾਪਸ ਆ ਜਾਣ। ਵੈਸਲੇਯਾਨ ਯੂਨੀਵਰਸਿਟੀ ਤੇ ਮਾਸਾਚੂਸੈਟਸ ਇੰਸਟੀਚਿਊਟ ਆਫ ਟੈਕਨਾਲੋਜੀ ਨੇ ਕੌਮਾਂਤਰੀ ਭਾਈਚਾਰੇ ਨੂੰ ਬੇਨਤੀ ਕੀਤੀ ਹੈ ਕਿ ਉਹ ਆਪਣੀ ਯਾਤਰਾ ਯੋਜਨਾ ਨੂੰ ਛੇਤੀ ਅੰਤਿਮ ਰੂਪ ਦੇ ਲਵੇ, ਤਾਂ ਜੋ ਸੰਭਾਵੀ ਪ੍ਰੇਸ਼ਾਨੀ ਤੋਂ ਬਚਿਆ ਜਾ ਸਕੇ। ਇਸ ਮਹੀਨੇ ਦੇ ਸ਼ੁਰੂ ਵਿਚ ਯੇਲ ਯੂਨੀਵਰਸਿਟੀ ਵਿਖੇ ਕੌਮਾਂਤਰੀ ਵਿਦਿਆਰਥੀਆਂ ਤੇ ਸਕਾਲਰਾਂ ਦੇ ਦਫਤਰ ਵੱਲੋਂ ਇਕ ਵੈਬੀਨਾਰ ਦਾ ਆਯੋਜਨ ਕੀਤਾ ਗਿਆ ਸੀ, ਜਿਸ ਵਿਚ ਨਵੇਂ ਪ੍ਰਸ਼ਾਸਨ ਤਹਿਤ ਵੀਜ਼ੇ ਦੀ ਭਰੋਸੇਯੋਗਤਾ ਤੇ ਸੰਭਾਵੀ ਨੀਤੀ ਤਬਦੀਲੀ ਬਾਰੇ ਫਿਕਰਮੰਦੀ ਪ੍ਰਗਟ ਕੀਤੀ ਗਈ ਸੀ ਤੇ ਇਸ ਦੇ ਹੱਲ ਲਈ ਵਿਚਾਰਾਂ ਕੀਤੀਆਂ ਗਈਆਂ ਸਨ। ਪ੍ਰੋਫੈਸਰ ਕੋਲ ਯੂਨੀਵਰਸਿਟੀ ਆਫ ਕੋਲੋਰਾਡੋ ਡੈਨਵਰ ਨੇ ਬੀ.ਬੀ.ਸੀ. ਨੂੰ ਦੱਸਿਆ ਕਿ ਬਹੁਤ ਸਾਰੇ ਵਿਦਿਆਰਥੀ ਇਮੀਗ੍ਰੇਸ਼ਨ ਨੀਤੀ ਸਬੰਧੀ ਅਸਥਿਰਤਾ ਕਾਰਨ ਪ੍ਰੇਸ਼ਾਨੀ ਦੇ ਆਲਮ ਵਿਚ ਹਨ। ਉਹ ਆਪਣੇ ਵੀਜ਼ੇ ਤੇ ਸਿੱਖਿਆ ਜਾਰੀ ਰੱਖਣ ਨੂੰ ਲੈ ਕੇ ਫਿਕਰਮੰਦ ਹਨ। ਇਕ ਅਨੁਮਾਨ ਅਨੁਸਾਰ ਅਮਰੀਕਾ ਭਰ ਦੀਆਂ ਉੱਚ ਸਿੱਖਿਆ ਸੰਸਥਾਵਾਂ 'ਚ 4,08,000 ਬਿਨਾਂ ਦਸਤਾਵੇਜ਼ ਵਿਦਿਆਰਥੀ ਦਾਖਲ ਹਨ, ਜੋ ਕੁੱਲ ਪੋਸਟ ਸੈਕੰਡਰੀ ਵਿਦਿਆਰਥੀਆਂ ਦਾ ਤਕਰੀਬਨ 1.9% ਹਿੱਸਾ ਬਣਦਾ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ :
www.punjabmailusa.com

# ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਫ਼ਖ਼ਰ-ਏ-ਕੌਮ ਐਵਾਰਡ ਵਾਪਸ ਲਿਆ

**ਡੇਰਾ ਸਿਰਸਾ ਮੁਖੀ ਨੂੰ ਮੁਆਫੀ ਦੇਣ ਅਤੇ ਹੋਰ ਪੰਥ ਵਿਰੋਧੀ ਗਤੀਵਿਧੀਆਂ ਕਾਰਨ ਸਿੰਘ ਸਾਹਿਬਾਨ ਨੇ ਸਾਬਕਾ ਮੁੱਖ ਮੰਤਰੀ ਖ਼ਿਲਾਫ਼ ਲਿਆ ਫ਼ੈਸਲਾ**



**ਅਕਾਲ ਤਖ਼ਤ ਦੀ ਫਸੀਲ ਤੋਂ ਅਕਾਲੀ ਆਗੂਆਂ ਖ਼ਿਲਾਫ਼ ਸੁਣਾਏ ਜਾ ਰਹੇ ਫੈਸਲੇ ਨੂੰ ਸੁਣਨ ਲਈ ਜੁੜੀ ਸੰਗਤ।**

ਅੰਮ੍ਰਿਤਸਰ, (ਪੰਜਾਬ ਮੇਲ)- ਸਾਲ 2015 ਵਿੱਚ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ ਮੁਆਫ਼ੀ ਦੇਣ ਦੇ ਮਾਮਲੇ ਦਾ ਪੰਜ ਸਿੰਘ ਸਾਹਿਬਾਨ ਨੇ ਸਖ਼ਤ ਨੋਟਿਸ ਲੈਂਦਿਆਂ ਤਤਕਾਲੀ ਮੁੱਖ ਮੰਤਰੀ ਮਰਹੂਮ ਪ੍ਰਕਾਸ਼ ਸਿੰਘ ਬਾਦਲ ਕੋਲੋਂ ਫ਼ਖ਼ਰ-ਏ-ਕੌਮ ਦਾ ਖ਼ਿਤਾਬ ਵਾਪਸ ਲੈਣ ਦਾ ਆਦੇਸ਼ ਦਿੱਤਾ। ਉਨ੍ਹਾਂ ਕਿਹਾ ਕਿ ਇਸ ਸਬੰਧੀ ਮੁੱਖ ਮੰਤਰੀ ਦੀ ਰਿਹਾਇਸ਼ 'ਤੇ ਮੀਟਿੰਗ ਹੋਈ ਸੀ, ਜਿਸ 'ਚ ਪ੍ਰਕਾਸ਼ ਸਿੰਘ ਬਾਦਲ ਵੀ ਹਾਜ਼ਰ ਸਨ ਅਤੇ ਉਨ੍ਹਾਂ ਤਖ਼ਤਾਂ ਦੇ ਜਥੇਦਾਰਾਂ ਨੂੰ ਆਪਣੇ ਘਰ ਵਿਖੇ ਸੱਦ ਕੇ ਡੇਰਾ ਸਿਰਸਾ ਮੁਖੀ ਨੂੰ ਮੁਆਫ਼ ਕਰਨ ਵਾਸਤੇ ਪ੍ਰਭਾਵ ਵਰਤਿਆ ਸੀ। ਸਿੰਘ ਸਾਹਿਬਾਨ ਨੇ ਇਸ ਸਬੰਧ ਵਿਚ ਸੁਖਦੇਵ ਸਿੰਘ ਢੀਂਡਸਾ ਅਤੇ ਬਲਵਿੰਦਰ ਸਿੰਘ ਭੂੰਦੜ ਕੋਲੋਂ ਵੀ ਜਵਾਬ-ਤਲਬੀ ਕੀਤੀ। ਭੂੰਦੜ ਨੇ ਆਪਣੇ 'ਤੇ ਡੇਰਾ ਸਿਰਸਾ ਦੇ ਆਗੂਆਂ ਨਾਲ ਮੀਟਿੰਗਾਂ ਕਰਨ ਦੇ ਲੱਗੇ ਦੋਸ਼ਾਂ ਨੂੰ ਨਕਾਰ ਦਿੱਤਾ। ਉਨ੍ਹਾਂ 'ਤੇ ਡੇਰਾ ਮੁਖੀ ਨੂੰ ਮੁਆਫ਼ ਕਰਨ ਦੇ ਫ਼ੈਸਲੇ ਦੀ ਹਮਾਇਤ ਕਰਨ ਦਾ ਦੋਸ਼ ਸੀ। ਇਸੇ ਮਾਮਲੇ ਵਿਚ ਤਿੰਨ ਸਾਬਕਾ ਜਥੇਦਾਰਾਂ ਕੋਲੋਂ ਵੀ ਸਪੱਸ਼ਟੀਕਰਨ ਮੰਗੇ ਗਏ ਸਨ, ਜਿਨ੍ਹਾਂ ਵਿਚ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਗੁਰਮੁਖ ਸਿੰਘ ਅਤੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਸ਼ਾਮਲ ਸਨ। ਉਨ੍ਹਾਂ ਦੱਸਿਆ ਕਿ ਤਿੰਨਾਂ ਸਾਬਕਾ ਜਥੇਦਾਰਾਂ ਦੇ ਸਪੱਸ਼ਟੀਕਰਨਾਂ ਤੋਂ ਉਹ ਸੰਤੁਸ਼ਟ ਨਹੀਂ ਹਨ।

ਉਨ੍ਹਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਨੇ ਸਾਬਕਾ ਜਥੇਦਾਰਾਂ ਨੂੰ ਆਪਣੇ ਘਰ ਬੁਲਾਉਣਾ ਕਬੂਲ ਕੀਤਾ ਹੈ। ਉਨ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਦੇਸ਼ ਕੀਤਾ ਕਿ ਤਿੰਨ ਦਸੰਬਰ ਨੂੰ 12 ਵਜੇ ਤੋਂ ਪਹਿਲਾਂ ਪਹਿਲਾਂ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਦਿੱਤੀਆਂ ਗਈਆਂ ਸਹੂਲਤਾਂ, ਜਿਨ੍ਹਾਂ ਵਿਚ ਗੱਡੀਆਂ, ਮੁਲਾਜ਼ਮ ਤੇ ਹੋਰ ਸ਼ਾਮਲ ਹਨ, ਵਾਪਸ ਲੈ ਲਈਆਂ ਜਾਣ। ਇਸੇ ਤਰ੍ਹਾਂ ਸਾਬਕਾ ਜਥੇਦਾਰ ਅਤੇ ਅਕਾਲ ਤਖ਼ਤ ਦੇ ਮੌਜੂਦਾ ਹੈੱਡ ਗ੍ਰੰਥੀ ਗਿਆਨੀ ਗੁਰਮੁਖ ਸਿੰਘ ਦੀ ਤੁਰੰਤ ਬਦਲੀ ਅੰਮ੍ਰਿਤਸਰ ਤੋਂ ਬਾਹਰ ਕਰਨ ਦੇ ਆਦੇਸ਼ ਦਿੱਤੇ ਗਏ ਹਨ ਅਤੇ ਹੋਰ ਕਿਸੇ ਤਖ਼ਤ ਸਾਹਿਬ 'ਤੇ ਨਾ ਲਗਾਉਣ ਲਈ ਕਿਹਾ ਹੈ।

# ਕੈਪਟਨ ਵਲੋਂ ਸੁਖਬੀਰ ਬਾਦਲ 'ਤੇ ਹੋਏ ਹਮਲੇ ਦੀ ਨਿਖ਼ੇਧੀ, ਦਿੱਤਾ ਵੱਡਾ ਬਿਆਨ



ਚੰਡੀਗੜ੍ਹ, (ਪੰਜਾਬ ਮੇਲ)- ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਅਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਅੰਦਰ ਸੁਖਬੀਰ ਸਿੰਘ ਬਾਦਲ 'ਤੇ ਹੋਏ ਕਾਤਲਾਨਾ ਹਮਲੇ ਦੀ ਨਿਖ਼ੇਧੀ ਕੀਤੀ ਹੈ। ਇੱਕ ਬਿਆਨ 'ਚ ਕੈਪਟਨ ਅਮਰਿੰਦਰ ਨੇ ਰਾਹਤ ਜ਼ਾਹਰ ਕੀਤੀ ਕਿ ਬਾਦਲ ਸੁਰੱਖਿਅਤ ਹਨ ਅਤੇ ਉਨ੍ਹਾਂ ਨੂੰ ਗੋਲੀ ਨਹੀਂ ਲੱਗੀ ਅਤੇ ਨਾ ਹੀ ਕੋਈ ਨੁਕਸਾਨ ਹੋਇਆ।

ਉਨ੍ਹਾਂ ਨੇ ਮੌਕੇ 'ਤੇ ਮੌਜੂਦ ਵਿਅਕਤੀ ਦੀ ਸ਼ਲਾਘਾ ਕੀਤੀ, ਜਿਸ ਨੇ ਹਮਲਾਵਰ ਨੂੰ ਕਾਬੂ ਕਰ ਲਿਆ ਅਤੇ ਉਸਦੀ ਬਾਂਹ ਵੀ ਮੋੜ ਦਿੱਤੀ। ਇਸ ਕਾਰਨ ਗੋਲੀ ਸੁਖਬੀਰ ਬਾਦਲ ਨੂੰ ਲੱਗਣ ਤੋਂ ਰੋਕੀ ਗਈ। ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਸੁਖਬੀਰ ਬਾਦਲ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਭੁੱਲਾਂ ਬਖ਼ਸ਼ਾਈਆਂ ਸਨ ਅਤੇ ਉਹ ਸੁਣਾਈ ਗਈ ਤਨਖ਼ਾਹ ਹਰਿਮੰਦਰ ਸਾਹਿਬ ਕੰਪਲੈਕਸ ਦੇ ਅੰਦਰ ਹੀ ਭੁਗਤ ਰਹੇ ਸਨ। ਉਨ੍ਹਾਂ ਕਿਹਾ ਕਿ ਅਕਾਲੀ ਆਗੂ 'ਤੇ ਹਮਲਾ ਕਰਨ ਵਾਲਿਆਂ ਨੇ ਸਿੱਖ ਮਰਿਆਦਾ ਦੀ ਉਲੰਘਣਾ ਕੀਤੀ ਹੈ।

ਕੈਪਟਨ ਅਮਰਿੰਦਰ ਨੇ ਕਿਹਾ ਕਿ ਪੰਜਾਬ ਨੇ ਪਹਿਲਾਂ ਹੀ 1980 ਅਤੇ 1990 ਦੇ ਦਹਾਕੇ ਦੌਰਾਨ ਬਹੁਤ ਨੁਕਸਾਨ ਝੱਲਿਆ ਹੈ ਅਤੇ ਹੁਣ ਇੱਕ ਹੋਰ ਕਾਲੇ ਦੌਰ ਨੂੰ ਬਰਦਾਸ਼ਤ ਨਹੀਂ ਕਰ ਸਕਦਾ।

# ਹਰਿਆਣਾ ਸਰਕਾਰ ਵੱਲੋਂ ਭਾਖੜਾ ਨਹਿਰ 'ਚੋਂ ਰਾਜਸਥਾਨ ਦੇ ਪਾਣੀਆਂ ਨੂੰ ਲਾਈ ਜਾ ਰਹੀ ਹੈ ਸੰਨ੍ਹ



- **ਪੰਜਾਬ ਸਰਕਾਰ ਦੀ ਰਿਪੋਰਟ 'ਚ ਖ਼ੁਲਾਸਾ; ਰਾਜਸਥਾਨ ਨੂੰ ਪੱਤਰ ਲਿਖਿਆ**
- **ਰਾਜਸਥਾਨ ਨੇ ਪਾਣੀਆਂ ਦੇ ਮਾਮਲੇ 'ਤੇ ਸਿਖਰਲੀ ਅਦਾਲਤ 'ਚ ਪਾਈ ਸੀ ਪਟੀਸ਼ਨ**

**ਚੰਡੀਗੜ੍ਹ, (ਪੰਜਾਬ ਮੇਲ)**- ਹਰਿਆਣਾ ਸਰਕਾਰ ਵੱਲੋਂ ਭਾਖੜਾ ਨਹਿਰ 'ਚੋਂ ਰਾਜਸਥਾਨ ਦੇ ਪਾਣੀਆਂ ਨੂੰ ਸੰਨ੍ਹ ਲਾਈ ਜਾ ਰਹੀ ਹੈ। ਨਤੀਜੇ ਵਜੋਂ ਰਾਜਸਥਾਨ ਦੇ ਖੇਤਾਂ 'ਚ ਜਾਣ ਵਾਲਾ ਨਹਿਰੀ ਪਾਣੀ ਹਰਿਆਣਾ ਦੀਆਂ ਫ਼ਸਲਾਂ ਨੂੰ ਪਾਲ ਰਿਹਾ ਹੈ। ਪੰਜਾਬ ਸਰਕਾਰ ਵੱਲੋਂ ਜਦੋਂ ਭਾਖੜਾ ਮੇਨ ਲਾਈਨ ਨੂੰ ਛੱਡੇ ਪਾਣੀ ਨੂੰ ਰਾਜਸਥਾਨ ਦੇ ਐਂਟਰੀ ਪੁਆਇੰਟ 'ਤੇ ਲਗਾਤਾਰ 15 ਦਿਨ ਮਾਪਿਆ ਗਿਆ ਤਾਂ ਉਸ ਪੜਤਾਲ 'ਚ ਇਹ ਖ਼ੁਲਾਸਾ ਹੋਇਆ ਹੈ। ਜਲ ਸਰੋਤ ਵਿਭਾਗ ਨੇ ਇਸ ਬਾਰੇ ਰਾਜਸਥਾਨ ਸਰਕਾਰ ਦੇ ਜਲ ਸਰੋਤ ਵਿਭਾਗ ਦੇ ਵਧੀਕ ਮੁੱਖ ਸਕੱਤਰ ਨੂੰ 26 ਨਵੰਬਰ ਨੂੰ ਪੱਤਰ ਵੀ ਲਿਖਿਆ ਹੈ।

ਉੱਤਰੀ ਜ਼ੋਨਲ ਕੌਂਸਲ ਦੀ ਸਟੈਂਡਿੰਗ ਕਮੇਟੀ ਦੀ ਮੀਟਿੰਗ ਪਿਛਲੇ ਦਿਨੀਂ ਚੰਡੀਗੜ੍ਹ ਵਿਚ ਹੋਈ ਸੀ, ਜਿਸ ਵਿਚ ਰਾਜਸਥਾਨ ਸਰਕਾਰ ਨੇ ਇਹ ਮੁੱਦਾ ਉਠਾਇਆ ਸੀ ਕਿ ਹਰਿਆਣਾ ਵੱਲੋਂ ਭਾਖੜਾ ਮੇਨ ਲਾਈਨ 'ਚ ਰਾਜਸਥਾਨ ਨੂੰ ਪਾਣੀ ਰਿਲੀਜ਼ ਨਹੀਂ ਕੀਤਾ ਜਾ ਰਿਹਾ। ਹਰਿਆਣਾ ਨੇ ਤਰਕ ਦਿੱਤਾ ਸੀ ਕਿ ਉਨ੍ਹਾਂ ਨੂੰ ਪੰਜਾਬ ਤੋਂ ਹੀ ਘੱਟ ਪਾਣੀ ਮਿਲ ਰਿਹਾ ਹੈ ਅਤੇ ਇਸ ਵਜੋਂ ਹੀ ਉਹ ਰਾਜਸਥਾਨ ਨੂੰ ਪਾਣੀ ਛੱਡਣ ਵਿਚ ਅਸਮਰਥ ਹਨ। ਪਤਾ ਲੱਗਾ ਹੈ ਕਿ ਰਾਜਸਥਾਨ ਸਰਕਾਰ ਨੇ ਇਸ ਬਾਰੇ ਕਾਫ਼ੀ ਅਰਸਾ ਪਹਿਲਾਂ ਸੁਪਰੀਮ ਕੋਰਟ 'ਚ ਪਟੀਸ਼ਨ ਵੀ ਪਾਈ ਹੋਈ ਹੈ।

ਹਰਿਆਣਾ ਸਰਕਾਰ ਵੱਲੋਂ ਇਸ ਮਾਮਲੇ 'ਤੇ ਠੀਕਰਾ ਪੰਜਾਬ ਸਰਕਾਰ ਸਿਰ ਭੰਨਿਆ ਜਾ ਰਿਹਾ ਹੈ। ਰਾਜਸਥਾਨ ਸਰਕਾਰ ਨੂੰ ਹੁਣ ਪੰਜਾਬ ਸਰਕਾਰ ਵੱਲੋਂ ਲਿਖੇ ਪੱਤਰ ਅਨੁਸਾਰ ਭਾਖੜਾ ਮੇਨ ਲਾਈਨ ਦੀ ਆਰ. ਡੀ. 390 ਤੋਂ ਹਰਿਆਣਾ ਦਾ ਐਂਟਰੀ ਪੁਆਇੰਟ ਬਣਦਾ ਹੈ। ਪਹਿਲੀ ਨਵੰਬਰ ਤੋਂ 15 ਨਵੰਬਰ ਤੱਕ ਜਲ ਸਰੋਤ ਵਿਭਾਗ ਨੇ ਸਭ ਪੁਆਇੰਟਾਂ ਤੋਂ ਪਾਣੀ ਮਾਪਿਆ ਹੈ, ਜਿਸ ਅਨੁਸਾਰ ਹਰਿਆਣਾ ਦੀ ਭਾਖੜਾ ਮੇਨ ਲਾਈਨ ਜ਼ਰੀਏ ਪਾਣੀ ਦੀ ਮੰਗ ਪ੍ਰਤੀ ਦਿਨ 6017 ਕਿਊਸਿਕ ਰਹੀ, ਜਦਕਿ ਇਸ ਨਹਿਰ ਵਿਚ ਪਾਣੀ 6062 ਕਿਊਸਿਕ ਛੱਡਿਆ ਗਿਆ। ਇਸ ਨਹਿਰੀ ਪਾਣੀ 'ਚ ਰਾਜਸਥਾਨ ਦਾ ਪਾਣੀ ਵੀ ਸ਼ਾਮਲ ਹੈ। ਪੱਤਰ ਅਨੁਸਾਰ ਰਾਜਸਥਾਨ ਦੀ ਪਾਣੀ ਦੀ ਮੰਗ 623 ਕਿਊਸਿਕ ਪ੍ਰਤੀ ਦਿਨ ਰਹੀ ਪਰ ਰਾਜਸਥਾਨ ਨੂੰ ਬਦਲੇ ਵਿਚ ਪਾਣੀ 424 ਕਿਊਸਿਕ ਪਾਣੀ ਹੀ ਮਿਲਿਆ। ਮਤਲਬ ਕਿ ਰਾਜਸਥਾਨ ਨੂੰ ਭਾਖੜਾ ਨਹਿਰ 'ਚੋਂ 199 ਕਿਊਸਿਕ ਪਾਣੀ ਰੋਜ਼ਾਨਾ ਘੱਟ ਮਿਲਿਆ। ਹਾਲਾਂਕਿ ਪੰਜਾਬ ਵੱਲੋਂ ਇਹ ਪਾਣੀ ਛੱਡਿਆ ਗਿਆ ਹੈ। 15 ਨਵੰਬਰ ਨੂੰ ਹਰਿਆਣਾ ਨੂੰ ਪੰਜਾਬ ਵਾਲੇ ਪਾਸਿਓਂ ਮੰਗ ਤੋਂ 135 ਕਿਊਸਿਕ ਪਾਣੀ ਜ਼ਿਆਦਾ ਪਰ ਰਾਜਸਥਾਨ ਨੂੰ 593 ਕਿਊਸਿਕ ਪਾਣੀ ਘੱਟ ਮਿਲਿਆ। ਇਸ ਅੰਕੜੇ ਦੇ ਹਵਾਲੇ ਨਾਲ ਪੰਜਾਬ ਨੇ ਰਾਜਸਥਾਨ ਨੂੰ ਕਿਹਾ ਹੈ ਕਿ ਰਾਜਸਥਾਨ ਦੇ ਹਿੱਸੇ ਦਾ ਪਾਣੀ ਹਰਿਆਣਾ ਵਰਤ ਰਿਹਾ ਹੈ। ਸਿਆਸੀ ਨਜ਼ਰੀਏ ਤੋਂ ਦੇਖੀਏ ਤਾਂ ਹਰਿਆਣਾ ਤੇ ਰਾਜਸਥਾਨ 'ਚ ਭਾਜਪਾ ਸਰਕਾਰਾਂ ਹਨ ਤੇ ਇਸੇ ਕਰਕੇ ਭਾਖੜਾ ਮੇਨ ਲਾਈਨ ਦੇ ਪਾਣੀਆਂ 'ਚੋਂ ਰਾਜਸਥਾਨ ਨੂੰ ਮਿਲ ਰਹੇ ਘੱਟ ਪਾਣੀ ਲਈ ਗਾਜ ਪੰਜਾਬ 'ਤੇ ਸੁੱਟੀ ਜਾ ਰਹੀ ਹੈ।

## ਲਖੀਮਪੁਰ ਖੀਰੀ ਮਾਮਲਾ : ਸੁਪਰੀਮ ਕੋਰਟ ਨੇ ਆਸ਼ੀਸ਼ ਮਿਸ਼ਰਾ ਤੋਂ ਜਵਾਬ ਮੰਗਿਆ

ਨਵੀਂ ਦਿੱਲੀ, (ਪੰਜਾਬ ਮੇਲ)- ਸੁਪਰੀਮ ਕੋਰਟ ਨੇ ਸਾਬਕਾ ਕੇਂਦਰੀ ਮੰਤਰੀ ਅਜੈ ਮਿਸ਼ਰਾ ਦੇ ਪੁੱਤਰ ਆਸ਼ੀਸ਼ ਮਿਸ਼ਰਾ ਨੂੰ ਲਖੀਮਪੁਰ ਖੀਰੀ ਹਿੰਸਾ ਮਾਮਲੇ ਵਿਚ ਗਵਾਹਾਂ ਨੂੰ ਧਮਕੀਆਂ ਦੇਣ ਦੇ ਦੋਸ਼ਾਂ ਦਾ ਜਵਾਬ ਦੇਣ ਲਈ ਕਿਹਾ ਹੈ। ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਉੱਜਲ ਭੂਯਾਨ ਦੇ ਬੈਂਚ ਨੇ ਮਿਸ਼ਰਾ ਦੇ ਵਕੀਲ ਨੂੰ ਦੋਸ਼ ਸਪੱਸ਼ਟ ਕਰਨ ਵਾਲਾ ਜਵਾਬੀ ਹਲਫ਼ਨਾਮਾ ਦਾਇਰ ਕਰਨ ਲਈ ਕਹਿੰਦਿਆਂ ਚਾਰ ਹਫ਼ਤਿਆਂ 'ਚ ਜਵਾਬ ਮੰਗਿਆ ਹੈ। ਇਸ ਦੌਰਾਨ ਮਿਸ਼ਰਾ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਸਿਧਾਰਥ ਦਵੇ ਨੇ ਦੋਸ਼ ਨਕਾਰਦਿਆਂ ਕਿਹਾ ਕਿ ਜਦੋਂ ਵੀ ਅਜਿਹੇ ਮਾਮਲੇ ਅਦਾਲਤ ਕੋਲ ਆਉਂਦੇ ਹਨ, ਤਾਂ ਹਰ ਵਾਰ ਅਜਿਹੇ ਦੋਸ਼ ਲੱਗਦੇ ਹਨ। ਇਸ ਤੋਂ ਪਹਿਲਾਂ ਸੁਪਰੀਮ ਕੋਰਟ ਨੇ ਆਸ਼ੀਸ਼ ਮਿਸ਼ਰਾ ਦੀ ਅੰਤਰਿਮ ਜ਼ਮਾਨਤ ਦੀਆਂ ਸ਼ਰਤਾਂ ਨੂੰ ਸੋਧਦਿਆਂ ਉਸ ਨੂੰ ਦਿੱਲੀ ਜਾਂ ਲਖਨਊ 'ਚ ਰਹਿਣ ਦੀ ਇਜਾਜ਼ਤ ਦਿੱਤੀ ਸੀ ਅਤੇ ਲਖੀਮਪੁਰ ਖੀਰੀ ਹਿੰਸਾ ਮਾਮਲੇ ਵਿਚ ਮੁਕੱਦਮੇ ਦੀ ਸੁਣਵਾਈ ਤੇਜ਼ ਕਰਨ ਦੇ ਨਿਰਦੇਸ਼ ਵੀ ਦਿੱਤੇ ਸਨ। ਸੁਪਰੀਮ ਕੋਰਟ ਨੇ 25 ਜਨਵਰੀ 2023 ਨੂੰ ਆਸ਼ੀਸ਼ ਮਿਸ਼ਰਾ ਨੂੰ ਕੁਝ ਸ਼ਰਤਾਂ ਤਹਿਤ ਅੱਠ ਹਫ਼ਤਿਆਂ ਲਈ ਅੰਤਰਿਮ ਜ਼ਮਾਨਤ ਦਿੱਤੀ ਸੀ ਤੇ ਬਾਅਦ ਵਿਚ ਜ਼ਮਾਨਤ ਦਾ ਸਮਾਂ ਵਧਾ ਦਿੱਤਾ ਗਿਆ ਸੀ। ਸਰਬਉੱਚ ਅਦਾਲਤ ਨੇ ਆਸ਼ੀਸ਼ ਮਿਸ਼ਰਾ ਨੂੰ ਉਸ ਦੇ ਟਿਕਾਣੇ ਬਾਰੇ ਸਬੰਧਤ ਅਦਾਲਤ ਨੂੰ ਸੂਚਿਤ ਕਰਨ ਦਾ ਵੀ ਨਿਰਦੇਸ਼ ਦਿੱਤਾ ਸੀ। ਸੁਪਰੀਮ ਕੋਰਟ ਨੇ ਇਹ ਵੀ ਸਪੱਸ਼ਟ ਕੀਤਾ ਸੀ ਕਿ ਆਸ਼ੀਸ਼ ਮਿਸ਼ਰਾ ਜਾਂ ਉਸ ਦੇ ਪਰਿਵਾਰ ਵੱਲੋਂ ਗਵਾਹਾਂ ਨੂੰ ਪ੍ਰਭਾਵਿਤ ਕਰਨ ਅਤੇ ਮੁਕੱਦਮੇ ਵਿਚ ਦੇਰੀ ਕਰਨ ਦੀ ਕੋਸ਼ਿਸ਼ ਕਰਨ ਨਾਲ ਉਸ ਦੀ ਜ਼ਮਾਨਤ ਰੱਦ ਹੋ ਸਕਦੀ ਹੈ।

ਸਫ਼ਾ 1 ਦਾ ਬਾਕੀ

## ਸ੍ਰੀ ਦਰਬਾਰ ਸਾਹਿਬ ਦੇ ਬਾਹਰ...

ਜ਼ਿਕਰਯੋਗ ਹੈ ਕਿ ਸੋਮਵਾਰ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਸਨਮੁੱਖ ਸੁਖਬੀਰ ਸਿੰਘ ਬਾਦਲ ਅਤੇ ਹੋਰਨਾਂ ਨੇ ਅਕਾਲੀ ਸਰਕਾਰ ਵੇਲੇ ਹੋਏ ਗੁਨਾਹ ਕਬੂਲ ਕੀਤੇ ਸਨ ਅਤੇ ਜਥੇਦਾਰ ਗਿਆਨੀ ਰਘਬੀਰ ਸਿੰਘ ਸਣੇ ਪੰਜ ਸਿੰਘ ਸਾਹਿਬਾਨਾਂ ਵੱਲੋਂ ਇਨ੍ਹਾਂ ਦੀ ਮੁਆਫੀ ਲਈ ਤਨਖਾਹ ਲਾਈ ਗਈ ਸੀ।

ਸੁਖਬੀਰ ਸਿੰਘ ਬਾਦਲ 'ਤੇ ਹੋਏ ਫਾਈਰਿੰਗ ਦੇ ਮਾਮਲੇ 'ਚ ਪਾਰਟੀ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਇਸ ਜਾਨਲੇਵਾ ਹਮਲੇ ਦੀ ਸਖਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ। ਹਮਲਾਵਰ ਨਾਰਾਇਣ ਸਿੰਘ ਨੂੰ ਪੁਲਿਸ ਨੇ ਹਿਰਾਸਤ 'ਚ ਲੈ ਲਿਆ ਹੈ। ਉਸ ਤੋਂ ਹੋਰ ਪੁੱਛਗਿੱਛ ਕੀਤੀ ਜਾ ਰਹੀ ਹੈ।

**ਸ. ਸੁਖਬੀਰ ਬਾਦਲ 'ਤੇ ਹੋਏ ਹਮਲੇ ਦੀ ਐਡਵੋਕੇਟ ਧਾਮੀ ਵੱਲੋਂ ਨਿੰਦਾ** : ਅੰਮ੍ਰਿਤਸਰ, (ਪੰਜਾਬ ਮੇਲ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਬਾਹਰ ਸ. ਸੁਖਬੀਰ ਸਿੰਘ ਬਾਦਲ 'ਤੇ ਹੋਏ ਹਮਲੇ ਦੀ ਕਰੜੀ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਪਾਵਨ ਅਸਥਾਨ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਲੱਗੀ ਧਾਰਮਿਕ ਸੇਵਾ ਨਿਭਾਉਂਦਿਆਂ ਸ. ਸੁਖਬੀਰ ਸਿੰਘ ਬਾਦਲ ਨੂੰ ਨਿਸ਼ਾਨੇ 'ਤੇ ਲੈਣਾ ਬੇਹੱਦ ਦੁਖਦਾਈ ਅਤੇ ਗ਼ੈਰ-ਇਖਲਾਕੀ ਕਰਵਾਈ ਹੈ। ਹਿੰਸਕ ਪ੍ਰਵਿਰਤੀ ਨਾਲ ਕੀਤਾ ਗਿਆ ਹਮਲਾ ਸ੍ਰੀ ਦਰਬਾਰ ਸਾਹਿਬ ਦੀ ਧਾਰਮਿਕ ਆਭਾ 'ਤੇ ਵੀ ਹਮਲਾ ਕਿਹਾ ਜਾ ਸਕਦਾ ਹੈ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਹ ਪ੍ਰੰਪਰਾ ਰਹੀ ਹੈ ਕਿ ਉਹ ਕਿਸੇ ਵੀ ਪੰਥਕ ਅਵੱਗਿਆ ਦਾ ਨੋਟਿਸ ਲੈ ਕੇ ਧਾਰਮਿਕ ਸਜ਼ਾ ਦਾ ਆਦੇਸ਼ ਕਰਦਾ ਹੈ, ਜਿਸ ਨੂੰ ਨਿਮਾਣੇ ਸਿੱਖ ਵਾਂਗ ਮੰਨਣਾ ਹਰ ਇਕ ਸਿੱਖ ਦਾ ਫ਼ਰਜ਼ ਹੈ।

ਸਫ਼ਾ 1 ਦਾ ਬਾਕੀ

## ਪਾਕਿਸਤਾਨ ਤੋਂ ਅਸਲਾ ਭਾਰਤ...

ਚਾਰੇ ਕੈਦੀ 94 ਫੁੱਟ ਲੰਬੀ ਸੁਰੰਗ ਪੁੱਟ ਕੇ ਜੇਲ੍ਹ ਤੋਂ ਫਰਾਰ ਹੋਏ ਸਨ। ਹਾਲਾਂਕਿ ਬਾਅਦ 'ਚ ਅਦਾਲਤ ਨੇ ਇਸ ਮਾਮਲੇ 'ਚ ਮੁਲਜ਼ਮਾਂ ਨੂੰ ਬਰੀ ਕਰ ਦਿੱਤਾ ਸੀ। ਗੈਰਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ ਤਹਿਤ ਲੰਮਾ ਸਮਾਂ ਜੇਲ੍ਹ 'ਚ ਰਹਿਣ ਤੋਂ ਬਾਅਦ ਨਰਾਇਣ ਸਿੰਘ ਚੌੜਾ ਜ਼ਮਾਨਤ 'ਤੇ ਬਾਹਰ ਆਇਆ ਸੀ। ਉਹ ਅੰਮ੍ਰਿਤਸਰ ਕੇਂਦਰੀ ਜੇਲ੍ਹ 'ਚ ਪੰਜ ਸਾਲ ਰਿਹਾ। ਉਸ ਨੂੰ 28 ਫਰਵਰੀ 2013 ਨੂੰ ਤਰਨਤਾਰਨ ਦੇ ਪਿੰਡ ਜਲਾਲਾਬਾਦ ਤੋਂ ਗ੍ਰਿਫਤਾਰ ਕੀਤਾ ਗਿਆ ਸੀ। ਇਸੇ ਦਿਨ ਉਸ ਦੇ ਸਾਥੀ ਸੁਖਦੇਵ ਸਿੰਘ ਤੇ ਗੁਰਿੰਦਰ ਸਿੰਘ ਨੂੰ ਵੀ ਫੜ ਲਿਆ ਗਿਆ ਸੀ। ਉਸ ਤੋਂ ਪੁੱਛਗਿੱਛ ਦੇ ਆਧਾਰ 'ਤੇ ਪੁਲਿਸ ਨੇ ਫਿਰ ਮੁਹਾਲੀ ਜ਼ਿਲ੍ਹੇ ਦੇ ਪਿੰਡ ਕੁਰਾਲੀ 'ਚ ਇੱਕ ਛੁਪਣਗਾਹ 'ਤੇ ਛਾਪਾ ਮਾਰਿਆ ਤੇ ਮੌਕੇ 'ਤੇ ਹਥਿਆਰਾਂ ਅਤੇ ਗੋਲਾ ਬਾਰੂਦ ਦਾ ਜ਼ਖੀਰਾ ਬਰਾਮਦ ਕਰਨ ਦਾ ਦਾਅਵਾ ਕੀਤਾ ਸੀ। ਨਾਰਾਇਣ ਸਿੰਘ ਚੌੜਾ ਖ਼ਿਲਾਫ਼ ਅੰਮ੍ਰਿਤਸਰ ਦੇ ਸਿਵਲ ਲਾਈਨ ਥਾਣੇ 'ਚ ਐਕਸਪਲੋਸਿਵ ਐਕਟ ਤਹਿਤ ਕੇਸ ਦਰਜ ਹੈ।




FOR SALE & PURCHASE OF
ANY KIND OF PROPERTY



RE/MAX
Outstanding Agents
Outstanding Results®
DRE Lic. # 01215931 (Broker)

Gurjatinder S. Randhawa
REALTOR CA DRE licence # 01490567
916-320-9444

# PUNJAB MAIL USA

TV Channel, Newspaper, Radio

All over America, Canada, Australia & Europe

## 24 Hours 7 Days

Gold # 2867, Gem # 375, TV Zon # 6888,

Glow TV # 1828, Tashan # 131, Real TV etc.

For any Information & Advertisement Call at

**+1-916-320-9444**

E-mail: punjabmailtv@gmail.com

Web: punjabmailusa.com

Iphone/Andriod App : Punjab Mail USA

Facebook Page : Punjab Mail USA




## ਜਨਮ ਦਿਨ 'ਤੇ ਵਿਸ਼ੇਸ਼ ਲੇਖ

# ਲੰਮਾਂ ਸਮਾਂ ਮੁੱਖ ਮੰਤਰੀ ਦੀ ਕੁਰਸੀ ਦਾ ਨਿੱਘ ਮਾਨਣ ਵਾਲੇ - ਸ. ਪ੍ਰਕਾਸ਼ ਸਿੰਘ ਬਾਦਲ

ਸੁਖਵਿੰਦਰ ਸਿੰਘ ਮੁੱਲਾਂਪੁਰ
ਵ. ਅੱਪ : +91-99141-84794
ਪੰਜਾਬ ਮੇਲ USA



ਸ਼੍ਰੋਮਣੀ ਅਕਾਲੀ ਦਲ ਪੰਜਾਬ ਦੀ ਨੁਮਾਇੰਦਗੀ ਕਰਨ ਵਾਲੀ ਖੇਤਰੀ ਪਾਰਟੀ ਹੈ। ਸਮੇਂ-ਸਮੇਂ ਪੰਜਾਬ ਦੀ ਸਿਆਸਤ ਉੱਪਰ ਕਾਬਜ਼ ਰਹੀ ਹੈ। ਮਾਸਟਰ ਤਾਰਾ ਸਿੰਘ, ਸੰਤ ਫ਼ਤਿਹ ਸਿੰਘ, ਮੋਹਨ ਸਿੰਘ ਤੁੜ ਵਰਗੇ ਉੱਚ ਕੋਟੀ ਦੇ ਲੀਡਰ ਸ਼੍ਰੋਮਣੀ ਅਕਾਲੀ ਦਲ 'ਤੇ ਕਾਬਜ਼ ਰਹੇ।

ਇਕ ਹੋਰ ਨਾਮ ਹੈ, ਜਿਸ ਨੇ ਸ਼੍ਰੋਮਣੀ ਅਕਾਲੀ ਦਲ ਦੀ ਪ੍ਰਧਾਨਗੀ ਅਤੇ ਲੰਮਾ ਸਮਾਂ ਮੁੱਖ ਮੰਤਰੀ ਦੀ ਕੁਰਸੀ ਦਾ ਨਿੱਘ ਮਾਣਿਆ ਸ. ਪ੍ਰਕਾਸ਼ ਸਿੰਘ ਬਾਦਲ ਜਿਨ੍ਹਾਂ ਦਾ ਜਨਮ 8 ਦਸੰਬਰ ਨੂੰ ਬਠਿੰਡਾ ਜ਼ਿਲ੍ਹੇ ਦੇ ਪਿੰਡ ਅਬੁਲ ਖੁਰਾਣਾ (ਮਲੋਟ) ਵਿਖੇ ਪਿਤਾ ਰਘੂਰਾਜ ਸਿੰਘ ਅਤੇ ਮਾਤਾ ਸੁੰਦਰੀ ਕੌਰ ਦੀ ਕੁਖੋਂ 8 ਦਸੰਬਰ, 1927 ਨੂੰ ਹੋਇਆ। ਇਸ ਨੇ ਲਾਹੌਰ ਦੇ ਫੋਰਸੇਨ ਕ੍ਰਿਸ਼ਚੀਅਨ ਕਾਲਜ ਤੋਂ ਗ੍ਰੈਜੂਏਸ਼ਨ ਪਾਸ ਕੀਤੀ। ਉਹ ਵਕੀਲ ਬਣਨਾ ਚਾਹੁੰਦੇ ਸਨ, ਉਨ੍ਹਾਂ ਪੰਜਾਬ ਯੂਨੀਵਰਸਿਟੀ 'ਚ ਐੱਲ.ਐੱਲ.ਬੀ. ਕਰਨ ਲਈ ਦਾਖ਼ਲਾ ਲੈ ਲਿਆ ਸੀ। ਪਰ ਗਿਆਨੀ ਕਰਤਾਰ ਸਿੰਘ ਦੀ ਪ੍ਰੇਰਨਾ ਸਦਕਾ ਸਿਆਸਤ ਵਿਚ ਆ ਗਏ।

ਇਨ੍ਹਾਂ ਦਾ ਵਿਆਹ 1959 'ਚ ਬੀਬੀ ਸੁਰਿੰਦਰ ਕੌਰ ਨਾਲ ਹੋਇਆ। ਇਨ੍ਹਾਂ ਦੇ ਦੋ ਬੱਚੇ ਸੁਖਬੀਰ ਸਿੰਘ ਬਾਦਲ ਅਤੇ ਪਰਨੀਤ ਕੌਰ ਹਨ।

1947 'ਚ ਇਨ੍ਹਾਂ ਨੇ ਸਿਆਸੀ ਕੈਰੀਅਰ ਸ਼ੁਰੂ ਕੀਤਾ। ਸਿਆਸਤ ਵਿਚ ਆਉਣ ਤੋਂ ਪਹਿਲਾਂ ਇਹ ਬਾਦਲ ਪਿੰਡ ਦੇ ਸਰਪੰਚ ਬਣੇ, ਉਸ ਟਾਇਮ ਇਨ੍ਹਾਂ ਦੀ ਉਮਰ 20 ਸਾਲ ਸੀ, ਫਿਰ ਬਲਾਕ ਸੰਮਤੀ ਲੰਬੀ ਦੇ ਚੇਅਰਮੈਨ ਬਣੇ।

1957 'ਚ ਬਾਦਲ ਨੇ ਪਹਿਲੀ ਵਾਰ ਕਾਂਗਰਸ ਦੀ ਟਿਕਟ ਤੋਂ ਵਿਧਾਨ ਸਭਾ ਚੋਣ ਜਿੱਤੀ, ਫਿਰ ਦੂਜੀ ਵਾਰ 1969 ਵਿਚ ਅਕਾਲੀ ਦਲ ਦੀ ਟਿਕਟ ਤੋਂ ਵਿਧਾਨ ਸਭਾ ਚੋਣ ਜਿੱਤੀ। ਅਕਾਲੀ ਦਲ ਅਤੇ ਜਨਸੰਘ ਦੀ ਮਿਲੀ-ਜੁਲੀ ਸਰਕਾਰ ਜਸਟਿਸ ਗੁਰਨਾਮ ਸਿੰਘ ਦੀ ਵਜ਼ਾਰਤ ਵਿਚ ਮੰਤਰੀ ਰਹੇ।

26 ਮਾਰਚ 1970 ਦੇ ਦਿਨ ਅਕਾਲੀ ਐੱਮ.ਐੱਲ.ਏਜ਼ ਨੇ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਆਪਣਾ ਅਸੈਂਬਲੀ ਪਾਰਟੀ ਆਗੂ ਚੁਣ ਲਿਆ। ਜਨਸੰਘ, ਸੁਤੰਤਰ ਤੇ ਸੋਸ਼ਲਿਸਟਾਂ ਨੇ ਵੀ ਬਾਦਲ ਨੂੰ ਹਮਾਇਤ ਦਾ ਐਲਾਨ ਕਰ ਦਿੱਤਾ। 26 ਮਾਰਚ ਨੂੰ ਬਾਦਲ 54 ਹਮਾਇਤੀਆਂ ਨੂੰ ਲੈ ਕੇ ਗਵਰਨਰ ਦੀ ਕੋਠੀ ਪਹੁੰਚ ਗਏ।

ਇਸ ਤੋਂ ਬਗੈਰ ਉਸ ਨੇ ਦੋ ਮਾਰਕਸੀ ਮੈਂਬਰਾਂ ਦੀ ਹਮਾਇਤ ਦਾ ਦਾਅਵਾ ਵੀ ਕੀਤਾ। ਇਸੇ ਦਿਨ ਹੀ ਗੁਰਨਾਮ ਸਿੰਘ 28 ਕਾਂਗਰਸੀ ਅਤੇ 7 ਅਕਾਲੀ ਮੈਂਬਰਾਂ ਨੂੰ ਨਾਲ ਲੈ ਕੇ ਗਵਰਨਰ ਨੂੰ ਮਿਲੇ ਪਰ ਗਵਰਨਰ ਨੇ ਬਾਦਲ ਨੂੰ ਸਰਕਾਰ ਬਣਾਉਣ ਦਾ ਸੱਦਾ ਦੇ ਦਿੱਤਾ। ਪ੍ਰਕਾਸ਼ ਸਿੰਘ ਬਾਦਲ 27 ਮਾਰਚ 1970 ਨੂੰ ਸਹੁੰ ਚੁੱਕ ਕੇ ਪੰਜਾਬ ਦੇ ਪਹਿਲੀ ਵਾਰ ਮੁੱਖ ਮੰਤਰੀ ਬਣੇ। ਉਸ ਟਾਇਮ ਇਨ੍ਹਾਂ ਦੀ ਉਮਰ 43 ਸਾਲ ਸੀ। ਇਹ ਸਭ ਤੋਂ ਛੋਟੀ ਉਮਰ ਦੇ ਮੁੱਖ ਮੰਤਰੀ ਸਨ।



ਜਸਟਿਸ ਗੁਰਨਾਮ ਸਿੰਘ ਬਾਦਲ ਨਾਲ ਈਰਖਾ ਕਰਦਾ ਕਰਕੇ ਅੰਦਰੋਂ-ਅੰਦਰੀ ਤਰਲੋਚਨ ਸਿੰਘ ਰਿਆਸਤੀ ਦੀ ਹਮਾਇਤ ਕਰ ਰਿਹਾ ਸੀ। ਰਿਆਸਤੀ ਅਤੇ ਗੁਰਨਾਮ ਸਿੰਘ ਨਾਲ 11-12 ਐੱਮ.ਐੱਲ.ਏ. ਸਨ। ਰਿਆਸਤੀ, ਗੁਰਨਾਮ ਸਿੰਘ, ਕਾਂਗਰਸ ਅਤੇ ਬਾਕੀ ਬਾਗ਼ੀ ਅਕਾਲੀਆਂ ਦੀ ਮਦਦ ਨਾਲ ਵਜ਼ਾਰਤ ਬਣਾਉਣ 'ਤੇ ਜ਼ੋਰ ਲਾ ਰਿਹਾ ਸੀ। ਇਸ ਮਾਹੌਲ ਵਿਚ ਰਿਆਸਤੀ ਨੇ 12 ਜੂਨ, 1971 ਨੂੰ ਵਜ਼ਾਰਤ ਤੋਂ ਅਸਤੀਫ਼ਾ ਦੇ ਦਿੱਤਾ, ਨਾਲ ਹੀ ਕਹਿ ਦਿੱਤਾ, ਮੈਂ ਅਕਾਲੀ ਦਲ ਤੋਂ ਅਸਤੀਫ਼ਾ ਨਹੀਂ ਦਿੱਤਾ। ਇਸੇ ਸ਼ਾਮ ਹੀ ਬਾਦਲ ਨੇ ਗਵਰਨਰ ਕੋਲ ਜਾ ਕੇ ਅਸੈਂਬਲੀ ਤੋੜਨ ਦੀ ਸਿਫ਼ਾਰਸ਼ ਕਰ ਦਿੱਤੀ ਕਿਉਂਕਿ ਇਸ ਨੂੰ ਵਜ਼ਾਰਤ ਦਾ ਤਖ਼ਤਾ ਪਲਟਨ ਦਾ ਡਰ ਪੈਦਾ ਹੋ ਗਿਆ ਸੀ। ਅਗਲੇ ਦਿਨ ਬਾਦਲ ਨੇ ਲਿਖਤੀ ਰੂਪ 'ਚ ਅਸਤੀਫ਼ਾ ਗਵਰਨਰ ਨੂੰ ਦੇ ਦਿੱਤਾ।

ਇਸ ਨਾਲ ਹੀ 13 ਜੂਨ, 1971 ਨੂੰ ਬਾਦਲ ਦੀ ਵਜ਼ਾਰਤ ਖ਼ਤਮ ਹੋ ਗਈ ਤੇ ਰਾਸ਼ਟਰਪਤੀ ਰਾਜ ਲਗਾ ਦਿੱਤਾ ਗਿਆ। ਇਸੇ ਸ਼ਾਮ ਨੂੰ ਜਸਟਿਸ ਗੁਰਨਾਮ ਸਿੰਘ 5 ਐੱਮ.ਐੱਲ.ਏ. ਨਾਲ ਲੈ ਕੇ ਅਕਾਲੀ ਦਲ ਤੋਂ ਅਸਤੀਫ਼ਾ ਦੇ ਗਿਆ, ਮੁੜ ਉਹ ਮੁੱਖ ਮੰਤਰੀ ਨਾ ਬਣ ਸਕਿਆ।

25 ਜੂਨ, 1975 ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਦੇਸ਼ ਨੂੰ ਅੰਦਰੂਨੀ ਤਾਕਤਾਂ ਤੋਂ ਖ਼ਤਰੇ ਦਾ ਬਹਾਨਾ ਬਣਾ ਕੇ ਐਮਰਜੰਸੀ ਲਗਾ ਦਿੱਤੀ। 7 ਜੁਲਾਈ 1975 ਨੂੰ ਅਕਾਲੀ ਦਲ ਨੇ ਇਸ ਦੇ ਖਿਲਾਫ਼ ਮੋਰਚਾ ਲਗਾਉਣ ਦਾ ਮਤਾ ਪਾਸ ਕਰ ਦਿੱਤਾ। 9 ਜੁਲਾਈ, 1975 ਨੂੰ ਪਹਿਲੇ ਜੱਥੇ ਵਿਚ ਬਾਦਲ ਨੇ ਗ੍ਰਿਫ਼ਤਾਰੀ ਦਿੱਤੀ।

ਜਨਵਰੀ 1977 'ਚ ਐਮਰਜੰਸੀ ਖ਼ਤਮ ਕਰਕੇ ਚੋਣਾਂ ਦਾ ਐਲਾਨ ਕਰ ਦਿੱਤਾ। ਜੂਨ 1977 ਵਿਚ ਲੋਕ ਸਭਾ ਦੇ ਨਾਲ ਪੰਜਾਬ ਅਸੈਂਬਲੀ ਚੋਣਾ ਵੀ ਕਰਵਾਈਆਂ ਗਈਆਂ। 117 ਵਿਚੋਂ 58 ਅਕਾਲੀ ਦਲ, 25 ਜਨਤਾ ਪਾਰਟੀ ਕਾਗਰਸ ਨੂੰ 7 ਸੀਟਾਂ ਤੇ ਬਾਕੀ ਕੁਝ ਹੋਰ ਪਾਰਟੀਆਂ ਨੂੰ ਸੀਟਾਂ ਮਿਲੀਆਂ। 19 ਜੂਨ 1977 ਨੂੰ ਪ੍ਰਕਾਸ਼ ਸਿੰਘ ਬਾਦਲ ਦੂਜੀ ਵਾਰ ਪੰਜਾਬ ਦੇ ਮੁੱਖ ਮੰਤਰੀ ਬਣੇ ਤੇ 17 ਫ਼ਰਵਰੀ 1980 ਤੱਕ ਰਹੇ। ਇਸ ਪਿੱਛੋਂ ਰਾਸ਼ਟਰਪਤੀ ਰਾਜ ਲਗਾ ਦਿੱਤਾ ਗਿਆ।

ਲਗਭਗ 15 ਸਾਲ ਪੰਜਾਬ ਦੇ ਹਲਾਤ ਖਰਾਬ ਰਹੇ, ਪੰਜਾਬ ਦਾ ਮਣਾਂ-ਮੂੰਹੀ ਖ਼ੂਨ ਡੁੱਲ੍ਹਿਆ। 21 ਮਈ, 1991 ਨੂੰ ਰਾਜੀਵ ਗਾਂਧੀ ਦੀ ਹੱਤਿਆ ਕਰ ਦਿੱਤੀ ਗਈ। ਨਰਸਿਮਹਾ ਰਾਓ ਪ੍ਰਧਾਨ ਮੰਤਰੀ ਬਣਿਆ। ਉਸ ਨੇ ਫੈਸਲਾ ਕੀਤਾ ਕਿ ਪੰਜਾਬ ਦਾ ਰਾਜ ਪ੍ਰਬੰਧ ਚਲਾਉਣ ਦੀ ਜ਼ਿੰਮੇਵਾਰੀ ਜਨਤਾ ਦੇ ਚੁਣੇ ਹੋਏ ਪ੍ਰਤੀਨਿਧ ਹੱਥ ਦੇ ਦਿੱਤੀ ਜਾਵੇ, ਤਾਂ ਵਧੀਆ ਰਹੇਗਾ। 19 ਫ਼ਰਵਰੀ, 1992 ਤਰੀਕ ਰੱਖ ਕੇ ਸਰਕਾਰ ਨੇ ਪੰਜਾਬ ਵਿਚ ਅਸੈਂਬਲੀ ਚੋਣਾਂ ਕਰਵਾਈਆਂ। ਇਹ ਚੋਣਾਂ ਦਾ ਅਕਾਲੀ ਦਲ ਨੇ ਰੋਸ ਵਜੋਂ ਬਾਈਕਾਟ ਕਰ ਦਿੱਤਾ। ਕਾਂਗਰਸ ਨੇ ਆਪਣੇ ਉਮੀਦਵਾਰ ਖੜ੍ਹੇ ਕਰ ਦਿੱਤੇ, ਸਿਰਫ ਵੀਹ ਪਰਸੈਂਟ ਪੋਲਿੰਗ ਹੋਈ ਪਰ ਕਈ ਥਾਂਈ ਡਰ ਦੇ ਸਾਏ ਹੇਠ ਇਕ ਪਰਸੈਂਟ ਹੀ ਪੋਲਿੰਗ ਹੋਈ। ਇਤਨੀ ਕੁ ਵੋਟ ਨਾਲ ਹੀ 25 ਫ਼ਰਵਰੀ, 1992 ਨੂੰ ਬੇਅੰਤ ਸਿੰਘ ਮੁੱਖ ਮੰਤਰੀ ਹੇਠ ਪੰਜਾਬ ਵਜ਼ਾਰਤ ਬਣ ਗਈ। 1995 'ਚ ਪੰਜਾਬ ਦੇ ਹਲਾਤ ਠੀਕ ਹੋਣੇ ਸ਼ੁਰੂ ਹੋਏ।

ਫ਼ਰਵਰੀ 1997 'ਚ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਹੋਈਆਂ। ਉਸ ਵਿਚ ਪ੍ਰਕਾਸ਼ ਸਿੰਘ ਬਾਦਲ 11 ਫ਼ਰਵਰੀ, 1997 ਨੂੰ ਤੀਜੇ ਵਾਰ ਮੁੱਖ ਮੰਤਰੀ ਬਣੇ। ਪੰਜ ਸਾਲ ਦਾ ਸਮਾਂ ਪੂਰਾ ਕਰਦੇ ਹੋਏ 24 ਫ਼ਰਵਰੀ 2002 ਨੂੰ ਸੇਵਾਮੁਕਤ ਹੋਏ।

ਸ਼੍ਰੋਮਣੀ ਅਕਾਲੀ ਦਲ (ਬ) ਨੇ ਪੰਜਾਬ ਵਿਧਾਨ ਸਭਾ ਦੀਆਂ ਫ਼ਰਵਰੀ 2007 ਨੂੰ ਹੋਈਆਂ ਚੋਣਾਂ ਵਿਚ ਜਿੱਤ ਪ੍ਰਾਪਤ ਕੀਤੀ ਅਤੇ 1 ਮਾਰਚ 2007 ਨੂੰ ਪ੍ਰਕਾਸ਼ ਸਿੰਘ ਬਾਦਲ ਪੰਜਾਬ ਦੇ ਚੌਥੀ ਵਾਰ ਮੁੱਖ ਮੰਤਰੀ ਬਣੇ। ਫਿਰ ਪੰਜ ਸਾਲ ਬਾਅਦ ਮਾਰਚ 2012 ਵਿਚ ਚੋਣਾਂ ਹੋਈਆਂ। ਫਿਰ ਅਕਾਲੀ ਦਲ (ਬ) ਜਿੱਤ ਗਿਆ। 14 ਮਾਰਚ 2012 ਨੂੰ ਪ੍ਰਕਾਸ਼ ਸਿੰਘ ਬਾਦਲ ਪੰਜਵੀ ਵਾਰ ਪੰਜਾਬ ਦੇ ਮੁੱਖ ਮੰਤਰੀ ਬਣੇ ਤੇ ਪੰਜ ਸਾਲ ਪੂਰੇ ਕਰਕੇ 16 ਮਾਰਚ, 2017 ਨੂੰ ਸੇਵਾਮੁਕਤ ਹੋਏ। ਉਸ ਟਾਇਮ ਇਨ੍ਹਾਂ ਦੀ ਉਮਰ 90 ਸਾਲ ਸੀ। ਭਾਰਤ ਵਿਚ ਸਭ ਤੋਂ ਵੱਧ ਉਮਰ ਦੇ ਮੁੱਖ ਮੰਤਰੀ ਸਨ।

ਪ੍ਰਕਾਸ਼ ਸਿੰਘ ਬਾਦਲ 11 ਵਾਰ ਵਿਧਾਇਕ ਬਣੇ। ਪੰਜ ਵਾਰ ਲੰਬੀ ਹਲਕੇ ਤੋਂ, ਪੰਜ ਵਾਰ ਗਿੱਦੜਬਾਹੇ ਤੋਂ ਤੇ ਇਕ ਵਾਰ ਮਲੋਟ ਤੋਂ ਬਣੇ। ਜ਼ਿੰਦਗੀ ਦੀ ਅਖ਼ੀਰਲੀ ਚੋਣ 2022 'ਚ ਵਿਧਾਨ ਸਭਾ ਹਲਕਾ ਲੰਬੀ ਤੋਂ ਹਾਰ ਗਏ ਪਰ ਇਹ ਚੋਣ ਉਨ੍ਹਾਂ ਦੀ ਮਰਜ਼ੀ ਮੁਤਾਬਕ ਨਹੀਂ ਲੜੀ ਗਈ ਸੀ। ਉਹ ਉਮਰ ਦੇ ਜ਼ਿਆਦਾ ਹੋਣ ਕਰਕੇ ਰਾਜਨੀਤੀ ਤੋਂ ਸੰਨਿਆਸ ਲੈਣਾ ਚਾਹੁੰਦੇ ਸਨ। ਬਾਦਲ 1995 ਤੋਂ 31 ਜਨਵਰੀ, 2008 ਤੱਕ ਸ਼੍ਰੋਮਣੀ ਅਕਾਲੀ ਦਲ ਦੇ ਪਾਰਟੀ ਪ੍ਰਧਾਨ ਰਹੇ। ਬਾਦਲ ਸਾਹਿਬ ਨੇ 75 ਸਾਲ ਦਾ ਸਿਆਸੀ ਸਫ਼ਰ ਤਹਿ ਕੀਤਾ।

ਪ੍ਰਕਾਸ਼ ਸਿੰਘ ਬਾਦਲ ਵਿਚ ਸਿਆਣਪ ਰੱਜ ਕੇ ਸੀ, ਮਜ਼ਾਕੀਆ ਸੁਭਾਅ ਦੇ ਸਨ, ਕਈ ਮਸਲੇ ਤਾਂ ਮਜ਼ਾਕ ਵਿਚ ਹੀ ਹੱਲ ਕਰ ਜਾਂਦੇ। ਇਕ ਵਾਰ ਉਨ੍ਹਾਂ ਦੇ ਮੁੱਖ ਮੰਤਰੀ ਹੁੰਦਿਆਂ ਗੱਠੇ 100 ਰੁਪਏ ਕਿਲੋ ਹੋ ਗਏ। ਬਾਦਲ ਸਾਹਿਬ ਜਗਰਾਓਂ ਇਕ ਰੈਲੀ 'ਤੇ ਆਏ, ਉੱਥੇ ਸਟੇਜ 'ਤੇ ਬੋਲਣ ਲੱਗੇ, ਓ ਭਰਾਵੋ ਹਰ ਕੋਈ ਕਹਿ ਦਿੰਦਾ ਸਰਕਾਰ ਨੇ ਗੱਠੇ ਮਹਿੰਗੇ ਕਰਤੇ, ਇਹ ਭਲਾ ਸਰਕਾਰ ਨੇ ਆਪ ਬੀਜਣੇ ਹਨ, ਯਾਰ ਤੁਸੀਂ ਜੱਟ ਜ਼ਿੰਮੀਦਾਰ ਹੋ, ਦੋ-ਦੋ ਮਰਲੇ ਘਰ ਗੱਠਿਆਂ ਦੇ ਨਹੀਂ ਬੀਜ ਸਕਦੇ, ਤੁਸੀਂ ਸਬਜ਼ੀ ਗੱਠੇ ਲੈਣ ਸਕੂਟਰਾਂ 'ਤੇ ਬਾਣੀਆਂ ਕੋਲ ਭੱਜ ਲੈਂਦੇ ਹੋ, ਹੁਣ ਆਪਾਂ ਉਨ੍ਹਾਂ ਨੂੰ ਥੋੜਾ ਕਹਿਣਾ, ਰੇਟ ਘੱਟ ਕਰੋ! ਇੰਜ ਜਨਤਾ ਨੂੰ ਖੁਸ਼ ਕਰਕੇ ਸਮਾਂ ਥੋਚ ਲੈਂਦੇ ਸਨ।


ਕਿਸਮਤ ਇਨ੍ਹਾਂ ਦਾ ਪੁੱਜ ਕੇ ਸਾਥ ਦਿੰਦੀ ਸੀ। ਕਈ ਵਾਰ ਪੰਥਕ ਜਾਂ ਰਾਜਨੀਤਿਕ ਮਸਲਿਆਂ 'ਤੇ ਜੇਲ੍ਹ ਕੱਟੀ, ਉਤਨੀ ਵਾਰੀ ਹੀ ਜੇਲ੍ਹ ਵਿਚੋਂ ਲੋਕਾਂ ਦੇ ਹਰਮਨਪਿਆਰੇ ਬਣ ਕੇ ਨਿਕਲੇ। ਜਦ ਚੋਣਾਂ ਦਾ ਟਾਇਮ ਆਉਂਦਾ, ਸ਼ਾਨੋ-ਸ਼ੌਕਤ ਨਾਲ ਜਿੱਤ ਜਾਂਦੇ, ਜੇਕਰ ਕੋਈ ਉਨ੍ਹਾਂ ਦੀ ਅਕਾਲੀ ਪਾਰਟੀ ਦਾ ਲੀਡਰ ਰਾਹ ਵਿਚ ਰੋੜਾ ਬਣਦਾ, ਤਾਂ ਉਸ ਨੂੰ ਰਾਜਨੀਤਿਕ ਢੰਗ ਵਰਤ ਕੇ ਪਿਆਰ ਨਾਲ ਵਡਿਆ ਲੈਂਦੇ, ਜੇ ਫਿਰ ਵੀ ਠੀਕ ਵੀ ਨਾ ਆਉਂਦਾ, ਤਾਂ ਉਸ ਨੂੰ ਰਾਹ ਵਿਚੋਂ ਮਿਠਾਸ ਵਾਲੇ ਸ਼ਬਦਾਂ ਨਾਲ ਹੀ ਪਾਸੇ ਕਰ ਦਿੰਦੇ। ਆਮ ਹੀ ਸਾਰੇ ਲੀਡਰ ਇਸ ਗੱਲ ਨੂੰ ਸਵੀਕਾਰ ਕਰਦੇ ਸਨ ਕਿ ਬਾਦਲ ਦੇ ਸਿਆਸੀ ਕੱਦ ਦਾ ਕੋਈ ਲੀਡਰ ਨਹੀ ਹੈ। ਦੇਸ਼ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਬਾਦਲ ਸਾਹਿਬ ਦੇ ਪੈਰੀ ਹੱਥ ਲਾਉਂਦਾ ਸੀ। ਪ੍ਰਕਾਸ਼ ਸਿੰਘ ਬਾਦਲ ਦਾ ਦੇਹਾਂਤ 25 ਅਪ੍ਰੈਲ, 2023 ਦਿਨ ਮੰਗਲਵਾਰ ਨੂੰ ਫੋਰਟਿਸ ਹਸਪਤਾਲ ਮੋਹਾਲੀ ਵਿਖੇ ਹੋਇਆ ਅਤੇ ਇਨ੍ਹਾਂ ਦਾ ਸਸਕਾਰ ਇਨ੍ਹਾਂ ਦੇ ਜੱਦੀ ਪਿੰਡ ਬਾਦਲ ਵਿਖੇ ਕੀਤਾ ਗਿਆ।



# ਜਦੋਂ ਪਾਕਿਸਤਾਨੀ ਠੱਗ ਨਾਲ ਖੁੱਲ੍ਹੀਆਂ ਗੱਲਾਂ ਹੋਈਆਂ

ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿਟਾ)
ਪੰਡੋਰੀ ਸਿੱਧਵਾਂ 95011-00062
ਪੰਜਾਬ ਮੇਲ USA






ਪਿਛਲੇ ਚਾਰ-ਪੰਜ ਸਾਲਾਂ ਤੋਂ ਪਾਕਿਸਤਾਨੀ ਠੱਗਾਂ ਨੇ ਪੰਜਾਬ ਵਿਚ ਲੁੱਟ ਮਚਾਈ ਹੋਈ ਸੀ। ਪਰ ਜਦੋਂ ਲੋਕਾਂ ਨੇ ਉਨ੍ਹਾਂ ਦੀਆਂ ਆਡੀਓ ਸੋਸ਼ਲ ਮੀਡੀਆ ’ਤੇ ਪਾਉਣੀਆਂ ਸ਼ੁਰੂ ਕਰ ਦਿੱਤੀਆਂ, ਤਾਂ ਆਮ ਜਨਤਾ ਨੂੰ ਇਸ ਘੋਟਾਲੇ ਦੀ ਸਮਝ ਆ ਗਈ ਤੇ ਉਨ੍ਹਾਂ ਦਾ ਧੰਦਾ-ਮੰਦਾ ਪੈ ਗਿਆ। ਹੁਣ ਅਜਿਹੇ ਫੋਨ ਕਦੇ ਕਦਾਈਂ ਹੀ ਆਉਂਦੇ ਹਨ। ਬਹੁਤਿਆਂ ਠੱਗਾਂ ਦੇ ਵੱਟਸਐਪ ’ਤੇ ਗੁਰੂ ਨਾਨਕ ਜੀ ਦੀ ਤਸਵੀਰ ਲੱਗੀ ਹੁੰਦੀ ਸੀ। ਸਤਿ ਸ੍ਰੀ ਅਕਾਲ ਬੁਲਾਉਣ ਤੋਂ ਬਾਅਦ ਪਹਿਲਾ ਸਵਾਲ ਇਹ ਹੁੰਦਾ ਸੀ ਕਿ ਤੁਸੀਂ ਮੈਨੂੰ ਪਹਿਚਾਣਿਆਂ? ਅੱਗੋਂ ਇਹ ਜਵਾਬ ਮਿਲਣ ’ਤੇ ਕਿ ਮੈਂ ਨਹੀਂ ਪਹਿਚਾਣਿਆਂ, ਠੱਗ ਕਹਿੰਦਾ ਸੀ ਕਿ ਤੁਸੀਂ ਵੱਡੇ ਬੰਦੇ ਉ, ਹੁਣ ਸਾਨੂੰ ਕਿੱਥੇ ਪਹਿਚਾਣਦੇ ਉ। ਦੋ-ਚਾਰ ਮਿੰਟ ਇਹੋ ਜਿਹੀਆਂ ਠੰਡੀਆਂ ਤੱਤੀਆਂ ਮਾਰ ਕੇ ਠੱਗ ਪੁੱਛਦਾ ਸੀ ਕਿ ਤੁਹਾਡਾ ਕੋਈ ਰਿਸ਼ਤੇਦਾਰ ਜਾਂ ਦੋਸਤ ਯੂ.ਕੇ.-ਕੈਨੇਡਾ ਵਿਚ ਹੈ? ਹੁਣ ਅੱਧਿਉਂ ਵੱਧ ਪੰਜਾਬ ਤਾਂ ਕੈਨੇਡਾ ਪਹੁੰਚਿਆ ਹੋਇਆ ਹੈ, ਸ਼ਿਕਾਰ ਕਹਿ ਦਿੰਦਾ ਸੀ ਕਿ ਮੇਰੇ ਚਾਚੇ ਜਾਂ ਤਾਏ ਦਾ ਮੁੰਡਾ ਜਾਂ ਪਿੰਡ ਤੋਂ ਫਲਾਣਾ ਬੰਦਾ ਕੈਨੇਡਾ ਵਿਖੇ ਹੈ। ਬੱਸ ਠੱਗ ਉਥੋਂ ਹੀ ਗੱਲ ਬੜੁੱਚ ਲੈਂਦਾ ਹੈ ਤੇ ਕਹਿ ਦਿੰਦਾ ਸੀ ਕਿ ਮੈਂ ਉਹ ਹੀ ਬੋਲਦਾਂ ਹਾਂ। ਹਾਲਾਂਕਿ ਠੱਗਾਂ ਵੱਲੋਂ ਬੋਲੀ ਜਾਂਦੀ ਕੱਟੜ ਮਝੈਲ ਬੋਲੀ ਤੋਂ ਸਾਫ ਪਤਾ ਲੱਗਦਾ ਹੈ ਕਿ ਉਹ ਲਹਿੰਦੇ ਪੰਜਾਬ ਤੋਂ ਹੈ ਤੇ ਕੈਨੇਡਾ ਦਾ ਤਾਂ ਸ਼ਾਇਦ ਉਸ ਨੇ ਕਦੇ ਨਕਸ਼ਾ ਵੀ ਨਹੀਂ ਵੇਖਿਆ ਹੋਣਾ।

ਠੱਗੀ ਤਿੰਨ-ਚਾਰ ਤਰੀਕਿਆਂ ਨਾਲ ਮਾਰੀ ਜਾਂਦੀ ਹੈ। ਪਹਿਲਾ ਇਹ ਕਿ ਮੈਂ ਕਿਸੇ ਕੇਸ ਵਿਚ ਥਾਣੇ ਫਸ ਗਿਆ ਹਾਂ, ਜੇ ਕੇਸ ਬਣ ਗਿਆ ਤਾਂ ਮੈਨੂੰ ਕੈਨੇਡਾ ਤੋਂ ਕੱਢ ਦਿੱਤਾ ਜਾਵੇਗਾ। ਪਰ ਮੇਰੀ ਥਾਣੇ ਦੇ ਐੱਸ.ਐੱਚ.ਓ. ਨਾਲ 5000 ਡਾਲਰ ਵਿਚ ਗੱਲ ਹੋ ਗਈ ਹੈ, ਤੁਸੀਂ ਸਾਢੇ ਛੇ ਲੱਖ ਰੁਪਿਆ ਫਲਾਣੇ ਅਕਾਊਂਟ ਵਿਚ ਪਾ ਦਿਉ। ਦੂਸਰਾ ਢੰਗ ਇਹ ਹੈ ਕਿ ਮੈਂ ਅਗਲੇ ਮਹੀਨੇ ਇੰਡੀਆ ਆ ਰਿਹਾ ਹਾਂ, ਕੋਈ ਮੋਬਾਇਲ ਵਗੈਰਾ ਲੈਣਾ ਹੈ ਤਾਂ ਦੱਸੋ। ਮੇਰੇ ਪਰਿਵਾਰ ਵਾਲੇ ਬਹੁਤ ਲਾਲਚੀ ਹਨ, ਮੈਂ ਉਨ੍ਹਾਂ ਤੋਂ ਚੋਰੀ ਤੁਹਾਡੇ ਬੈਂਕ ਖਾਤੇ ਵਿਚ ਦਸ ਲੱਖ ਰੁਪਏ ਪਾਉਣੇ ਚਾਹੁੰਦਾ ਹਾਂ, ਜੋ ਮੈਂ ਇੰਡੀਆ ਆ ਕੇ ਲੈ ਲਵਾਂਗਾ, ਆਪਣਾ ਅਕਾਊਂਟ ਨੰਬਰ ਭੇਜੋ। ਜੇ ਚਾਹੋ ਤਾਂ ਵਿਚੋਂ ਦੋ ਕੁ ਲੱਖ ਤੁਸੀਂ ਵੀ ਰੱਖ ਸਕਦੇ ਹੋ। ਲਾਲਚ ਵਿਚ ਅੰਨ੍ਹਾ ਹੋਇਆ ਸ਼ਿਕਾਰ ਆਪਣਾ ਅਕਾਊਂਟ ਨੰਬਰ ’ਤੇ ਆਈ.ਐੱਫ.ਸੀ. ਕੋਡ ਵਗੈਰਾ ਭੇਜ ਦਿੰਦਾ ਹੈ। ਠੱਗ ਅੱਗੋਂ ਇੱਕ ਜਾਅਲੀ ਰਸੀਦ ਦੀ ਫੋਟੋ ਵਟਸਐਪ ਰਾਹੀਂ ਭੇਜ ਦਿੰਦਾ ਹੈ ਤੇ ਨਾਲ ਹੀ ਕਹਿ ਦਿੰਦਾ ਹੈ ਕਿ ਉਸ ਨੇ ਫਲਾਣੇ ਏਜੰਟ ਦੇ ਦੋ ਲੱਖ ਰੁਪਏ ਦੇਣੇ ਹਨ, ਉਹ ਫਲਾਣੇ ਅਕਾਊਂਟ ਵਿਚ ਪਾ ਦਿਉ। ਸ਼ਿਕਾਰ ਇਹ ਵੀ ਚੈੱਕ ਨਹੀਂ ਕਰਦਾ ਕਿ ਪੈਸੇ ਅਜੇ ਉਸ ਦੇ ਅਕਾਊਂਟ ਵਿਚ ਆਏ ਵੀ ਹਨ ਕਿ ਨਹੀਂ। ਤੀਸਰਾ ਤਰੀਕਾ ਇਹ ਹੈ ਕਿ ਮੈਂ ਜਦੋਂ ਕੈਨੇਡਾ ਆਇਆ, ਤਾਂ ਫਲਾਣੇ ਏਜੰਟ ਰਾਹੀਂ ਆਇਆ ਸੀ। ਮੈਂ ਉਸ ਦੇ ਡੇਢ ਕੁ ਲੱਖ ਰੁਪਏ ਦੇਣੇ ਹਨ। ਜੇ ਪੈਸੇ ਨਾ ਦਿੱਤੇ, ਤਾਂ ਉਹ ਮੈਨੂੰ ਕੈਨੇਡਾ ’ਚੋਂ ਕਢਵਾ ਦੇਵੇਗਾ। ਜਲਦੀ-ਜਲਦੀ ਉਸ ਦੇ ਅਕਾਊਂਟ ਵਿਚ ਪੈਸੇ ਪਾ ਦਿਉ। ਸ਼ਿਕਾਰ ਵਿਚਾਰਾ ਆਪਣੇ ਰਿਸ਼ਤੇਦਾਰ ਨੂੰ ਮੁਸੀਬਤ ਵਿਚ ਪਿਆ ਵੇਖ ਕੇ ਪੈਸੇ ਭੇਜ ਦਿੰਦਾ ਹੈ। ਇਹ ਸਾਰੇ ਅਕਾਊਂਟ ਜਾਅਲੀ ਆਈ.ਡੀ. ਨਾਲ ਬਣਾਏ ਹੁੰਦੇ ਹਨ, ਜਿਸ ਕਾਰਨ ਜ਼ਿਆਦਾਤਰ ਕੇਸ ਟਰੇਸ ਨਹੀਂ ਹੁੰਦੇ।

ਪਿਛਲੇ ਹਫਤੇ ਮੈਨੂੰ ਵੀ ਇੱਕ ਅਜਿਹਾ ਹੀ ਫੋਨ ਆਇਆ ਤੇ ਉਹ ਹੀ ਘਿਸਿਆ ਪਿਟਿਆ ਸਵਾਲ ਪੁੱਛਿਆ ਗਿਆ ਕਿ ਤੁਹਾਡੇ ਯੂ.ਕੇ. ਜਾਂ ਕੈਨੇਡਾ ਵਿਚ ਕੋਈ ਰਿਸ਼ਤੇਦਾਰ ਜਾਂ ਦੋਸਤ ਰਹਿੰਦੇ ਹਨ। ਮੈਂ ਸਵਾਦ ਲੈਣ ਖਾਤਰ ਉਸ ਨੂੰ ਕਹਿ ਦਿੱਤਾ ਕਿ ਯੂ.ਕੇ. ਵਿਚ ਤਾਂ ਨਹੀਂ, ਪਰ ਇੰਗਲੈਂਡ ਵਿਚ ਜ਼ਰੂਰ ਰਹਿੰਦੇ ਹਨ। ਉਹ ਠੱਗ ਐਨਾ ਬੇਵਕੂਫ ਸੀ ਕਿ ਉਸ ਨੂੰ ਇਹ ਵੀ ਨਹੀਂ ਸੀ ਪਤਾ ਕਿ ਯੂ.ਕੇ. ਤੇ ਇੰਗਲੈਂਡ ਇੱਕ ਹੀ ਦੇਸ਼ ਹੈ, ਉਹ ਬੋਲਿਆ, “ਹਾਂ ਜੀ ਭਾਜੀ, ਯੂ.ਕੇ. ਤਾਂ ਮੇਰੇ ਮੂੰਹੋਂ ਐਵੇਂ ਈ ਨਿਕਲ ਗਿਆ ਅਸਲ ਵਿਚ ਮੈਂ ਇੰਗਲੈਂਡ ਹੀ ਰਹਿੰਦਾ ਆਂ। ਬੁੱਝੋ ਹਾਂ ਭਲਾ ਮੈਂ ਕੌਣ ਆਂ?” “ਲੈ, ਕਦੇ ਆਪਣੇ ਖਾਸ ਬੰਦੇ ਵੀ ਭੁਲਾਏ ਜਾ ਸਕਦੇ ਆ? ਮੈਂ ਤਾਂ ਤੈਨੂੰ ਪਹਿਲੀ ਸੱਟੇ ਪਛਾਣ ਗਿਆ ਸੀ। ਤੂੰ ਸਾਡੇ ਗੁਆਂਡੀ ਚਾਚੇ ਰੁਲਦੇ ਕਾਣੇ ਦਾ ਮੁੰਡਾ ਘਸੀਟਾ ਤਾਂ ਨਈਂ ਬੋਲਦਾ?” ਅਜਿਹੇ ਸੜੇ ਜਿਹੇ ਨਾਮ ਸੁਣ ਕੇ ਪਹਿਲਾਂ ਤਾਂ ਉਹ ਕੁਝ ਦੇਰ ਚੁੱਪ ਰਿਹਾ ਤੇ ਫਿਰ ਝੂਠੇ ਗਵਾਹ ਵਾਂਗ ਹੱਸ ਕੇ ਬੋਲਿਆ ਤੇ ਭਾਜੀ ਤੋਂ ਤੂੰ ’ਤੇ ਆ ਗਿਆ, “ਮੰਨ ਗਿਆ ਭਰਾ ਤੈਨੂੰ, ਐਨੇ ਸਾਲਾਂ ਬਾਅਦ ਗੱਲ ਹੋਈ ਪਰ ਫਿਰ ਵੀ ਪਛਾਣ ਲਿਆ। ਤੇਰੇ ਨਾਲ ਇੱਕ ਕੰਮ ਆ, ਪਰ ਗੱਲ ਆਪਣੇ ਦੋਹਾਂ ’ਚ ਰਹੇ, ਤੇਰੇ ਜਾਂ ਮੇਰੇ ਪਰਿਵਾਰ ਨੂੰ ਪਤਾ ਨਾ ਚੱਲੇ। ਮੈਂ ਅਗਲੇ ਮਹੀਨੇ ਪਿੰਡ ਆ ਰਿਆਂ, ਤੂੰ ਕੋਈ ਗਿਫਟ ਵਗੈਰਾ ਮੰਗਾਉਣੀ ਹੋਵੇ ਤਾਂ ਦੱਸ ਦੇ। ਵੈਸੇ ਮੈਂ ਤੇਰੇ ਵਾਸਤੇ ਵਾਸਤੇ ਆਈਫੋਨ 6 ਪਰੋਮੈਕਸ ਲੈ ਲਿਆ ਆ।” ਇਸ ਤੋਂ ਪਹਿਲਾਂ ਉਹ ਮੇਰਾ ਅਕਾਊਂਟ ਨੰਬਰ ਵਗੈਰਾ ਪੁੱਛਦਾ, ਮੈਂ ਕਿਹਾ, “ਯਾਰ ਗੁੱਸਾ ਨਾ ਕਰੀਂ ਤੇ ਫੋਨ ਨਾ ਕੱਟੀਂ। ਮੈਂ ਤੇਰੇ ਕੁਝ ਵਿਹਾਰੀ ਗੱਲਾਂ ਕਰਨੀਆਂ ਹਨ।”

ਠੱਗ ਮੰਨ ਗਿਆ ਤਾਂ ਮੈਂ ਪੁੱਛਿਆ, “ਜਵਾਨਾਂ ਗੱਲ ਇਹ ਆ ਕਿ ਇੰਗਲੈਂਡ ਵਗੈਰਾ ਤੋਂ ਤਾਂ ਤੂੰ ਬੋਲਦਾ ਨਈਂ, ਤੇਰੀ ਕਾਲ ਵਿਚ ਤਾਂ ਮੁਰਗਿਆਂ ਦੀਆਂ ਬਾਂਗਾਂ ਦੀਆਂ ਅਵਾਜ਼ਾਂ ਵੀ ਆ ਰਹੀਆਂ ਨੇ। ਅਸਲ ਵਿਚ ਸੋਸ਼ਲ ਮੀਡੀਆ ਕਾਰਨ ਸਭ ਨੂੰ ਤੁਹਾਡੇ ਬਾਰੇ ਪਤਾ ਲੱਗ ਗਿਆ ਹੈ। ਚੱਲ ਹੁਣ ਇਹ ਤਾਂ ਦੱਸ ਦੇ ਕਿ ਕਿਹੜੇ ਸ਼ਹਿਰੋਂ ਪਿੰਡੋ ਬੋਲਦਾ ਆਂ?” ਉਹ ਹੱਸ ਕੇ ਬੋਲਿਆ, “ਮੇਰਾ ਨਾਮ ਸਲੀਮ ਮੁਹੰਮਦ ਆ ਤੇ ਮੈਂ ਲਾਹੌਰ ਦੇ ਨਜ਼ਦੀਕ ਮੀਰਪੁਰ ਪਿੰਡ ਤੋਂ ਬੋਲ ਰਿਹਾ ਆਂ। ਮੇਰੀ ਸਕੂਟਰ ਰਿਪੇਅਰ ਦੀ ਵਰਕਸ਼ਾਪ ਆ ਤੇ ਨਾਲ-ਨਾਲ ਇਹ ਕੰਮ ਵੀ ਚੱਲੀ ਜਾਂਦਾ ਆ। ਤੇਰੀ ਗੱਲ ਬਿਲਕੁਲ ਸਹੀ ਆ, ਪਹਿਲਾਂ ਤਾਂ ਹਫਤੇ ਦਸ ਦਿਨਾਂ ਬਾਅਦ ਇੱਕ ਦੋ ਮੁਰਗੇ ਫਸ ਜਾਂਦੇ ਸਨ ਪਰ ਹੁਣ ਸੋਸ਼ਲ ਮੀਡੀਆ ਨੇ ਵਾਕਿਆ ਈ ਸਾਡੇ ਧੰਦੇ ਦਾ ਬੇੜਾ ਗਰਕ ਕਰ ਕੇ ਰੱਖ ਦਿੱਤਾ ਆ।” ਮੈਂ ਅਸਲ ਸਵਾਲ ਕੀਤਾ, “ਯਾਰ ਇੱਕ ਗੱਲ ਮੈਨੂੰ ਸਮਝ ਨਹੀਂ ਆਉਂਦੀ। ਭਾਰਤ ਦੀ ਕਿਸੇ ਬੈਂਕ ਵਿਚ ਜਮ੍ਹਾਂ ਕਰਵਾਏ ਪੈਸੇ ਪਾਕਿਸਤਾਨ ਕਿਵੇਂ ਪਹੁੰਚ ਜਾਂਦੇ ਆ?” ਉਸ ਨੇ ਜਦੋਂ ਭੇਤ ਖੋਲ੍ਹਿਆ, ਤਾਂ ਮੈਨੂੰ ਬਹੁਤ ਹੈਰਾਨੀ ਹੋਈ, “ਹਿੰਦੋਸਤਾਨ ਤੋਂ ਪਾਕਿਸਤਾਨ ਜਾਂ ਪਾਕਿਸਤਾਨ ਤੋਂ ਹਿੰਦੋਸਤਾਨ ਕਿਸੇ ਵੀ ਬੈਂਕ ਰਾਹੀਂ ਪੈਸੇ ਟਰਾਂਸਫਰ ਨਹੀਂ ਹੋ ਸਕਦੇ। ਸਾਡੇ ਗੈਂਗ ਨਾਲ ਦੁਬਈ ਵਿਚ ਕੰਮ ਕਰਦੇ ਚੜ੍ਹਦੇ ਪੰਜਾਬ ਦੇ ਕੁਝ ਬੰਦੇ ਵੀ ਰਲੇ ਹੋਏ ਨੇ। ਸ਼ਿਕਾਰ ਦਾ ਮੋਬਾਇਲ ਨੰਬਰ ਵੀ ਉਹ ਹੀ ਲੱਭਦੇ ਨੇ ਤੇ ਬੈਂਕ ਅਕਾਊਂਟ ਵੀ ਉਹ ਹੀ ਖੁੱਲਵਾਉਂਦੇ ਨੇ। ਜਿਵੇਂ ਹੀ ਸ਼ਿਕਾਰ ਉਸ ਅਕਾਊਂਟ ਵਿਚ ਪੈਸਾ ਜਮ੍ਹਾਂ ਕਰਵਾਉਂਦਾ ਹੈ, ਉਹ ਨਾਲ ਦੀ ਨਾਲ ਦੁਬਈ ਪਹੁੰਚ ਜਾਂਦਾ ਹੈ। ਉਹ ਆਪਣਾ ਹਿੱਸਾ ਕੱਟ ਕੇ ਬਾਕੀ ਪੈਸੇ ਸਾਨੂੰ ਭੇਜ ਦਿੰਦੇ ਨੇ।”

ਇਸ ਦੌਰਾਨ ਮੈਂ ਉਸ ਨੂੰ ਇਹ ਨਹੀਂ ਸੀ ਦੱਸਿਆ ਕਿ ਮੈਂ ਪੁਲਿਸ ਅਫਸਰ ਰਿਹਾ ਹਾਂ। ਜਦੋਂ ਗੱਲਬਾਤ ਖਤਮ ਹੋ ਗਈ, ਤਾਂ ਉਹ ਹੱਸ ਕੇ ਬੋਲਿਆ, “ਤੈਨੂੰ ਹੁਣ ਸਾਡੇ ਧੰਦੇ ਬਾਰੇ ਮੋਟੀ-ਮੋਟੀ ਜਾਣਕਾਰੀ ਤਾਂ ਪਤਾ ਲੱਗ ਈ ਗਈ ਆ, ਜੇ ਰਲਣਾ ਈ ਤਾਂ ਸੋਚ ਲੈ। ਆਪਣੇ ਇਲਾਕੇ ਦੀਆਂ ਮੋਟੀਆਂ ਸਾਮੀਆਂ ਦੇ ਨੰਬਰ ਸਾਨੂੰ ਭੇਜੀ ਜਾਈਂ, ਅਸੀਂ ਹਲਾਲ ਕਰ ਕੇ ਇਮਾਨਦਾਰੀ ਨਾਲ ਤੇਰਾ ਹਿੱਸਾ ਤੇਰੇ ਕੋਲ ਪੁੱਜਦਾ ਕਰ ਦਿਆ ਕਰਾਂਗੇ।” ਉਸ ਠੱਗ ਦੇ ਮੂੰਹੋ ਇਮਾਨਦਾਰੀ ਸ਼ਬਦ ਸੁਣ ਕੇ ਮੇਰਾ ਹਾਸਾ ਨਿਕਲ ਗਿਆ ਤੇ ਮੈਂ ਫੋਨ ਕੱਟ ਕੇ ਨੰਬਰ ਬਲੌਕ ਕਰ ਦਿੱਤਾ।

# ਪੰਜਾਬੀ ਹਾਸ ਰਸ ਅਤੇ ਗਾਇਕੀ ਵਿਚ ਪੈੜਾਂ ਪਾਉਣ ਵਾਲਾ ਕੇ-ਦੀਪ

## 10 ਦਸੰਬਰ ਜਨਮ ਦਿਨ ’ਤੇ ਵਿਸ਼ੇਸ਼

ਸੁਖਵਿੰਦਰ ਸਿੰਘ ਮੁੱਲਾਂਪੁਰ
ਵ.ਅੱਪ : +91-99141-84794
ਪੰਜਾਬ ਮੇਲ USA



ਕਈ ਇਨਸਾਨ ਦੁਨੀਆਂ ’ਤੇ ਅਜਿਹੇ ਆਉਂਦੇ ਹਨ, ਉਹ ਵੱਖਰੀਆਂ ਪੈੜਾਂ ਪਾ ਜਾਂਦੇ ਹਨ। ਉਨ੍ਹਾਂ ਦੀਆਂ ਪਾਈਆਂ ਪੈੜਾਂ ਕਰਕੇ ਲੋਕ ਉਨ੍ਹਾਂ ਨੂੰ ਸਦਾ ਹੀ ਯਾਦ ਕਰਦੇ ਰਹਿੰਦੇ ਹਨ। ਅਜਿਹਾ ਹੀ ਇਕ ਗਾਇਕ ਕੇ-ਦੀਪ ਹੋਇਆ ਹੈ, ਜਿਸ ਨੇ ਪੰਜਾਬੀ ਹਾਸ ਰਸ ਕਲਾਕਾਰੀ ਵਿਚ ਮਾਈ ਮੋਹਣੋ ਤੇ ਪੋਸਤੀ ਦੇ ਨਾਮ ਨਾਲ ਅਜਿਹਾ ਨਾਮ ਬਣਾਇਆ, ਇਨ੍ਹਾਂ ਨੂੰ ਵੇਖ ਭਜਨਾ ਅਮਲੀ (ਗੁਰਦੇਵ ਢਿੱਲੋਂ ਰਾਣਾ), ਜਸਵਿੰਦਰ ਭੱਲਾ, ਬਾਲ ਮਕੰਦ ਸ਼ਰਮਾ, ਭੋਟੂ ਸ਼ਾਹ, ਨੇਕ ਮਟਰਾਂ ਵਾਲਾ ਆਦਿ ਨੇ ਇਨ੍ਹਾਂ ਦੀ ਪਾਈ ਲੀਹ ’ਤੇ ਤੁਰਦਿਆਂ ਹਾਸ ਰਸ ਪ੍ਰੋਗਰਾਮ ਕਰਨੇ ਸ਼ੁਰੂ ਕਰ ਦਿੱਤੇ। ਸ਼ਿਵ ਕੁਮਾਰ ਬਟਾਲਵੀ ਦੀਆਂ ਰਚਨਾਵਾਂ ਅਤੇ ਵਾਰਿਸ਼ ਸ਼ਾਹ ਦੀ ਹੀਰ ਰਚਨਾਂ ਨੂੰ ਵੀ ਸਭ ਤੋਂ ਪਹਿਲਾਂ ਇਸ ਨੇ ਹੀ ਗਾਇਆ।

ਕੇ-ਦੀਪ (ਕੁਲਦੀਪ ਸਿੰਘ) ਦਾ ਜਨਮ 10 ਦਸੰਬਰ, 1940 ਨੂੰ ਰੰਗੂਨ ਬਰ੍ਹਮਾਂ, ਹੁਣ (ਮਿਆਂਮਾਰ) ਵਿਖੇ ਪਿਤਾ ਸ. ਕਰਤਾਰ ਸਿੰਘ ਅਤੇ ਮਾਤਾ ਭਗਵੰਤ ਕੌਰ ਦੀ ਕੁੱਖੋਂ ਹੋਇਆ। ਇਸ ਦਾ ਅਸਲੀ ਪਿੰਡ ਐਤੀਆਣਾ (ਨੇੜੇ ਹਲਵਾਰਾ), ਜ਼ਿਲ੍ਹਾ ਲੁਧਿਆਣਾ ਹੈ। ਸਕੂਲੀ ਪੜ੍ਹਾਈ ਇਸ ਨੇ ਲੁਧਿਆਣਾ ਵਿਚ ਰਹਿ ਕੇ ਕੀਤੀ। ਇਸ ਨੂੰ ਸਕੂਲ ਟਾਈਮ ਵਿਚ ਹੀ ਗਾਉਣ ਦਾ ਸ਼ੌਂਕ ਸੀ। ਮਾਸਟਰ ਅਮਰ ਸਿਘ ਦੇ ਕਹਿਣ ’ਤੇ ਮੁਹੰਮਦ ਰਫ਼ੀ ਜੀ ਦਾ ਗਾਇਆ ਗੀਤ ਬਹੁਤ ਵਧੀਆ ਅੰਦਾਜ਼ ਵਿਚ ਸੁਣਾ ਦਿੰਦਾ ਸੀ। ਕਾਲਜ ਟਾਇਮ ਇਹ ਸਾਥੀਆਂ ਨੂੰ ਮੂੰਹ ਨਾਲ ਮਿਊਜ਼ਿਕ ਵਜਾ ਕੇ ਬਹੁਤ ਵਧੀਆ ਆਵਾਜ਼ ਵਿਚ ਗੀਤ ਸੁਣਾ ਦਿੰਦਾ ਸੀ। ਇਸ ਦੇ ਇਸ ਅੰਦਾਜ਼ ਨੇ ਸਭ ਪਾਸੇ ਚਰਚਾ ਛੇੜ ਦਿੱਤੀ। 1959 ’ਚ ਰੋਹਤਕ ਤੋਂ ਸਿਵਲ ਇੰਜੀਨੀਅਰਿੰਗ ਦਾ ਡਿਪਲੋਮਾ ਪਾਸ ਕੀਤਾ। ਪਰਿਵਾਰ ਇਸ ਨੂੰ ਨੌਕਰੀ ਕਰਵਾਉਣੀ ਚਾਹੁੰਦਾ ਸੀ ਪਰ ਇਸ ਨੇ ਸੰਗੀਤ ਨੂੰ ਕਿੱਤੇ ਵਜੋਂ ਅਪਣਾ ਲਿਆ।

ਸੰਗੀਤ ਖੇਤਰ ਵਿਚ ਆਉਣ ਸਮੇਂ ਸਭ ਤੋਂ ਪਹਿਲਾਂ ਇਹ ਮੁੰਬਈ ਜਾ ਕੇ ਮਸ਼ਹੂਰ ਸੰਗੀਤਕਾਰਾਂ ਕੋਲੋਂ ਸੰਗੀਤਕ ਜਾਣਕਾਰੀ ਹਾਸਲ ਕਰਕੇ ਆਇਆ, ਮਿਹਨਤ ਕਰਨ ਤੋਂ ਬਾਅਦ ਕੇ-ਦੀਪ ਇਕ ਵਧੀਆ ਗਾਇਕ ਬਣ ਗਿਆ।

ਇਸ ਨੂੰ ਇਕ ਵਧੀਆ ਸਹਿ-ਗਾਇਕਾ ਦੀ ਲੋੜ ਸੀ। ਕਿਸੇ ਨੇ ਕੇ-ਦੀਪ ਨੂੰ ਸਲਾਹ ਦਿੱਤੀ ਕਿ ਜਗਮੋਹਣ ਕੌਰ ਨਾਂ ਦੀ ਇਕ ਕੁੜੀ ਹੈ, ਉਹ ਬਹੁਤ ਵਧੀਆ ਗਾ ਲੈਂਦੀ ਹੈ, ਜੇਕਰ ਤੂੰ ਉਸ ਨਾਲ ਤਾਲਮੇਲ ਕਰਨਾ ਹੈ, ਤਾਂ ਕਲਕੱਤੇ ਜਾ ਕੇ ਕਰ ਲਵੀਂ, ਉਹ ਕਲਕੱਤੇ ਪ੍ਰੋਗਰਾਮ ਪੇਸ਼ ਕਰਨ ਜਾ ਰਹੀ ਹੈ। ਜਗਮੋਹਣ ਕੌਰ ਨੂੰ ਕਲਕੱਤੇ ਪਹੁੰਚਣ ਸਮੇਂ ਦੇਖਣ ਵਾਲਿਆਂ ਅਤੇ ਸੁਣਨ ਵਾਲਿਆਂ ਦੀ ਭੀੜ ਲੱਗ ਗਈ। ਕੇ-ਦੀਪ ਨੇ ਵੀ ਕਲਕੱਤੇ ਜਾ ਕੇ ਆਪਣਾ ਪ੍ਰੋਗਰਾਮ ਪੇਸ਼ ਕੀਤਾ ਅਤੇ ਜਗਮੋਹਣ ਕੌਰ ਨਾਲ ਤਾਲਮੇਲ ਕਰਕੇ ਗੱਲ ਕਰਨ ਵਿਚ ਸਫ਼ਲ ਹੋ ਗਿਆ। ਹੌਲੀ-ਹੌਲੀ ਕੇ ਦੀਪ ਨੇ ਜਗਮੋਹਣ ਕੌਰ ਕੋਲ ਵਿਆਹ ਦੀ ਪੇਸ਼ਕਸ਼ ਰੱਖ ਦਿੱਤੀ। ਜਗਮੋਹਣ ਕੌਰ ਦੀ ਪਹਿਲਾਂ ਮੰਗਣੀ ਹੋਈ ਹੋਈ ਸੀ, ਜਗਮੋਹਣ ਕੌਰ ਨੇ ਪਰਿਵਾਰ ਨੂੰ ਰਾਜ਼ੀ ਕਰਕੇ ਉੱਧਰ ਜਵਾਬ ਦੇ ਕੇ ਕੇ-ਦੀਪ ਨਾਲ 2 ਫ਼ਰਵਰੀ, 1971 ਨੂੰ ਵਿਆਹ ਕਰਵਾ ਲਿਆ।

ਜਗਮੋਹਣ ਕੌਰ ਦਾ ਪਿੰਡ ਬੂਰ ਮਾਜਰਾ, ਜ਼ਿਲ੍ਹਾ ਰੋਪੜ ਹੈ। ਉਹ ਚੰਡੀਗੜ੍ਹ ਨੇੜੇ ਇਕ ਸਰਕਾਰੀ ਸਕੂਲ ਵਿਚ ਅਧਿਆਪਕਾ ਲੱਗੀ ਹੋਈ ਸੀ। ਜਗਮੋਹਣ ਕੌਰ ਨੇ ਵਿਆਹ ਪਿੱਛੋਂ ਅਧਿਆਪਕਾ ਦੀ ਨੌਕਰੀ ਛੱਡ ਕੇ ਪੱਕੇ ਤੌਰ ’ਤੇ ਕੇ-ਦੀਪ ਨਾਲ ਗਾਇਕੀ ਦਾ ਖੇਤਰ ਅਪਣਾ ਲਿਆ। ਇਨ੍ਹਾਂ ਦੇ ਇਕ ਲੜਕੀ ਗੁਰਪ੍ਰੀਤ (ਬਿਲੀ) ਤੇ ਲੜਕਾ ਰਾਜਾ ਨੇ ਜਨਮ ਲਿਆ।

1972 ’ਚ ਇਨ੍ਹਾਂ ਦਾ ਦੋਗਾਣਾ ਗੀਤ ਆਇਆ, ਮੇਰੀ ਗੱਲ ਸੁਣੋ ਸਰਦਾਰ ਜੀ ਮੈਨੂੰ ਸਾੜ੍ਹੀ ਇਕ ਲਿਆ ਦਿਓ, ਨੱਖ਼ਰੇ ਵਾਲੀ ਨਾਰ ਦਾ ਤੁਸੀਂ ਜਲਵਾ ਹੋਰ ਵਧਾ ਦਿਓ, ਜੋ ਬਹੁਤ ਮਕਬੂਲ ਹੋਇਆ।



ਕੇ-ਦੀਪ ਅਤੇ ਜਗਮੋਹਣ ਕੌਰ ਦੀ ਪੜ੍ਹੀ-ਲਿਖੀ ਜੋੜੀ ਸੀ। ਕੇ-ਦੀਪ ਸਟੇਜ ਤੇ ਪ੍ਰੋਗਰਾਮ ਪੇਸ਼ ਕਰਨ ਲੱਗਿਆਂ, ਪੈਂਟ ਕਮੀਜ ਪਾ ਕੇ ਜਾਂ ਰੁੱਤ ਮੁਤਾਬਕ ਕੋਟ ਪੈਂਟ ਪਾ ਕੇ ਟਾਈ ਲਗਾ ਕੇ ਸਰੋਤਿਆਂ ਦਾ ਮਨੋਰੰਜਨ ਕਰਦਾ ਸੀ।

ਜਦ ਇਹ ਜੋੜੀ ਕਾਮੇਡੀ ਪ੍ਰੋਗਰਾਮ ਕਰਦੀ ਸੀ, ਤਾਂ ਕੇ-ਦੀਪ ਪੋਸਤੀ ਅਤੇ ਜਗਮੋਹਣ ਕੌਰ ਮਾਈ ਮੋਹਣੋ ਬਣ ਜਾਂਦੀ ਸੀ। ਤਵਿਆਂ ਦੇ ਯੁੱਗ ਵੇਲੇ ਇਨ੍ਹਾਂ ਦੇ ਕਈ ਕਮੇਡੀ ਪ੍ਰੋਗਰਾਮ ਤਵੇ ਆਏ, ਫਿਰ ਕੈਸਿਟਾਂ ਦਾ ਯੁੱਗ ਆਇਆ, ਇਨ੍ਹਾਂ ਦੀ ਕਮੇਡੀ ਦੀਆਂ ਕੈਸਿਟਾਂ ਆਉਂਦੀਆਂ ਰਹੀਆਂ। ਇਨ੍ਹਾਂ ਦੀਆਂ ਰਿਕਾਡਿਗਾਂ ਦੇ ਨਾਮ ਪੋਸਤੀ ਦੁਬਈ ਵਿਚ, ਪੋਸਤੀ ਕਬਰਾਂ ਵਿਚ, ਪੋਸਤੀ ਲੰਡਨ ਵਿਚ, ਪੋਸਤੀ ਕਨੇਡਾ ਵਿਚ, ਪੋਸਤੀ ਥਾਣੇ ਵਿਚ ਆਦਿ ਹਨ।

ਕੇ-ਦੀਪ ਮੰਚ ਸੰਚਾਲਕ ਵੀ ਬਹੁਤ ਵਧੀਆ ਸੀ, ਜਦ ਤਵਿਆਂ ਦਾ ਯੁੱਗ ਸੀ, ਉਸ ਟਾਇਮ ਦੋ ਤਵੇ ਐੱਚ.ਐੱਮ.ਵੀ. ਨਾਇਟ ਸਿਰਲੇਖ ਹੇਠ ਮਾਰਕੀਟ ਵਿਚ ਆਏ। ਉਨ੍ਹਾਂ ਤਵਿਆਂ ’ਚ ਸਿਰਕੱਢ ਕਲਾਕਾਰਾਂ ਦਾ ਇੱਕ-ਇੱਕ ਗੀਤ ਸੀ। ਉਨ੍ਹਾਂ ਤਵਿਆਂ ਵਿਚ ਸਟੇਜ ਕੇ-ਦੀਪ ਨੇ ਸੰਭਾਲੀ ਹੋਈ ਸੀ। ਇਹ ਹਰ ਗੀਤ ਸ਼ੁਰੂ ਹੋਣ ਤੋਂ ਪਹਿਲਾਂ ਕਮੇਡੀ ਦਾ ਇਕ ਅੰਸ਼ ਸੁਣਾ ਕੇ ਸਰੋਤਿਆਂ ਨੂੰ ਹਸਾ ਦਿੰਦਾ ਸੀ। ਇਨ੍ਹਾਂ ਤਵਿਆਂ ਵਿਚ ਕੇ-ਦੀਪ ਅਤੇ ਜਗਮੋਹਣ ਕੌਰ ਦਾ ਦੋਗਾਣਾ ਗੀਤ ਵੀ ਸੀ। ਇਹ ਤਵੇ ਲੋਕਾਂ ਵਿਚ ਬਹੁਤ ਮਕਬੂਲ ਹੋਏ। ਇਨ੍ਹਾਂ ਤਵਿਆਂ ਦੀ ਰਿਕਾਰਡਤੋੜ ਵਿਕਰੀ ਹੋਈ।

ਇਸ ਜੋੜੀ ਨੇ ਆਪਣੀ ਗਇਕੀ ਦੇ ਦਮ ’ਤੇ ਕੈਨੇਡਾ, ਅਮਰੀਕਾ, ਇੰਗਲੈਂਡ, ਨਾਰਵੇ ਆਦਿ ਬਹੁਤ ਵਿਦੇਸ਼ਾ ਦੇ ਟੂਰ ਲਾਏ। ਇਹ ਜੋੜੀ ਨੇ ਬਹੁਤ ਸਾਰੇ ਦੋਗਾਣਾ ਗੀਤ ਗਾਏ। ਉਨ੍ਹਾਂ ਵਿਚੋਂ ਗੁਰਦੇਵ ਮਾਨ ਦਾ ਲਿਖਿਆ ਗੀਤ ‘ਪੂਦਨਾਂ’ ਜੋ ਸਿੱਠਣੀਆ ਦੇ ਰੂਪ ਵਿਚ ਹੈ, ਸਰੋਤਿਆਂ ਵਿਚ ਬਹੁਤ ਚਰਚਿਤ ਹੋਇਆ, ਜੋ ਅੱਜ ਵੀ ਹੈ। ਇਨ੍ਹਾਂ ਦੇ ਗਾਏ ਦੋਗਾਣੇ ਗੀਤ:-

-ਅੱਡੀ ਤਾਂ ਮੇਰੀ ਕੌਲ ਕੱਚ ਦੀ ਗੂੱਠੇ ਤੇ ਸਿਰਨਾਵਾਂ

ਲਿਖ-ਲਿਖ ਚਿੱਠੀਆਂ ਡਾਕ ’ਚ ਪਾਵਾਂ, ਧੁਰ ਦੇ ਪਤੇ ਮੰਗਾਵਾਂ, ਰੱਖ ਲਿਆ ਮੇਮਾਂ ਨੇ ਵਿਹੁ ਖਾ ਕੇ ਮਰ ਜਾਵਾਂ -

- ਸਿਖਰ ਦੁਪਹਿਰੇ ਚੰਨਾ ਧੁੱਪੇ ਗੇੜਾ ਮਾਰਦੀ ਦਾ ਜਾਂਦਾ ਸੁੱਕਦਾ ਸਰੀਰ ਵਿਚੋਂ ਖ਼ੂਨ ਹਾਣੀਆ ਖੇਤੋਂ ਘਰ ਨੂੰ ਲਵਾਦੇ ਵੇ ਟੈਲੀਫ਼ੋਨ ਹਾਣੀਆਂ-

- ਬਾਬਾ ਵੇ ਕਲਾ ਮਰੋੜ-

-ਦੋ ਛੜਿਆਂ ਦੀ ਇਕ ਢੋਲਕੀ-

-ਜੋ ਕਰਨਾਂ ਕਰੀ ਜਾ ਚੁੱਪ ਕਰਕੇ ਆਦਿ

ਕੇ-ਦੀਪ ਫ਼ਿਲਮੀ ਡਾਇਰੈਕਟਰ ਵੀ ਰਿਹਾ। ਇਸ ਨੇ ਫਿਲਮਾਂ ਵਿਚ ਵੀ ਕੰਮ ਕੀਤਾ। ਕੇ-ਦੀਪ ਨੇ ਦਾਜ, ਮੁਟਿਆਰ, ਸੰਤੋ-ਬੰਤੋ ਫ਼ਿਲਮ ਲਈ ਗੀਤ ਗਾਏ, ਜੋ ਸਕਰੀਨ ’ਤੇ ਮਿਹਰ ਮਿੱਤਲ ਨੇ ਫਿਲਮਾਏ।

ਕੇ-ਦੀਪ ਜਗਮੋਹਣ ਕੌਰ ਨੇ ਬਹੁਤ ਸਾਰੇ ਗੀਤਕਾਰਾਂ ਦੇ ਗੀਤ ਗਾਏ, ਜਿਵੇਂ ਬਲਦੇਵ ਸਿੰਘ ਸਾਬਰ, ਬਾਬੂ ਸਿਘ ਮਾਨ, ਇੰਦਰਜੀਤ ਹਸਨਪੁਰੀ, ਜਸਵੰਤ ਸੰਦੀਲਾ, ਗਰਦੇਵ ਸਿੰਘ ਮਾਨ, ਸ਼ੰਕਰ ਵਾਲਾ ਸ਼ੌਂਕੀ, ਕਰਮ ਸਿੰਘ ਯੋਗੀ, ਸਨਮੁੱਖ ਆਜ਼ਾਦ, ਨਾਜ ਗੋਪਾਲ ਪੁਰੀ, ਸਾਜਨ ਰਾਏਕੋਟੀ, ਅਭੀਨਾਸ਼ ਭਾਖੜੀ, ਢਿੱਲੋਂ ਮਹਿਰਾਜ ਵਾਲਾ, ਚਰਨ ਸਿੰਘ ਸਫ਼ਰੀ ਆਦਿ।

ਕੇ-ਦੀਪ ਨੇ ਆਪਣੀ ਕਲਾ ਕਰਕੇ ਬਹੁਤ ਸਾਰੇ ਐਵਾਰਡ ਪ੍ਰਾਪਤ ਕੀਤੇ, ਜਿਵੇਂ ਰਾਜ ਕਪੂਰ ਵਲੋਂ ਉਸ ਨੂੰ ਮੁਹੰਮਦ ਰਫ਼ੀ ਐਵਾਰਡ, ਪੀ.ਟੀ.ਸੀ. ਵਲੋਂ ਲਾਈਫ ਟਾਈਮ ਅਚੀਵਮੈਂਟ ਐਵਾਰਡ, ਇਸ ਨੂੰ ਸਟੇਟ ਐਵਾਰਡ ਨਾਲ ਵੀ ਸਨਮਾਨਿਤ ਕੀਤਾ ਗਿਆ। ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਅਤੇ ਪ੍ਰਕਾਸ਼ ਸਿੰਘ ਬਾਦਲ ਤੋਂ ਵੀ ਐਵਾਰਡ ਪ੍ਰਾਪਤ ਕਰ ਚੁੱਕਾ ਸੀ।

ਇਨ੍ਹਾਂ ਦੀ ਪਤਨੀ ਬੀਬੀ ਜਗਮੋਹਣ ਕੌਰ ਐਕਸੀਡੈਂਟ ਦਾ ਸ਼ਿਕਾਰ ਹੋ ਗਈ ਸੀ, ਫਿਰ ਵੀ ਕੁਝ ਸਮਾਂ ਪ੍ਰੋਗਰਾਮ ਕਰਦੀ ਰਹੀ ਪਰ ਚੰਗੀ ਤਰ੍ਹਾਂ ਠੀਕ ਨਾ ਹੋਈ ਹੋਣ ਕਰਕੇ 6 ਦਸੰਬਰ, 1997 ਨੂੰ 49 ਸਾਲ ਦੀ ਉਮਰ ’ਚ ਅਲਵਿਦਾ ਕਹਿ ਗਈ ਸੀ। ਉਸ ਦੀ ਮੌਤ ਤੋਂ ਬਾਅਦ ਕੇ-ਦੀਪ ਕਿਹਾ ਕਰਦਾ ਸੀ, ਮਾਈ ਮੋਹਣੋ ਤੋਂ ਬਿੰਨਾ ਪੋਸਤੀ ਦੀ ਜ਼ਿੰਦਗੀ ਬਹੁਤ ਉਦਾਸੀ ਹੈ। ਜਗਮੋਹਣ ਕੌਰ ਤੋਂ ਲਗਭਗ 23 ਸਾਲ ਬਾਅਦ ਇਹ ਗਾਇਕੀ ਦਾ ਹੀਰਾ 22 ਅਕਤੂਬਰ 2020 ਨੂੰ 80 ਸਾਲ ਦੀ ਉਮਰ ਵਿਚ ਸਾਡੇ ਕੋਲੋਂ ਸਦਾ ਲਈ ਵਿਛੜ ਗਿਆ।

# ਕਿਸਾਨ ਅੰਦੋਲਨ : ਵੱਧ ਰਿਹਾ ਖੇਤੀ ਸੰਕਟ

ਗੁਰਮੀਤ ਸਿੰਘ ਪਲਾਹੀ

# ਮੋਬਾਈਲ : 98158-02070

ਪੰਜਾਬ ਮੇਲ USA



ਕਿਸਾਨ ਅੰਦੋਲਨ ਖਤਮ ਨਹੀਂ ਹੋਇਆ, ਕਿਉਂਕਿ ਕਿਸਾਨਾਂ ਦੀਆਂ ਮੰਗਾਂ ਅੱਧੀਆਂ ਅਧੂਰੀਆਂ ਮੰਨੀਆਂ ਗਈਆਂ ਅਤੇ ਬਾਕੀ ਲਮਕਾ ਦਿੱਤੀਆਂ ਗਈਆਂ। ਕਿਸਾਨ ਨੇਤਾਵਾਂ ਅਤੇ ਕਿਸਾਨ ਜਥੇਬੰਦੀਆਂ ਵੱਲੋਂ ਦੇਸ਼ ਦੀਆਂ ਹੋਰ ਮਜ਼ਦੂਰ, ਮੁਲਾਜ਼ਮ ਜੱਥੇਬੰਦੀਆਂ, ਗ਼ੈਰ ਸਰਕਾਰੀ ਸੰਸਥਾਵਾਂ, ਬੁੱਧੀਜੀਵੀਆਂ ਦੀ ਸਹਾਇਤਾ ਅਤੇ ਸਹਿਯੋਗ ਨਾਲ ਚਲਾਏ ਅੰਦੋਲਨ ਨੇ ਵਿਸ਼ਵ-ਵਿਆਪੀ ਚਰਚਾ ਖੱਟੀ। ਲੋਕ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋਏ। ਦਿੱਲੀ ਦੇ ਸਿੰਘਾਸਨ 'ਤੇ ਬੈਠੇ ਹਾਕਮਾਂ ਨੂੰ ਲੋਕਾਂ ਦੀ ਆਵਾਜ਼ ਸੁਣਨੀ ਪਈ। ਕਿਸਾਨ ਵਿਰੋਧੀ ਖੇਤੀ ਕਾਨੂੰਨ ਵਾਪਸ ਲੈਣੇ ਪਏ।

ਕਿਸਾਨ ਅੰਦੋਲਨ ਦਿੱਲੀ ਦੇ ਬਾਰਡਰਾਂ 'ਤੇ ਕੁਝ ਸਮਾਂ ਖਤਮ ਹੋਇਆ ਪਰ ਹੁਣ ਫਿਰ ਮੱਘ ਰਿਹਾ ਹੈ ਕਿਉਂਕਿ ਸਰਕਾਰ ਨੇ ਮੰਗਾਂ ਨਹੀਂ ਮੰਨੀਆਂ। ਗੱਲ ਭਾਰਤ ਦੀ ਸੁਪਰੀਮ ਕੋਰਟ ਵਿਚ ਪੁੱਜੀ। ਸੁਪਰੀਮ ਕੋਰਟ ਨੇ ਦਿੱਲੀ ਵਿਚ ਸਿੰਘੂ ਬਾਰਡਰ 'ਤੇ ਅੰਦੋਲਨ ਕਰਨ ਵਾਲੇ ਕਿਸਾਨਾਂ ਦੀਆਂ ਸ਼ਿਕਾਇਤਾਂ ਅਤੇ ਵਿਰੋਧ ਤੋਂ ਉਪਜੀ ਸਥਿਤੀ 'ਤੇ ਇੱਕ ਪੈਨਲ ਬਣਾਇਆ। ਇਸ ਪੈਨਲ ਨੇ ਗਿਆਰਾਂ ਸਫ਼ਿਆਂ ਦੀ ਇੱਕ ਰਿਪੋਰਟ ਸੁਪਰੀਮ ਕੋਰਟ ਨੂੰ ਸੌਂਪੀ ਹੈ।

ਇਸ ਪੈਨਲ ਨੇ ਕਿਹਾ ਹੈ ਕਿ ਭਾਰਤ ਵਿਚ ਸੰਕਟ ਖੇਤੀ 'ਤੇ ਸੰਕਟ ਵੱਧ ਰਹੇ ਹਨ। ਪੈਨਲ ਅਨੁਸਾਰ ਸ਼ੁੱਧ ਖੇਤੀ ਉਤਪਾਦਕਤਾ ਵਿਚ ਕਮੀ ਆਈ ਹੈ ਅਤੇ ਉਤਪਾਦਨ ਲਾਗਤ ਵਧੀ ਹੈ। ਕਿਸਾਨਾਂ ਵੱਲੋਂ ਆਪਣੀ ਫ਼ਸਲ ਵੇਚਣ ਲਈ ਸੁਵਿਧਾਵਾਂ ਦੀ ਘਾਟ ਹੈ ਅਤੇ ਖੇਤੀ ਖੇਤਰ 'ਚ ਰੁਜ਼ਗਾਰ ਘਟਿਆ ਹੈ। ਛੋਟੇ ਅਤੇ ਸੀਮਾਂਤ ਕਿਸਾਨ ਅਤੇ ਖੇਤੀ ਮਜ਼ਦੂਰ ਆਰਥਿਕ ਤੌਰ 'ਤੇ ਤੰਗੀ ਵਿਚ ਹਨ। ਛੋਟੇ ਕਿਸਾਨ ਤਾਂ ਭੁੱਖੇ ਮਰਨ ਦੀ ਸਥਿਤੀ 'ਚ ਹਨ।

ਇੱਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਖੇਤੀ ਖੇਤਰ ਵਿਚ ਦੇਸ਼ ਦੇ ਕੁੱਲ ਮਜਜ਼ਦੂਰਾਂ ਦੀ ਗਿਣਤੀ ਦਾ 46 ਫ਼ੀਸਦੀ ਲੱਗਿਆ ਹੋਇਆ ਹੈ ਅਤੇ ਉਨ੍ਹਾਂ ਦੀ ਆਮਦਨੀ ਵਿਚ ਹਿੱਸੇਦਾਰੀ ਮਸਾਂ 15 ਫ਼ੀਸਦੀ ਹੈ। ਬੇਰੁਜ਼ਗਾਰੀ ਇੰਨੀ ਹੈ ਕਿ ਇਸ ਨੂੰ ਮਾਪਿਆ ਹੀ ਨਹੀਂ ਜਾ ਸਕਦਾ। ਇਹ ਤੱਥ ਛੁਪੇ ਹੋਏ ਹਨ, ਜਾਂ ਛੁਪਾਏ ਜਾ ਰਹੇ ਹਨ। ਖੇਤੀ ਖੇਤਰ ਦੀ ਤ੍ਰਾਸਦੀ ਇਹ ਵੀ ਹੈ ਕਿ ਬਿਨਾਂ ਤਨਖਾਹ ਤੋਂ ਮਜ਼ਦੂਰੀ ਕਰਨ ਵਾਲੇ ਪਰਿਵਾਰਕ ਮੈਂਬਰਾਂ ਦੀ ਗਿਣਤੀ ਵੱਡੀ ਹੈ। ਇੱਥੇ ਹੀ ਬੱਸ ਨਹੀਂ, ਹੜ੍ਹਾਂ, ਸੋਕੇ, ਗਰਮ ਹਵਾਵਾਂ ਨੇ ਖੇਤੀ ਅਤੇ ਕਿਸਾਨਾਂ ਉੱਤੇ ਹਰ ਕਿਸਮ ਦਾ ਬੋਝ ਵਧਾਇਆ ਹੋਇਆ ਹੈ।



ਪੈਨਲ ਵੱਲੋਂ ਜਾਰੀ ਕੀਤੀ ਗਈ ਅੰਤਿਮ ਰਿਪੋਰਟ ਹੈਰਾਨ ਪਰੇਸ਼ਾਨ ਕਰਨ ਵਾਲੀ ਹੈ। ਉਸ ਅਨੁਸਾਰ 1995 ਤੋਂ ਹੁਣ ਤੱਕ 4 ਲੱਖ ਕਿਸਾਨ ਆਤਮ ਹੱਤਿਆ ਕਰ ਚੁੱਕੇ ਹਨ। ਪੰਜਾਬ ਦੀਆਂ ਤਿੰਨ ਯੂਨੀਵਰਸਿਟੀਆਂ ਨੇ ਇੱਕ ਸਰਵੇ ਕੀਤਾ, ਇਸ ਅਨੁਸਾਰ 2000 ਤੋਂ 2015 ਦੇ ਸਮੇਂ ਵਿਚਕਾਰ ਕਿਸਾਨਾਂ ਤੇ ਖੇਤ ਮਜ਼ਦੂਰੀ ਕਰਨ ਵਾਲਿਆਂ 16306 ਲੋਕਾਂ ਨੇ ਖ਼ੁਦਕੁਸ਼ੀ ਕੀਤੀ, ਇਨ੍ਹਾਂ ਵਿਚੋਂ ਬਹੁਤੀਆਂ ਆਤਮ-ਹੱਤਿਆਵਾਂ ਗਰੀਬ, ਛੋਟੇ ਅਤੇ ਬੇਜ਼ਮੀਨੇ ਮਜ਼ਦੂਰ ਪਰਿਵਾਰਾਂ ਦੇ ਮੈਂਬਰਾਂ ਵੱਲੋਂ ਕੀਤੀਆਂ ਗਈਆਂ। ਕਾਰਨ ਕਰਜ਼ੇ ਦਾ ਵੱਡਾ ਬੋਝ ਹੈ।

ਪੰਜਾਬ ਅਤੇ ਹਰਿਆਣਾ ਦੇ ਕਿਸਾਨ ਖ਼ਾਸ ਤੌਰ 'ਤੇ ਸੰਕਟ ਵਿਚ ਹਨ। ਹਰੀ ਕ੍ਰਾਂਤੀ ਨੇ ਸ਼ੁਰੂਆਤੀ ਦੌਰ ਵਿਚ ਕਿਸਾਨਾਂ ਨੂੰ ਲਾਭ ਪਹੁੰਚਾਇਆ। ਪਰ 1990 ਦੇ ਦਹਾਕੇ ਤੋਂ ਬਾਅਦ ਖੇਤੀ ਉਪਜ ਅਤੇ ਉਤਪਾਦਨ ਵਿਚ ਠਹਿਰਾਅ ਆ ਗਿਆ। ਇਸੇ ਦੌਰਾਨ ਹੀ ਅਸਲ ਵਿਚ ਕਿਸਾਨ ਕਰਜ਼ਾਈ ਹੋਏ। ਨਾਬਾਰਡ 2023 ਦੀ ਰਿਪੋਰਟ ਅਨੁਸਾਰ 2022-23 'ਚ ਪੰਜਾਬ ਦੇ ਕਿਸਾਨਾਂ ਜ਼ੁੰਮੇ 73673 ਕਰੋੜ ਰੁਪਏ ਦਾ ਕਰਜ਼ਾ ਸੀ ਅਤੇ ਹਰਿਆਣਾ ਦੇ ਕਿਸਾਨਾਂ 'ਤੇ 76630 ਕਰੋੜ ਰੁਪਏ ਦਾ। ਇਹ ਕਰਜ਼ਾ ਬੈਂਕਾਂ ਅਤੇ ਸਹਿਕਾਰੀ ਸੁਸਾਇਟੀਆਂ ਤੋਂ ਲਿਆ ਗਿਆ ਕਰਜ਼ਾ ਸੀ। ਜਦ ਕਿ ਸ਼ਾਹੂਕਾਰਾਂ, ਦਲਾਲਾਂ, ਆੜਤੀਆਂ ਤੋਂ ਲਏ ਕਰਜ਼ੇ ਦਾ ਤਾਂ ਕੋਈ ਹਿਸਾਬ ਹੀ ਨਹੀਂ। ਅਸਲ ਵਿਚ ਤਾਂ 90 ਫ਼ੀਸਦੀ ਤੋਂ ਵੱਧ ਛੋਟੇ ਕਿਸਾਨ ਕਰਜ਼ੇ ਦੀ ਮਾਰ ਹੇਠ ਹਨ। ਉਨ੍ਹਾਂ ਦੇ ਵਿੱਤੀ ਹਾਲਾਤ ਤਰਸਯੋਗ ਹਨ।

ਦੇਸ਼ ਵਿਚ ਖੇਤੀ ਖੇਤਰ ਨੂੰ ਪੁਨਰਜੀਵਤ ਕਰਨ ਦੀ ਲੋੜ ਹੈ। ਵਧਦੇ ਹੋਏ ਕਰਜ਼ੇ ਦੇ ਬੁਨਿਆਦੀ ਕਾਰਨਾਂ ਨੂੰ ਸਮਝਣਾ ਪਵੇਗਾ, ਕਿਉਂਕਿ ਪੇਂਡੂਆਂ ਖਾਸ ਕਰਕੇ ਕਿਸਾਨਾਂ ਅਤੇ ਮਜ਼ਦੂਰਾਂ 'ਚ ਅਸ਼ਾਂਤੀ ਵਧ ਰਹੀ ਹੈ। ਆਜ਼ਾਦੀ ਦੀ ਪੌਣੀ ਸਦੀ ਬਾਅਦ ਵੀ ਦੇਸ਼ ਦੇ ਜ਼ਿਆਦਾਤਰ ਲੋਕਾਂ ਦਾ ਜੀਵਨ ਪੱਧਰ ਉੱਚਾ ਨਹੀਂ ਚੁੱਕਿਆ ਜਾ ਸਕਿਆ। ਕਾਰਨ ਹੋਰ ਵੀ ਬਥੇਰੇ ਹਨ। ਪਰ ਸਰਕਾਰ ਵੱਲੋਂ ਖੇਤੀ ਖੇਤਰ ਲਈ ਜੋ ਕੁਝ ਕੁ ਕਦਮ ਚੁੱਕੇ ਗਏ ਹਨ, ਉਹ ਆਮ ਕਿਸਾਨ ਤੱਕ ਨਹੀਂ ਪੁੱਜੇ। ਸਮੇਂ-ਸਮੇਂ 'ਤੇ ਦਿੱਤੀ ਗਈ ਰਾਹਤ ਉਨ੍ਹਾਂ ਦੇ ਦਰੀਂ ਨਹੀਂ ਪੁੱਜੀ। ਦਲਾਲ, ਵਿਚੋਲੇ ਇਨ੍ਹਾਂ ਨਾ ਮਾਤਰ ਯੋਜਨਾਵਾਂ, ਰਾਹਤਾਂ ਦਾ ਫਾਇਦਾ ਚੁੱਕ ਰਹੇ ਹਨ।

ਦਹਾਕਿਆਂ ਪਹਿਲਾਂ ਡਾ: ਸਵਾਮੀਨਾਥਨ ਦੀ ਰਿਪੋਰਟ ਵਿਚ ਇਹ ਸੁਝਾਇਆ ਗਿਆ ਸੀ ਕਿ ਕਿਸਾਨਾਂ ਨੂੰ ਫਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਦਿੱਤਾ ਜਾਵੇ। ਸੁਪਰੀਮ ਕੋਰਟ ਵੱਲੋਂ ਤੈਅ ਕੀਤੇ ਗਏ ਪੈਨਲ, ਜਿਸ ਵਿਚ ਰਿਟਾਇਰਡ ਆਈ.ਪੀ.ਐੱਸ. ਅਧਿਕਾਰੀ ਬੀ.ਐੱਸ. ਸੰਧੂ, ਦੇਵਿੰਦਰ ਸ਼ਰਮਾ, ਪ੍ਰੋ. ਰਣਜੀਤ ਸਿੰਘ ਘੁੰਮਣ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਅਰਥ ਸ਼ਾਸਤਰੀ ਡਾ. ਸੁਖਪਾਲ ਸਿੰਘ ਆਦਿ ਸ਼ਾਮਿਲ ਹਨ, ਨੇ ਵੀ ਸੁਝਾਇਆ ਹੈ ਕਿ ਕਿਸਾਨਾਂ ਦੀਆਂ ਫ਼ਸਲਾਂ ਦੇ ਸਮਰਥਨ ਮੁੱਲ ਨੂੰ ਕਾਨੂੰਨੀ ਮਾਨਤਾ ਦਿੱਤੀ ਜਾਵੇ ਅਤੇ ਕਰਜ਼ੇ ਵਿਚ ਰਾਹਤ ਦਿੱਤੀ ਜਾਵੇ, ਖੇਤੀ ਖੇਤਰ ਲਈ ਰੁਜ਼ਗਾਰ ਸਿਰਜਣ ਦੇ ਉਪਰਾਲੇ ਹੋਣ। ਪਰ ਇਸ ਸਬੰਧੀ ਪਹਿਲੀਆਂ ਸਰਕਾਰਾਂ ਨੇ ਵੀ ਅਤੇ ਹੁਣ ਵਾਲੀ ਭਾਜਪਾ ਸਰਕਾਰ ਨੇ ਵੀ ਚੁੱਪ ਵੱਟੀ ਹੋਈ ਹੈ।

ਇਹ ਜਾਣਦਿਆਂ ਹੋਇਆਂ ਵੀ ਕਿ ਦੇਸ਼ ਦਾ ਖੇਤੀ ਖੇਤਰ 142 ਕਰੋੜ ਦੇਸ਼ ਵਾਸੀਆਂ, ਜਿਨ੍ਹਾਂ ਵਿਚ 81 ਕਰੋੜ ਉਹ ਲੋਕ ਹਨ, ਜਿਨ੍ਹਾਂ ਨੂੰ ਮੁਫ਼ਤ ਵਿਚ ਅਨਾਜ ਮੁਹੱਈਆ ਕੀਤਾ ਜਾਂਦਾ ਹੈ, ਲਈ ਅਤਿਅੰਤ ਜ਼ਰੂਰੀ ਹੈ। ਸਰਕਾਰ ਇਸ ਖੇਤਰ ਦੇ ਵਾਧੇ ਲਈ ਯਤਨ ਕਰਨ ਦੀ ਬਜਾਏ, ਇਸ ਖੇਤਰ ਨੂੰ ਮਾਰਨ ਵੱਲ ਤੁਰੀ ਹੋਈ ਹੈ। ਖੇਤੀ ਖੇਤਰ ਜੋ ਦੇਸ਼ ਨੂੰ ਵੱਡਾ ਰੁਜ਼ਗਾਰ ਮੁਹੱਈਆ ਕਰ ਰਿਹਾ ਹੈ, ਉਸਨੂੰ ਉਤਸ਼ਾਹਿਤ ਕਰਨ ਅਤੇ ਇਸ ਖੇਤਰ 'ਚ ਹੋਰ ਮੌਕੇ ਮੁਹੱਈਆਂ ਕਰਨ ਵੱਲ ਕੋਈ ਧਿਆਨ ਨਾ ਦੇ ਕੇ, ਇਸ ਨੂੰ ਕਾਰਪੋਰੇਟ ਘਰਾਣਿਆਂ ਹੱਥ ਸੌਂਪਣ ਦੇ ਯਤਨ ਹੋ ਰਹੇ ਹਨ। ਜਿਵੇਂ ਦੇਸ਼ ਦੇ ਸਾਂਝੇ ਕੁਦਰਤੀ ਸਾਧਨ, ਕਾਰਪੋਰੇਟਾਂ, ਧੰਨ ਕਬੇਰਾਂ ਨੂੰ ਸੌਂਪੇ ਜਾ ਰਹੇ ਹਨ।

ਸਾਰਵਜਨਿਕ ਸੰਸਥਾਵਾਂ ਰੇਲਵੇ ਆਦਿ ਦਾ ਨਿੱਜੀਕਰਨ ਹੋ ਰਿਹਾ ਹੈ। ਖੇਤੀ ਜ਼ਮੀਨ ਵੀ ਕਾਰਪੋਰੇਟਾਂ ਨੂੰ ਸੌਂਪਣ ਦੀਆਂ ਸਾਜ਼ਿਸ਼ਾਂ ਹੋ ਰਹੀਆਂ ਹਨ। ਜਿਸ ਨਾਲ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀ ਜ਼ਿੰਦਗੀ ਬਦ ਤੋਂ ਬਦਤਰ ਹੋ ਜਾਏਗੀ। ਇੱਕ ਸਰਵੇ ਅਨੁਸਾਰ 2035 ਛੋਟੇ ਕਿਸਾਨ ਹਰ ਰੋਜ਼ ਸਰਕਾਰੀ ਨੀਤੀਆਂ ਤੋਂ ਤੰਗ ਆ ਕੇ ਖੇਤੀ ਛੱਡਣ ਲਈ ਮਜਬੂਰ ਹੋ ਰਹੇ ਹਨ। ਭਾਵੇਂ ਕਿ ਦੇਸ਼ ਦੇ ਕੁੱਲ ਛੋਟੇ ਕਿਸਾਨਾਂ ਵਿਚੋਂ 84 ਫ਼ੀਸਦੀ ਛੋਟੇ ਕਿਸਾਨ ਖੇਤੀ ਨਹੀਂ ਛੱਡਣਾ ਚਾਹੁੰਦੇ। ਯਾਦ ਰਹੇ ਕਿ ਕਿ ਦੇਸ਼ ਦੇ ਕੁੱਲ ਕਿਸਾਨਾਂ ਵਿਚੋਂ 78 ਫ਼ੀਸਦੀ ਉਹ ਛੋਟੇ ਕਿਸਾਨ ਹਨ, ਜਿਨ੍ਹਾਂ ਕੋਲ ਦੋ ਹੈਕਟੇਅਰ ਤੋਂ ਘੱਟ ਜ਼ਮੀਨ ਹੈ। ਇਸੇ ਜ਼ਮੀਨ ਉਤੇ ਉਹ ਆਪਣੇ ਪਰਿਵਾਰ ਦੀ ਦੋ ਡੰਗ ਦੀ ਰੋਟੀ ਚਲਾਉਂਦੇ ਹਨ।

2024 ਦੇ ਇਕਨਾਮਿਕ ਸਰਵੇ ਅਨੁਸਾਰ ਵੀ 2022-23 ਵਿਚ 4.7 ਫ਼ੀਸਦੀ ਦੀ ਥਾਂ ਖੇਤੀ ਉਤਪਾਦਨ 1.4 ਫ਼ੀਸਦੀ ਹੀ ਵਧਿਆ। ਜਦਕਿ ਦੇਸ਼ ਵਿਚ ਆਬਾਦੀ ਦਾ ਵਾਧਾ ਲਗਾਤਾਰ ਜਾਰੀ ਹੈ ਅਤੇ ਇਸ ਆਬਾਦੀ ਦੇ ਖਾਧ ਪਦਾਰਥਾਂ ਦੀ ਲੋੜ ਖੇਤੀ ਖੇਤਰ ਨੇ ਪੂਰੀ ਕਰਨੀ ਹੈ। ਇਸੇ ਕਰਕੇ ਖੇਤੀ ਖੇਤਰ ਦੇਸ਼ ਲਈ ਜ਼ਰੂਰੀ ਹੈ।

ਇਸ ਸਾਰੀ ਸਥਿਤੀ ਤੋਂ ਦੇਸ਼ ਦੇ ਕਿਸਾਨ ਪਰੇਸ਼ਾਨ ਹਨ। ਆਤਮ ਹੱਤਿਆਵਾਂ ਕਰ ਰਹੇ ਹਨ। ਭੁੱਖ ਦਾ ਸ਼ਿਕਾਰ ਹੋ ਰਹੇ ਹਨ। ਉਨ੍ਹਾਂ ਦੀਆਂ ਜਿਊਣ ਹਾਲਤਾਂ ਚੰਗੀਆਂ ਨਹੀਂ ਹਨ। ਫਸਲਾਂ ਦੇ ਉਤਪਾਦਨ ਦਾ ਫ਼ਾਇਦਾ ਦਲਾਲਾਂ ਵੱਲੋਂ ਵੱਧ ਲਿਆ ਜਾ ਰਿਹਾ ਹੈ। ਕੀ ਇਹੋ ਜਿਹੀਆਂ ਹਾਲਤਾਂ 'ਚ ਸਰਕਾਰ ਦਾ ਫ਼ਰਜ਼ ਨਹੀਂ ਕਿ ਖੇਤੀ ਖੇਤਰ ਨਾਲ ਸੰਬੰਧਤ ਮਸਲਿਆਂ ਦਾ ਫੌਰੀ ਹੱਲ ਕਰੇ।

ਸੁਪਰੀਮ ਕੋਰਟ ਵੱਲੋਂ ਬਣਾਏ ਗਏ ਮਾਹਰਾਂ ਦੇ ਪੈਨਲ ਨੇ ਖੇਤੀ ਖੇਤਰ ਦੀ ਸਹੀ ਤਸਵੀਰ ਜੱਜ ਸਾਹਿਬਾਨਾਂ ਸਾਹਵੇ ਪੇਸ਼ ਕਰ ਦਿੱਤੀ ਹੈ, ਸੁਝਾਅ ਵੀ ਦਿੱਤੇ ਹਨ। ਸੁਪਰੀਮ ਕੋਰਟ ਵੱਲੋਂ ਕਿਸਾਨ ਹਿੱਤਾਂ ਵਿਚ ਸਹੀ ਫੈਸਲੇ ਲੈਂਦਿਆਂ, ਕਿਸਾਨਾਂ ਦੀ ਹਾਲਤ ਸੁਧਾਰਨ ਲਈ ਕਦਮ ਪੁੱਟਣ ਲਈ ਕੇਂਦਰ ਸਰਕਾਰ ਨੂੰ ਵੀ ਕਿਹਾ ਜਾਏਗਾ।

ਪਰ ਸਵਾਲ ਤਾਂ ਇਹ ਉੱਠਦਾ ਹੈ ਕਿ ਕੇਂਦਰ ਦੀ ਕਿਸਾਨ ਵਿਰੋਧੀ ਕੇਂਦਰ ਸਰਕਾਰ ਉਨ੍ਹਾਂ ਮੰਗਾਂ ਨੂੰ ਮੰਨ ਕੇ ਲਾਗੂ ਕਰ ਦੇਵੇਗੀ, ਜਿਨ੍ਹਾਂ ਨੂੰ ਕਾਰਪੋਰੇਟ ਘਰਾਣਿਆਂ ਦੇ ਪ੍ਰਭਾਵ ਹੇਠ ਉਹ ਸਦਾ ਦਰਕਿਨਾਰ ਕਰਦੀ ਰਹੀ ਹੈ।

ਕੇਂਦਰ ਸਰਕਾਰ ਨੂੰ ਸਮਝਣਾ ਹੋਵੇਗਾ ਕਿ ਕਿਸਾਨਾਂ ਦੇ ਮਸਲਿਆਂ ਦਾ ਹੱਲ ਕੀਤੇ ਬਿਨਾਂ ਕਿਸਾਨ ਅੰਦੋਲਨ ਨੂੰ ਠੱਲ੍ਹ ਪਾਉਣੀ ਔਖੀ ਹੈ। ਪਿਛਲੇ ਸਮੇਂ 'ਚ ਕਿਸਾਨ ਅੰਦੋਲਨ ਦੌਰਾਨ 700 ਤੋਂ 800 ਕਿਸਾਨ ਜਾਨ ਤੋਂ ਹੱਥ ਧੋ ਬੈਠੇ, ਸੈਂਕੜੇ ਨਹੀਂ ਹਜ਼ਾਰਾਂ ਕਿਸਾਨਾਂ ਉੱਤੇ ਅਦਾਲਤੀ ਕੇਸ ਦਰਜ ਹੋਏ। ਹੁਣ ਵੀ ਅੰਦੋਲਨ ਨੂੰ ਹੌਲਾ ਕਰਨ ਲਈ ਗ੍ਰਿਫ਼ਤਾਰੀਆਂ ਦਾ ਦੌਰ ਜਾਰੀ ਹੈ। ਕਿਸਾਨਾਂ ਅਤੇ ਕੇਂਦਰ ਸਰਕਾਰ ਵਿਚਾਰ ਤਣੋ-ਤਣੀ ਹੈ। ਪੰਜਾਬ ਅਤੇ ਹਰਿਆਣਾ ਸਰਕਾਰ ਵੀ ਇਸ ਦੀਆਂ ਭਾਗੀਦਾਰ ਹਨ, ਜੋ ਨਿੰਦਣਯੋਗ ਹੈ।

ਕੀ ਕਿਸਾਨਾਂ ਨਾਲ ਗੱਲਬਾਤ ਕਰਕੇ ਮਸਲਿਆਂ ਦਾ ਹੱਲ ਨਹੀਂ ਹੋ ਸਕਦਾ? ਕੀ ਐਡੀਆਂ ਗੰਭੀਰ ਸਮੱਸਿਆਵਾਂ ਲਈ ਵੋਟ ਰਾਜਨੀਤੀ ਕਰਨੀ ਜਾਇਜ਼ ਜਾਂ ਜ਼ਰੂਰੀ ਹੈ?



# ਜਦੋਂ ਆਪਣੇ ਬਿਗਾਨੇ ਹੋ ਗਏ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA





**ਰਮਣੀਕ ਸਿੰਘ ਦੇ ਪਰਿਵਾਰ ਦਾ ਵੀ ਹੌਜ਼ਰੀ ਦਾ ਵਿਓਪਾਰ ਸੀ। ਹਰਦੀਪ ਸਿੰਘ ਸਾਧਾਰਨ ਦਿਹਾਤੀ ਕਿਸਾਨੀ ਪਰਿਵਾਰ ਨਾਲ ਸੰਬੰਧ ਰੱਖਦਾ ਹੈ। ਫ਼ਕੀਰ ਸਿੰਘ ਦੇ ਮਾਤਾ ਜੀ ਦੀ ਉਸ ਦੇ ਬਚਪਨ ਵਿਚ ਹੀ ਮੌਤ ਹੋ ਗਈ ਸੀ। ਉਸ ਦੇ ਪਿਤਾ ਨੇ ਦੂਜਾ ਵਿਆਹ ਕਰਵਾ ਲਿਆ। ਫਕੀਰ ਸਿੰਘ ਪਰਿਵਾਰ ਵਿਚ ਮਤਰੇਆ ਹੋਣ ਕਰਕੇ ਅਣਡਿੱਠ ਹੋਣ ਲੱਗ ਪਿਆ। ਅਜਿਹੇ ਹਾਲਾਤ ਵਿਚ ਉਸਦਾ ਪਾਲਣ-ਪੋਸ਼ਣ ਉਸਦੀ ਭੂਆ ਨੇ ਕੀਤਾ। ਉਹ ਪੜ੍ਹਾਈ ਵਿਚ ਉਹ ਹਮੇਸ਼ਾ ਚੰਗੇ ਨੰਬਰ ਲੈਂਦਾ ਸੀ। ਉਸ ਨੇ ਬੀ.ਏ. ਕਰ ਲਈ ਤੇ ਫਿਰ ਪੰਜਾਬ ਸਿਵਲ ਸਕੱਤਰੇਤ ਵਿਚ ਚੰਡੀਗੜ੍ਹ ਵਿਖੇ ਨੌਕਰ ਹੋ ਗਿਆ ਸੀ। ਉਸ ਦੇ ਪਿਤਾ ਵੱਲੋਂ ਉਸਨੂੰ ਪਰਿਵਾਰ ਦੀ ਜਾਇਦਾਦ ਵਿਚੋਂ ਬਣਦਾ ਹਿੱਸਾ ਵੀ ਨਹੀਂ ਦਿੱਤਾ ਗਿਆ।**

ਜਦੋਂ ਆਪਣੇ ਹੀ ਧੋਖਾ ਦੇ ਜਾਣ ਫਿਰ ਬਿਗਾਨਿਆਂ 'ਤੇ ਇਤਰਾਜ਼ ਕਰਨਾ ਸ਼ੋਭਾ ਨਹੀਂ ਦਿੰਦਾ। ਆਪਣਿਆਂ ਦੀ ਅਣਵੇਖੀ ਬਰਦਾਸ਼ਤ ਕਰਨੀ ਅਤਿਅੰਤ ਮੁਸ਼ਕਲ ਹੁੰਦੀ ਹੈ। ਉਦੋਂ ਇਨਸਾਨ ਜਿਉਂਦਾ ਹੋਇਆਂ ਵੀ ਜਿਉਂਦਿਆਂ ਵਰਗਾ ਨਹੀਂ ਹੁੰਦਾ। ਪੰਜਾਬੀਆਂ ਲਈ ਪ੍ਰਵਾਸ ਵਿਚ ਜਾ ਕੇ ਸੈਟਲ ਹੋਣਾ ਇੱਕ ਪਵਿੱਤਰ ਕਾਰਜ ਬਣਿਆਂ ਹੋਇਆ ਹੈ। ਹਰ ਰੋਜ਼ ਹਜ਼ਾਰਾਂ ਦੀ ਗਿਣਤੀ ਵਿਚ ਬੱਚੇ ਆਪਣੇ ਮਾਪਿਆਂ ਦੇ ਗਲਾਂ ਵਿਚ ਗੂਠੇ ਦੇ ਕੇ ਪ੍ਰਵਾਸ ਨੂੰ ਵਹੀਰਾਂ ਘੱਤ ਕੇ ਪਿੱਛੇ ਆਪਣੇ ਮਾਪਿਆਂ ਨੂੰ ਰੱਬ ਆਸਰੇ ਛੱਡ ਜਾ ਰਹੇ ਹਨ। ਬਜ਼ੁਰਗ ਮਾਪੇ ਏਥੇ ਬੇਆਸਰਾ ਹੋ ਕੇ ਰੁਲ ਰਹੇ ਹਨ। ਏਥੇ ਮੈਂ ਇੱਕ ਬਜ਼ੁਰਗ ਦੀ ਕਹਾਣੀ ਦੱਸਣ ਜਾ ਰਿਹਾ ਹਾਂ, ਜਿਸਨੇ ਆਪਣੇ ਦੋ ਬੱਚੇ ਮਿਹਨਤ ਕਰਕੇ, ਨੌਕਰੀ ਦੇ ਨਾਲ ਓਵਰਟਾਈਮ ਲਾ ਕੇ ਪੜ੍ਹਾਏ ਤੇ ਉਹ ਆਪ ਭਾਰਤ ਵਿਚ ਇਕੱਲਾ ਪੁੱਤਰਾਂ ਦੀ ਉਡੀਕ ਕਰਦਾ, ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਿਆ। ਕਹਾਣੀ ਇਸ ਤਰ੍ਹਾਂ ਹੈ, ਮੈਂ 1974 ਵਿਚ ਪੰਜਾਬ ਸਿਵਲ ਸਕੱਤਰੇਤ ਚੰਡੀਗੜ੍ਹ ਵਿਖੇ ਨੌਕਰੀ ਸ਼ੁਰੂ ਕੀਤੀ ਸੀ। ਉਥੇ ਬਹੁਤ ਸਾਰੇ ਅਧਿਕਾਰੀ ਤੇ ਕਰਮਚਾਰੀ ਦੋਸਤ ਬਣ ਗਏ। ਉਹ ਦੋਸਤੀ 50 ਸਾਲ ਬਾਅਦ ਵੀ ਬਰਕਰਾਰ ਹੈ। ਏਥੇ ਮੈਂ ਤਿੰਨ ਦੋਸਤਾਂ ਹਰਦੀਪ ਸਿੰਘ, ਰਮਣੀਕ ਸਿੰਘ ਸੈਣੀ ਅਤੇ ਫ਼ਕੀਰ ਸਿੰਘ ਦੀ ਦੋਸਤੀ ਬਾਰੇ ਦੱਸਣਾ ਚਾਹੁੰਦਾ ਹਾਂ, ਜਿਨ੍ਹਾਂ ਨੇ ਅਖ਼ੀਰ ਤੱਕ ਨਿਭਣ ਦੇ ਸੁਪਨੇ ਸਿਰਜੇ ਸਨ। ਲਗਪਗ ਹਰ ਰੋਜ਼ ਹੀ ਉਹ ਇੱਕ ਦੂਜੇ ਦੇ ਘਰ ਬੈਠਕੇ ਇਕੱਠੇ ਹੀ ਖਾਣਾ ਖਾਂਦੇ ਸੀ। ਉਨ੍ਹਾਂ ਵਿਚੋਂ ਹਰਦੀਪ ਸਿੰਘ ਤੇ ਰਮਣੀਕ ਸਿੰਘ ਲੁਧਿਆਣਾ ਤੋਂ ਤੇ ਤੀਜਾ ਫ਼ਕੀਰ ਸਿੰਘ ਅੰਮ੍ਰਿਤਸਰ ਤੋਂ ਸੀ ਪ੍ਰੰਤੂ ਉਹ ਲੁਧਿਆਣੇ ਵਿਆਹਿਆ ਹੋਇਆ ਸੀ। ਫ਼ਕੀਰ ਸਿੰਘ ਦਾ ਸਹੁਰਾ ਪਰਿਵਾਰ ਚੌੜੇ ਬਾਜ਼ਾਰ ਦਾ ਚੰਗੇ ਸਿਆਸੀ ਤੇ ਸਮਾਜਿਕ ਅਸਰ ਰਸੂਖ਼ ਵਾਲਾ ਕਾਰੋਬਾਰੀ ਸੀ। ਰਮਣੀਕ ਸਿੰਘ ਦੇ ਪਰਿਵਾਰ ਦਾ ਵੀ ਹੌਜ਼ਰੀ ਦਾ ਵਿਓਪਾਰ ਸੀ। ਹਰਦੀਪ ਸਿੰਘ ਸਾਧਾਰਨ ਦਿਹਾਤੀ ਕਿਸਾਨੀ ਪਰਿਵਾਰ ਨਾਲ ਸੰਬੰਧ ਰੱਖਦਾ ਹੈ। ਫ਼ਕੀਰ ਸਿੰਘ ਦੇ ਮਾਤਾ ਜੀ ਦੀ ਉਸ ਦੇ ਬਚਪਨ ਵਿਚ ਹੀ ਮੌਤ ਹੋ ਗਈ ਸੀ। ਉਸ ਦੇ ਪਿਤਾ ਨੇ ਦੂਜਾ ਵਿਆਹ ਕਰਵਾ ਲਿਆ। ਫਕੀਰ ਸਿੰਘ ਪਰਿਵਾਰ ਵਿਚ ਮਤਰੇਆ ਹੋਣ ਕਰਕੇ ਅਣਡਿੱਠ ਹੋਣ ਲੱਗ ਪਿਆ। ਅਜਿਹੇ ਹਾਲਾਤ ਵਿਚ ਉਸਦਾ ਪਾਲਣ-ਪੋਸ਼ਣ ਉਸਦੀ ਭੂਆ ਨੇ ਕੀਤਾ। ਉਹ ਪੜ੍ਹਾਈ ਵਿਚ ਉਹ ਹਮੇਸ਼ਾ ਚੰਗੇ ਨੰਬਰ ਲੈਂਦਾ ਸੀ। ਉਸ ਨੇ ਬੀ.ਏ. ਕਰ ਲਈ ਤੇ ਫਿਰ ਪੰਜਾਬ ਸਿਵਲ ਸਕੱਤਰੇਤ ਵਿਚ ਚੰਡੀਗੜ੍ਹ ਵਿਖੇ ਨੌਕਰ ਹੋ ਗਿਆ ਸੀ। ਉਸ ਦੇ ਪਿਤਾ ਵੱਲੋਂ ਉਸਨੂੰ ਪਰਿਵਾਰ ਦੀ ਜਾਇਦਾਦ ਵਿਚੋਂ ਬਣਦਾ ਹਿਸਾ ਵੀ ਨਹੀਂ ਦਿੱਤਾ ਗਿਆ। ਫ਼ਕੀਰ ਸਿੰਘ ਦਾ ਵਿਆਹ ਹੋਣ ਤੋਂ ਬਾਅਦ ਉਸ ਦੇ ਸਹੁਰਿਆਂ ਦੀ ਸਪੋਰਟ ਕਰਕੇ ਉਸ ਦੀ ਜ਼ਿੰਦਗੀ ਵਧੀਆਂ ਬਸਰ ਹੋਣ ਲੱਗ ਪਈ। ਫ਼ਕੀਰ ਸਿੰਘ ਦੇ ਸਹੁਰਿਆਂ ਨੇ ਆਪਣਾ ਅਸਰ ਰਸੂਖ਼ ਵਰਤਕੇ ਉਸ ਨੂੰ ਇੱਕ ਬੈਂਕ ਵਿਚ ਦਿੱਲੀ ਵਿਖੇ ਅਧਿਕਾਰੀ ਨਿਯੁਕਤ ਕਰਵਾ ਦਿੱਤਾ। ਫ਼ਕੀਰ ਸਿੰਘ ਦਿੱਲੀ ਜਾ ਕੇ ਬੜਾ ਖ਼ੁਸ਼ ਹੋਇਆ ਕਿਉਂਕਿ ਇੱਕ ਤਾਂ ਅਧਿਕਾਰੀ ਬਣ ਗਿਆ, ਦੂਜੇ ਉਸ ਦੇ ਸਹੁਰਿਆਂ ਵੱਲੋਂ ਕੁਝ ਰਿਸ਼ਤੇਦਾਰ ਦਿੱਲੀ ਰਹਿੰਦੇ ਸਨ। ਦਿੱਲੀ ਵਿਚ ਉਸਦੇ ਦੋਸਤਾਂ ਦਾ ਦਾਇਰਾ ਵੀ ਵੱਡਾ ਹੋ ਗਿਆ। ਫ਼ਕੀਰ ਸਿੰਘ ਨੇ ਦਿੱਲੀ ਰੋਹਿਨੀ ਵਿਖੇ ਇੱਕ ਫਲੈਟ ਵੀ ਖਰੀਦ ਲਿਆ ਤੇ ਉਹ ਪੱਕਾ ਦਿੱਲੀ ਨਿਵਾਸੀ ਹੋ ਗਿਆ। ਹਰਦੀਪ ਸਿੰਘ ਅਤੇ ਰਮਣੀਕ ਸਿੰਘ ਦੇ ਪਰਿਵਾਰ ਅਕਸਰ ਉਸ ਕੋਲ ਦਿੱਲੀ ਅਤੇ ਉਹ ਉਨ੍ਹਾਂ ਕੋਲ ਚੰਡੀਗੜ੍ਹ ਅਤੇ ਪਟਿਆਲਾ ਪਰਿਵਾਰ ਸਮੇਤ ਆਉਂਦੇ ਰਹਿੰਦੇ ਸਨ। ਦਿੱਲੀ ਵਿਖੇ ਰਹਿੰਦਿਆਂ ਫ਼ਕੀਰ ਸਿੰਘ ਨੇ ਦੋਹਾਂ ਬੱਚਿਆਂ ਨੂੰ ਤਾਲੀਮ ਦਿਵਾਈ। ਦਿੱਲੀ ਵਰਗੇ ਮੈਟਰੋਪੋਲੀਟਨ ਸ਼ਹਿਰ ਵਿਚ ਇਕੱਲੇ ਵਿਅਕਤੀ ਦੀ ਤਨਖ਼ਾਹ ਨਾਲ ਪੜ੍ਹਾਉਣਾ ਬਹੁਤ ਔਖਾ ਹੁੰਦਾ ਹੈ। ਉਸ ਦਾ ਵੱਡਾ ਸਪੁੱਤਰ ਡਾਕਟਰ ਹੈ, ਛੋਟਾ ਸਪੁੱਤਰ ਆਪਣਾ ਕਾਰੋਬਾਰ ਕਰਦਾ ਹੈ। ਫ਼ਕੀਰ ਸਿੰਘ ਨੇ ਦੋਹਾਂ ਬੱਚਿਆਂ ਦੇ ਦੋ-ਦੋ ਵਾਰ ਵਿਆਹ ਕਰਵਾਏ ਕਿਉਂਕਿ ਉਹ ਆਪਣੇ ਵਿਆਹਾਂ ਵਿਚ ਵੀ ਚੰਗੇ ਪਤੀ ਸਾਬਤ ਨਹੀਂ ਹੋਏ। ਬੈਂਕ ਦੀ ਨੌਕਰੀ ਤੋਂ ਸੇਵਾਮੁਕਤੀ ਤੋਂ ਬਾਅਦ ਵੀ ਉਹ ਪਤੀ-ਪਤਨੀ ਆਪਣੇ ਸਪੁੱਤਰਾਂ ਕੋਲ ਚਲੇ ਜਾਂਦੇ ਸਨ। ਫ਼ਕੀਰ ਸਿੰਘ ਬੱਚਿਆਂ ਦੇ ਸੁਨਹਿਰੇ ਭਵਿੱਖ ਲਈ ਨੌਕਰੀ ਤੋਂ ਇਲਾਵਾ ਹੋਰ ਕੰਮ ਵੀ ਕਰਦਾ ਰਿਹਾ। ਇੱਥੋਂ ਤੱਕ ਕਿ ਬੱਚਿਆਂ ਨੂੰ ਪਰਵਾਸ ਵਿਚ ਸੈਟ ਕਰਵਾਉਣ ਲਈ ਸੇਵਾਮੁਕਤੀ ਤੋਂ ਬਾਅਦ ਵੀ ਉਹ ਪ੍ਰਾਈਵੇਟ ਇੱਕ ਬੈਂਕ ਵਿਚ ਨੌਕਰੀ ਕਰਦਾ ਰਿਹਾ। ਘਰ ਵੀ ਰਾਤ ਨੂੰ ਅੱਧੀ-ਅੱਧੀ ਰਾਤ ਤੱਕ ਕੰਮ ਕਰਕੇ ਪਰਿਵਾਰ ਦਾ ਗੁਜ਼ਾਰਾ ਕਰਦਾ ਰਿਹਾ। ਕਈ ਵਾਰ ਦੋਵਾਂ ਦੋਸਤਾਂ ਨੇ ਕਹਿਣਾ ਕਿ ਐਨਾ ਕੰਮ ਨਾ ਕਰਿਆ ਕਰ, ਸਗੋਂ ਆਪਣੀ ਸਿਹਤ ਦਾ ਧਿਆਨ ਵੀ ਰੱਖਣਾ ਜ਼ਰੂਰੀ ਹੁੰਦਾ ਹੈ ਪ੍ਰੰਤੂ ਉਹ ਲਗਾਤਾਰ ਰਾਤ-ਬਰਾਤੇ ਕੰਮ ਕਰਦਾ ਰਿਹਾ।

ਦੋ ਸਾਲ ਪਹਿਲਾਂ ਜਦੋਂ ਉਹ ਆਪਣੇ ਛੋਟੇ ਪੁੱਤਰ ਕੋਲ ਪ੍ਰਵਾਸ ਵਿਚ ਰਹਿ ਰਹੇ ਸਨ, ਤਾਂ ਫ਼ਕੀਰ ਸਿੰਘ ਦੀ ਪਤਨੀ ਸਵਰਗ ਸਿਧਾਰ ਗਈ ਸੀ। ਪਤਨੀ ਦੀ ਮੌਤ ਤੋਂ ਬਾਅਦ ਉਹ ਇਕੱਲਾਪਣ ਮਹਿਸੂਸ ਕਰਨ ਲੱਗ ਪਿਆ। ਇੱਕ ਸਾਲ ਤੋਂ ਫ਼ਕੀਰ ਸਿੰਘ ਇਕੱਲਾ ਹੀ ਦਿੱਲੀ ਵਿਖੇ ਆਪਣੇ ਫਲੈਟ ਵਿਚ ਰਹਿ ਰਿਹਾ ਸੀ। ਅਪ੍ਰੈਲ 2024 ਵਿਚ ਉਸ ਨੇ ਦੋਹਾਂ ਦੋਸਤਾਂ ਨੂੰ ਫ਼ੋਨ ਕਰਕੇ ਦੱਸਿਆ ਕਿ ਉਸ ਦੀ ਸਿਹਤ ਠੀਕ ਨਹੀਂ ਰਹਿੰਦੀ, ਤਾਂ ਦੋਹਾਂ ਦੋਸਤਾਂ ਨੇ ਉਸ ਨੂੰ ਕਿਹਾ ਕਿ ਉਹ ਫਲੈਟ ਵੇਚਕੇ ਸਾਡੇ ਕੋਲ ਚੰਡੀਗੜ੍ਹ ਦੇ ਨੇੜੇ ਜੀਰਕਪੁਰ ਜਾਂ ਪਟਿਆਲਾ ਵਿਖੇ ਛੋਟਾ ਜਿਹਾ ਮਕਾਨ ਮੁੱਲ ਲੈ ਕੇ ਰਹਿਣ ਲੱਗ ਜਾਵੇ, ਤਾਂ ਜੋ ਉਹ ਉਸ ਦਾ ਧਿਆਨ ਰੱਖ ਸਕਣ। ਪਟਿਆਲਾ ਨੇੜੇ ਉਸਦੀ ਭੂਆ ਦੇ ਲੜਕੇ ਵੀ ਰਹਿੰਦੇ ਹਨ। ਰਮਣੀਕ ਸਿੰਘ ਨੇ ਫ਼ਕੀਰ ਸਿੰਘ ਨੂੰ ਆਪਣੇ ਫਲੈਟ ਵਿਚ ਆ ਕੇ ਰਹਿਣ ਦੀ ਪੇਸ਼ਕਸ਼ ਵੀ ਕੀਤੀ ਕਿਉਂਕਿ ਦਿੱਲੀ ਤਾਂ ਉਸਦਾ ਆਪਣਾ ਕੋਈ ਨਹੀਂ ਰਹਿੰਦਾ ਪ੍ਰੰਤੂ ਉਸ ਦਾ ਦਿੱਲੀ ਦਾ ਤੇ ਬੈਂਕ ਦੇ ਦੋਸਤਾਂ ਦਾ ਮੋਹ ਇੰਝ ਕਰਨ ਤੋਂ ਰੋਕਦਾ ਰਿਹਾ। ਜੂਨ ਦੇ ਮਹੀਨੇ ਉਸਨੇ ਆਪਣੇ ਦੋਵੇਂ ਬਜ਼ੁਰਗ ਦੋਸਤਾਂ ਨੂੰ ਦੱਸਿਆ ਕਿ ਉਹ ਬਹੁਤ ਕਮਜ਼ੋਰ ਹੋ ਗਿਆ ਹੈ। ਦੋਸਤਾਂ ਨੇ ਕਿਹਾ ਕਿ ਥੋੜ੍ਹੀ ਗਰਮੀ ਘੱਟ ਜਾਵੇ, ਫਿਰ ਤੁਹਾਨੂੰ ਮਿਲਕੇ ਜਾਵਾਂਗੇ ਤੇ ਜੇ ਤੂੰ ਠੀਕ ਸਮਝੇਂਗਾ, ਤਾਂ ਆਪਣੇ ਕੋਲ ਲੈ ਆਵਾਂਗੇ। ਪ੍ਰੰਤੂ ਉਹ ਮੌਕਾ ਆ ਨਹੀਂ ਸਕਿਆ ਤੇ ਫ਼ਕੀਰ ਸਿੰਘ ਆਪਣੇ ਫਲੈਟ ਵਿਚ ਅਲਵਿਦਾ ਕਹਿ ਗਿਆ, ਜਿਸਦਾ ਇੱਕ ਦਿਨ ਬਾਅਦ ਪਤਾ ਲੱਗਾ। ਮਾਪੇ ਪੰਜਾਬ ਵਿਚ ਆਪਣੀ ਔਲਾਦ ਲਈ ਤਰਸਦੇ ਇਸ ਸੰਸਾਰ ਤੋਂ ਵਿਦਾ ਹੋ ਜਾਂਦੇ ਹਨ।

ਹਾਲਾਤ ਇਹ ਬਣੇ ਕਿ ਫ਼ਕੀਰ ਸਿੰਘ ਦੀ ਲਾਸ਼ ਦਿੱਲੀ ਦੇ ਸਰਕਾਰੀ ਹਸਪਤਾਲ ਦੇ ਮੁਰਦਘਾਟ ਵਿਚ ਕਈ ਦਿਨ ਪਈ ਪ੍ਰਵਾਸ ਵਿਚ ਵਸੇ ਆਪਣੇ ਪੁੱਤਰਾਂ ਨੂੰ ਉਡੀਕਦੀ ਰਹੀ। ਦਿੱਲੀ ਰੋਹਿਨੀ ਦੀ ਇੱਕ ਰਿਹਾਇਸ਼ੀ ਸੋਸਾਇਟੀ ਦੇ ਪ੍ਰਧਾਨ ਜਿਥੇ ਫ਼ਕੀਰ ਸਿੰਘ ਆਪਣੇ ਫਲੈਟ ਵਿਚ ਰਹਿ ਰਿਹਾ ਸੀ, ਨੇ ਫ਼ਕੀਰ ਸਿੰਘ ਦੇ ਇੱਕ ਲੜਕੇ ਨੂੰ ਜਦੋਂ ਪਿਤਾ ਦੀ ਮੌਤ ਦੀ ਖ਼ਬਰ ਦਿੱਤੀ, ਤਾਂ ਲੜਕੇ ਨੇ ਬਹੁਤੀ ਸੰਜੀਦਗੀ ਨਹੀਂ ਵਿਖਾਈ। ਸੋਸਾਇਟੀ ਦੇ ਪ੍ਰਧਾਨ ਨੂੰ ਗੁੱਸਾ ਆ ਗਿਆ, ਤਾਂ ਉਸਨੇ ਲੜਕੇ ਦੀ ਲਾਹ-ਪਾਹ ਕੀਤੀ, ਫਿਰ ਉਸ ਨੇ ਕਿਹਾ, ਉਹ ਆਵੇਗਾ। ਫਿਰ ਉਸ ਲੜਕੇ ਨੇ ਰਮਣੀਕ ਸਿੰਘ ਨੂੰ ਕੈਨੇਡਾ ਤੋਂ ਫ਼ੋਨ ਕਰਕੇ ਫ਼ਕੀਰ ਸਿੰਘ ਦੀ ਮੌਤ ਦੀ ਸੂਚਨਾ ਦਿੰਦਿਆਂ ਕਿਹਾ ਕਿ ਉਹ ਦਿੱਲੀ ਆ ਕੇ ਫ਼ੋਨ ਕਰੇਗਾ ਪ੍ਰੰਤੂ ਅਜੇ ਟਿਕਟ ਨਹੀਂ ਮਿਲ ਰਹੇ। ਉਸ ਨੇ ਇਹ ਖ਼ਬਰ ਹਰਦੀਪ ਸਿੰਘ ਤੱਕ ਪਹੁੰਚਾਉਣ ਨੂੰ ਵੀ ਕਿਹਾ। ਹਫ਼ਤਾ ਬਾਅਦ ਰਮਣੀਕ ਸਿੰਘ ਨੇ ਉਸ ਲੜਕੇ ਨੂੰ ਪ੍ਰਵਾਸ ਵਿਚ ਫੋਨ ਕੀਤਾ, ਤਾਂ ਫੋਨ ਫਕੀਰ ਸਿੰਘ ਦੇ ਵੱਡੇ ਲੜਕੇ ਨੇ ਚੁੱਕਿਆ, ਜਿਹੜਾ ਦੂਜੇ ਦੇਸ਼ ਤੋਂ ਆਪਣੇ ਭਰਾ ਕੋਲ ਉਸ ਦੇ ਦੇਸ਼ ਗਿਆ ਸੀ। ਰਮਣੀਕ ਸਿੰਘ ਨੇ ਕਿਹਾ, ਤੁਸੀਂ ਅਜੇ ਤੱਕ ਕਿਉਂ ਨਹੀਂ ਆਏ? ਤਾਂ ਉਹ ਲੜਕਾ ਬੇਰੁਖੀ ਨਾਲ ਬੋਲਿਆ ਕਿ ਟਿਕਟਾਂ ਨਹੀਂ ਮਿਲ ਰਹੀਆਂ। ਰਮਣੀਕ ਸਿੰਘ ਨੇ ਇਹ ਸੂਚਨਾ ਹਰਦੀਪ ਸਿੰਘ ਨੂੰ ਦਿੱਤੀ। ਹਰਦੀਪ ਸਿੰਘ ਨੇ ਤੇ ਫਕੀਰ ਸਿੰਘ ਦੀ ਭੂਆ ਦੇ ਲੜਕੇ ਨੂੰ ਵੀ ਮੰਦਭਾਗੀ ਖ਼ਬਰ ਦੇ ਦਿੱਤੀ। ਉਸ ਨੇ ਸੋਸਾਇਟੀ ਦੇ ਪ੍ਰਧਾਨ ਦਾ ਨੰਬਰ ਲੱਭਕੇ ਉਸ ਨਾਲ ਗੱਲ ਕੀਤੀ। ਪ੍ਰਧਾਨ ਨੇ ਦੱਸਿਆ ਕਿ ਅਜੇ ਤੱਕ ਕੋਈ ਆਇਆ ਨਹੀਂ। ਫਕੀਰ ਸਿੰਘ ਦੀ ਭੂਆ ਦਾ ਲੜਕਾ ਸਪੁੱਤਰਾਂ ਦੀ ਬੇਰੁਖੀ ਕਰਕੇ ਆਪ ਦਿੱਲੀ ਜਾ ਕੇ ਸਸਕਾਰ ਕਰਨ ਦੀ ਕਹਿ ਰਿਹਾ ਸੀ ਪ੍ਰੰਤੂ ਖ਼ੂਨ ਦੇ ਰਿਸ਼ਤੇ ਤੋਂ ਬਿਨਾ ਲਾਸ਼ ਨਹੀਂ ਮਿਲਣੀ ਸੀ। ਜਦੋਂ ਦੋਵੇਂ ਬੱਚੇ ਨਾ ਆਏ, ਤਾਂ ਪੁਲਿਸ ਇੰਸਪੈਕਟਰ ਨੇ ਸੋਸਾਇਟੀ ਦੇ ਪ੍ਰਧਾਨ ਤੋਂ ਨੰਬਰ ਲੈ ਕੇ ਪ੍ਰਵਾਸ ਵਿਚ ਫ਼ਕੀਰ ਸਿੰਘ ਦੇ ਲੜਕੇ ਨੂੰ ਫ਼ੋਨ ਕੀਤਾ ਕਿ ਜੇ ਤੁਸੀਂ ਆਉਂਦੇ ਨਹੀਂ, ਹਸਪਤਾਲ ਵਾਲੇ ਲਾਸ਼ ਇਸ ਤੋਂ ਵੱਧ ਨਹੀਂ ਰੱਖਦੇ। ਉਲਟਾ ਫਕੀਰ ਸਿੰਘ ਦਾ ਲੜਕਾ ਕਹਿਣ ਲੱਗਾ, ਤੁਸੀਂ ਕਦੇ ਵਿਦੇਸ਼ ਆਏ ਹੋ, ਤੁਹਾਨੂੰ ਪਤਾ ਸਾਨੂੰ ਵੀਜ਼ਾ ਨਹੀਂ ਮਿਲ ਰਿਹਾ। ਪੁਲਿਸ ਇੰਸਪੈਕਟਰ ਨੇ ਕਿਹਾ, ਤੁਸੀਂ ਮੇਰੇ ਵਿਦੇਸ਼ ਆਉਣ ਬਾਰੇ ਪੁੱਛ ਰਹੇ ਹੋ, ਤੁਹਾਡੇ ਬਾਪ ਦੀ ਲਾਸ਼ ਰੁਲ ਰਹੀ ਹੈ। ਰਮਣੀਕ ਸਿੰਘ ਨੇ 10 ਦਿਨਾਂ ਬਾਅਦ ਫਕੀਰ ਸਿੰਘ ਦੇ ਛੋਟੇ ਲੜਕੇ ਨੂੰ ਫ਼ੋਨ ਕੀਤਾ, ਤਾਂ ਉਸ ਨੇ ਦੱਸਿਆ ਕਿ ਉਹ ਦਿੱਲੀ ਆ ਗਏ ਹਨ ਤੇ ਹੁਣ ਥਾਣੇ ਜਾ ਰਹੇ ਹਨ। ਥਾਣੇ ਤੋਂ ਕਲੀਅਰੈਂਸ ਲੈ ਕੇ ਲਾਸ਼ ਮਿਲੇਗੀ। ਜਦੋਂ ਲਾਸ਼ ਮਿਲ ਗਈ, ਤਾਂ ਤੁਹਾਨੂੰ ਦੱਸ ਦਿਆਂਗੇ। ਪ੍ਰੰਤੂ ਅੱਜ ਤੱਕ ਲੜਕਿਆਂ ਦਾ ਮੁੜਕੇ ਫ਼ੋਨ ਨਹੀਂ ਆਇਆ। ਪਤਾ ਲੱਗਾ ਹੈ ਕਿ ਲੜਕਿਆਂ ਨੇ ਕਿਸੇ ਰਿਸ਼ਤੇਦਾਰ ਨੂੰ ਨਹੀਂ ਬੁਲਾਇਆ, ਲਾਸ਼ ਦਾ ਸਸਕਾਰ ਕਰਕੇ ਸੋਸਾਇਟੀ ਦੇ ਗੁਰਦੁਆਰਾ ਸਾਹਿਬ ਅਖੰਡ ਪਾਠ ਪ੍ਰਕਾਸ਼ ਕਰਵਾਕੇ ਕਿਸੇ ਹੋਰ ਵਿਅਕਤੀ ਨੂੰ ਪਾਠ ਦੀ ਵੇਖ-ਰੇਖ ਦੀ ਜ਼ਿੰਮੇਵਾਰੀ ਦੇ ਕੇ ਚਲੇ ਗਏ। ਭੋਗ ਪੈਣ ਤੋਂ ਅੱਧਾ ਘੰਟਾ ਪਹਿਲਾਂ ਆਏ। ਪਤਾ ਲੱਗਾ ਹੈ, ਹੁਣ ਦੋਵੇਂ ਬੱਚੇ ਫਲੈਟ ਨੂੰ ਆਪਣੇ ਨਾਮ ਕਰਵਾਕੇ ਵੇਚਣ ਵਿਚ ਲੱਗੇ ਹੋਏ ਹਨ। ਪ੍ਰਵਾਸ ਵਿਚ ਵਸੇ ਬੱਚਿਆਂ ਦੀ ਅਜਿਹੀ ਮਾਨਸਿਕਤਾ ਬਜ਼ੁਰਗਾਂ ਦੀ ਤ੍ਰਾਸਦੀ ਦੀ ਮੂੰਹ ਬੋਲਦੀ ਤਸਵੀਰ ਹੈ। ਪੰਜਾਬੀਓ, ਬੱਚਿਆਂ ਨੂੰ ਪ੍ਰਵਾਸ ਵਿਚ ਭੇਜਣ ਸਮੇਂ ਆਪਣੇ ਬੁਢਾਪੇ ਵਿਚ ਵੇਖਭਾਲ ਦਾ ਪ੍ਰਬੰਧ ਜ਼ਰੂਰ ਕਰ ਲੈਣਾ, ਨਹੀਂ ਤਾਂ ਫ਼ਕੀਰ ਸਿੰਘ ਵਾਲਾ ਹਾਲ ਹੋਵੇਗਾ।




Editorial Board

**Chief Editor**
Gurjatinder Singh Randhawa

**Sub Editors**
Sandeep Kumar
Amit Saini

**Distributor**
Jai Singh

**Website**
Nikhil

Punjab Mail USA
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.
ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



# ਅਕਾਲੀ ਫੂਲਾ ਸਿੰਘ ਤੋਂ ਬਾਅਦ ਸ੍ਰੀ ਅਕਾਲ ਤਖ਼ਤ ਦਾ ਇਤਿਹਾਸਕ ਫ਼ੈਸਲਾ



ਸ੍ਰੀ ਅਕਾਲ ਤਖ਼ਤ ਸਾਹਿਬ ਦੇ ਇਤਿਹਾਸਕ ਫ਼ੈਸਲੇ ਤੋਂ ਬਾਅਦ ਸਿੱਖ ਸੰਗਤ ਬਾਗੋ-ਬਾਗ ਹੋ ਗਈ ਕਿਉਂਕਿ ਇਸ ਤੋਂ ਪਹਿਲਾਂ ਕੁਝ ਜਥੇਦਾਰ ਸਾਹਿਬਾਨ ਵੱਲੋਂ ਸਿੱਖਾਂ ਦੀ ਸਰਵੋਤਮ ਸੰਸਥਾ ਦੇ ਵਕਾਰ ਨੂੰ ਠੇਸ ਪਹੁੰਚਾਈ ਜਾ ਰਹੀ ਸੀ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਹੋਰ ਅਕਾਲੀ ਨੇਤਾਵਾਂ ਵੱਲੋਂ ਕੀਤੀਆਂ ਗਈਆਂ ਗ਼ਲਤੀਆਂ/ਬਜ਼ਰ ਗੁਨਾਹਾਂ ਸੰਬੰਧੀ ਦਿੱਤੇ ਗਏ ਫ਼ੈਸਲਿਆਂ ਨੇ ਅਕਾਲੀ ਫੂਲਾ ਸਿੰਘ ਦੇ ਫ਼ੈਸਲਿਆਂ ਦੀ ਯਾਦ ਮੁੜ ਤਾਜ਼ਾ ਕਰਵਾ ਦਿੱਤੀ ਹੈ। ਇਹ ਹੁਕਮਨਾਮਾ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋਂ ਗਿਆਨੀ ਰਘਬੀਰ ਸਿੰਘ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਗਿਆਨੀ ਹਰਪ੍ਰੀਤ ਸਿੰਘ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ, ਗਿਆਨੀ ਸੁਲਤਾਨ ਸਿੰਘ ਜਥੇਦਾਰ ਸ੍ਰੀ ਕੇਸਗੜ੍ਹ ਸਾਹਿਬ ਅਤੇ ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਗਿਆਨੀ ਗੁਰਮਿੰਦਰ ਸਿੰਘ ਨੇ ਸੁਣਾਇਆ। ਸ੍ਰੀ ਅਕਾਲ ਤਖ਼ਤ ਸਾਹਿਬ ਦਾ ਇਹ ਮਿਸਾਲੀ ਇਤਿਹਾਸਕ ਫ਼ੈਸਲਾ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਤੇ ਖੁੱਸੀ ਮਾਣ-ਮਰਿਆਦਾ ਨੂੰ ਬਹਾਲ ਕਰਨ ਵਿਚ ਵੱਡਾ ਕਦਮ ਹੈ। ਇਸ ਫ਼ੈਸਲੇ ਤੋਂ ਬਾਅਦ ਭਵਿੱਖ ਵਿਚ ਅਕਾਲੀ ਦਲ ਦੇ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੇ ਨੇਤਾ ਪੰਥ ਵਿਰੋਧੀ ਗ਼ਲਤ ਫ਼ੈਸਲੇ ਨਾ ਤਾਂ ਕਰਵਾ ਸਕਣਗੇ ਅਤੇ ਨਾ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਪੰਜ ਤਖ਼ਤਾਂ ਦੇ ਜਥੇਦਾਰ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੱਥ-ਠੋਕੇ ਬਣਨ ਦਾ ਹੌਂਸਲਾ ਕਰਨਗੇ। ਇਸ ਇਤਿਹਾਸਕ ਫ਼ੈਸਲੇ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਪੰਜਾਂ ਤਖ਼ਤਾਂ ਦੇ ਜਥੇਦਾਰਾਂ ਦਾ ਵਕਾਰ ਅਤੇ ਮਾਣ-ਮਰਿਆਦਾ ਨੂੰ ਬਰਕਰਾਰ ਕਰ ਦਿੱਤਾ ਹੈ। ਇਨ੍ਹਾਂ ਫ਼ੈਸਲਿਆਂ ਕਰਕੇ ਜਥੇਦਾਰ ਸਾਹਿਬਾਨ ਵਧਾਈ ਦੇ ਪਾਤਰ ਹਨ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪੰਚ ਪ੍ਰਧਾਨੀ ਪ੍ਰਣਾਲੀ ਨੂੰ ਹੋਏ ਨੁਕਸਾਨ ਦੀ ਭਰਪਾਈ ਵੀ ਹੋ ਗਈ ਹੈ। ਇਹ ਪਹਿਲੀ ਵਾਰ ਹੋਇਆ ਹੈ ਕਿ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨੇਤਾਵਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਨੇ ਆਹਮੋ-ਸਾਹਮਣੇ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹਾਜ਼ਰ-ਨਾਜ਼ਰ ਜਾਣਕੇ ਉਨ੍ਹਾਂ ਵੱਲੋਂ ਕੀਤੇ ਗ਼ਲਤ ਫ਼ੈਸਲਿਆਂ/ਬਜ਼ਰ ਗੁਨਾਹਾਂ ਨੂੰ ਸਿੱਧੇ ਸਵਾਲ ਕਰਕੇ ਹਾਂ ਜਾਂ ਨਾਂਹ ਵਿਚ ਜਵਾਬ ਦੇਣ ਲਈ ਕਿਹਾ ਹੋਵੇ। ਕੋਈ ਵੀ ਸਿਆਸੀ ਨੇਤਾ ਆਪਣੇ ਗੁਨਾਹਾਂ ਬਾਰੇ ਸੱਚਾਈ ਮੰਨਣ ਲਈ ਝਿਜਕਿਆ ਨਹੀਂ। ਇਸ ਤੋਂ ਪਹਿਲਾਂ ਇਨ੍ਹਾਂ ਨੇਤਾਵਾਂ ਨੇ ਕਦੀਂ ਵੀ ਆਪਣੀਆਂ ਗ਼ਲਤੀਆਂ ਨਹੀਂ ਮੰਨੀਆਂ ਸਨ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਜੀ ਨੇ ਪੂਰਾ ਹੋਮਵਰਕ ਕੀਤਾ ਹੋਇਆ ਸੀ। ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨੇਤਾਵਾਂ ਦੀਆਂ ਗ਼ਲਤੀਆਂ ਦੇ ਤੱਥਾਂ ਸਮੇਤ ਪੂਰੇ ਸਬੂਤ ਉਨ੍ਹਾਂ ਕੋਲ ਮੌਜੂਦ ਸਨ। ਇਸ ਲਈ ਕੋਈ ਨੇਤਾ ਝੂਠ ਦਾ ਸਹਾਰਾ ਨਹੀਂ ਲੈ ਸਕਿਆ। ਸ਼੍ਰੋਮਣੀ ਅਕਾਲੀ ਦਲ ਦੀ ਮੋਗਾ ਕਾਨਫਰੰਸ ਦੌਰਾਨ ਅਕਾਲੀ ਦਲ ਨੇ ਪੰਥਕ ਹਿੱਤਾਂ ਤੋਂ ਦੂਰ ਹੋ ਕੇ ਸ਼੍ਰੋਮਣੀ ਅਕਾਲੀ ਦਲ ਨੂੰ ਪੰਜਾਬੀ ਪਾਰਟੀ ਦਾ ਰੂਪ ਦੇ ਦਿੱਤਾ, ਤਾਂ ਜੋ ਸਿਆਸੀ ਤਾਕਤ ਸਦਾ ਉਨ੍ਹਾਂ ਦੀ ਝੋਲੀ ਵਿਚ ਪੈਂਦੀ ਰਹੇ। ਭਗਤੀ ਤੇ ਸ਼ਕਤੀ ਦੇ ਕੇਂਦਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਦੁਰਵਰਤੋਂ ਕਰਨਾ, ਜਥੇਦਾਰ ਸਾਹਿਬਾਨ ਨੂੰ ਆਪਣੇ ਘਰ ਬੁਲਾਉਣਾ ਬਾਦਲ ਪਰਿਵਾਰ ਦੀ ਸਿਆਸੀ ਤਾਕਤ ਨੂੰ ਖੋਖਲਾ ਕਰਨ ਵਿਚ ਕਾਰਗਰ ਸਾਬਤ ਹੋਇਆ ਹੈ। ਪੰਥਕ ਵਿਚਾਰਧਾਰਾ ਤੋਂ ਕਿਨਾਰਾ ਕਰਨ ਕਰਕੇ ਸ. ਪ੍ਰਕਾਸ਼ ਸਿੰਘ ਬਾਦਲ ਕੌਮੀ ਨੇਤਾ ਬਣਨਾ ਚਾਹੁੰਦੇ ਸਨ ਤੇ ਬਣ ਵੀ ਗਏ ਸਨ ਪ੍ਰੰਤੂ ਫਿਰ ਵੀ ਫ਼ਖ਼ਰੇ-ਕੌਮ ਪੰਥਕ ਸੋਚ ਨੂੰ ਤਿਲਾਂਜ਼ਲੀ ਦੇਣ ਕਰਕੇ ਤੱਤਕਾਲੀ ਜਥੇਦਾਰ ਸਾਹਿਬਾਨ ਦੀ ਕ੍ਰਿਪਾ ਨਾਲ ਪ੍ਰਾਪਤ ਕੀਤਾ। ਉਸ ਸਮੇਂ ਦੇ ਜਥੇਦਾਰ ਸਾਹਿਬਾਨ ਨੇ ਕੋਈ ਕਿੰਤੂ-ਪ੍ਰੰਤੂ ਨਹੀਂ ਕੀਤਾ। 2007 ਤੋਂ 2017 ਤੱਕ ਦੇ ਸਮੇਂ ਦੌਰਾਨ ਮਰਹੂਮ ਸ. ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਦੀ ਅਗਵਾਈ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸੀ। ਉਸ ਸਮੇਂ ਦੌਰਾਨ ਸਰਕਾਰ ਦੀਆਂ ਕਾਰਵਾਈਆਂ ਪੰਥਕ ਸੋਚ ਨੂੰ ਖ਼ੋਰਾ ਲਗਾਉਂਦੀਆਂ ਰਹੀਆਂ। ਸ. ਸੁਖਬੀਰ ਸਿੰਘ ਬਾਦਲ ਅਤੇ ਬਾਕੀ ਅਕਾਲੀ ਨੇਤਾ ਉਸ ਸਰਕਾਰ ਵਿਚ ਹਿੱਸੇਦਾਰ ਸਨ ਅਤੇ ਉਹ ਪੰਥਕ ਵਿਚਾਰਧਾਰਾ ਨੂੰ ਛਿੱਕੇ ’ਤੇ ਟੰਗ ਕੇ ਸਿਆਸੀ ਤਾਕਤ ਦਾ ਆਨੰਦ ਮਾਣਦੇ ਰਹੇ। ਪੰਥ ਦੇ ਹਿੱਤਾਂ ਨੂੰ ਅੱਖੋਂ-ਪਰੋਖੇ ਕਰਦੇ ਰਹੇ। ਸਿਰਸਾ ਡੇਰੇ ਦੇ ਮੁਖੀ ਰਾਮ ਰਹੀਮ ਨੂੰ ਮੁਆਫੀ ਦੇਣਾ, ਮੁਆਫ਼ੀ ਨੂੰ ਸਹੀ ਸਾਬਤ ਕਰਨ ਲਈ 90 ਲੱਖ ਤੋਂ ਉਪਰ ਦੇ ਅਖ਼ਬਾਰਾਂ ਵਿਚ ਇਸ਼ਤਿਹਾਰ ਦੇਣਾ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਰਗਾ ਪਹਿਰਾਵਾ ਪਾ ਕੇ ਨਕਲ ਕਰਨਾ, ਉਸ ਵਿਰੁੱਧ ਕੇਸ ਕੋਰਟ ਵਿਚੋਂ ਵਾਪਸ ਲੈਣਾ, ਸੁਮੇਧ ਸਿੰਘ ਸੈਣੀ ਨੂੰ ਡੀ.ਜੀ.ਪੀ. ਲਗਾਉਣਾ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ’ਤੇ ਕੋਈ ਸਾਰਥਕ ਫ਼ੈਸਲਾ ਨਾ ਕਰਨਾ, ਕੋਟਕਪੂਰਾ ਤੇ ਬਹਿਬਲ ਕਲਾਂ ਦੇ ਕਾਂਡ ਹੋਏ, ਪੰਜਾਬ ਪੁਲਿਸ ਨੇ ਗੋਲੀਆਂ ਚਲਾਕੇ ਦੋ ਨੌਜਵਾਨ ਸ਼ਹੀਦ ਕੀਤੇ ਪ੍ਰੰਤੂ ਸਰਕਾਰ ਨੇ ਕੋਈ ਇਨਸਾਫ਼ ਨਹੀਂ ਦਿੱਤਾ। ਇਹ ਸਾਰੇ ਕੰਮ ਪੰਥ ਵਿਰੋਧੀ ਸਨ। ਸਰਕਾਰ ਗੁਨਾਹ ਕਰਨ ਵਾਲਿਆਂ ਦੀ ਪੁਸ਼ਤ-ਪਨਾਹੀ ਕਰਦੀ ਰਹੀ। ਬਾਦਲ ਪਰਿਵਾਰ ਤਖ਼ਤਾਂ ਦੇ ਜਥੇਦਾਰ ਸਾਹਿਬਾਨ ਨੂੰ ਆਪਣੀ ਮਰਜ਼ੀ ਅਨੁਸਾਰ ਸਿਆਸੀ ਹਿੱਤਾਂ ਲਈ ਵਰਤਦੇ ਰਹੇ। ਜਥੇਦਾਰ ਸਾਹਿਬਾਨ ਨੇ ਪੰਥਕ ਹਿੱਤਾਂ ’ਤੇ ਪਹਿਰਾ ਦਿੰਦਿਆਂ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੂੰ ਸੁਖਬੀਰ ਸਿੰਘ ਬਾਦਲ ਸਮੇਤ ਜਿਹੜੇ ਨੇਤਾਵਾਂ ਨੇ ਅਸਤੀਫ਼ੇ ਦਿੱਤੇ ਹਨ, ਉਨ੍ਹਾਂ ਦੇ ਤਿੰਨ ਦਿਨਾਂ ਵਿਚ ਅਸਤੀਫ਼ੇ ਮਨਜ਼ੂਰ ਕਰਕੇ ਸ੍ਰੀ ਅਕਾਲ ਤਖ਼ਤ ਨੂੰ ਜਾਣਕਾਰੀ ਭੇਜਣ ਦੇ ਆਦੇਸ਼ ਦਿੱਤੇ। ਸਾਰੇ ਧੜੇ ਖ਼ਤਮ ਹੋਣਗੇ, ਦਾਗੀ ਤੇ ਬਾਗੀ ਇਕੱਠੇ ਹੋਣਗੇ, ਤਾਂ ਪੰਥ ਦੇ ਸੁਨਹਿਰੇ ਭਵਿੱਖ ਦੀ ਆਸ ਕੀਤੀ ਜਾ ਸਕਦੀ ਹੈ। ਨਵੇਂ ਸਿਰੇ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਕਰਨ ਲਈ 7 ਮੈਂਬਰੀ ਕਮੇਟੀ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿਚ ਬਣਾਕੇ 6 ਮਹੀਨੇ ਦੇ ਅੰਦਰ ਪ੍ਰਧਾਨ ਅਤੇ ਹੋਰ ਅਹੁਦੇਦਾਰਾਂ ਦੀ ਚੋਣ ਕਰਵਾਉਣ ਦੇ ਹੁਕਮ ਦਿੱਤੇ ਹਨ। ਇਸ ਕਮੇਟੀ ਦੇ ਬਾਕੀ ਮੈਂਬਰ ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ, ਇਕਬਾਲ ਸਿੰਘ ਝੂੰਦਾਂ, ਗੁਰਪ੍ਰਤਾਪ ਸਿੰਘ ਵਡਾਲਾ, ਮਨਪ੍ਰੀਤ ਸਿੰਘ ਇਆਲੀ, ਸੰਤਾ ਸਿੰਘ ਉਮੈਦਪੁਰੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਨੁਮਾਇੰਦੇ ਵਜੋਂ ਬੀਬੀ ਸਤਵੰਤ ਕੌਰ (ਸਪੁੱਤਰੀ ਸ਼ਹੀਦ ਭਾਈ ਅਮਰੀਕ ਸਿੰਘ) ਹਨ। ਇਹ ਕਮੇਟੀ ਵੀ ਨਿਰਪੱਖ ਹੋ ਕੇ ਦੋਵੇਂ ਧੜਿਆਂ ਦੇ ਬਾਰਾਬਰ ਮੈਂਬਰ ਰੱਖ ਕੇ ਬਣਾਈ ਗਈ ਹੈ। ਅਕਾਲੀ ਦਲ ਦੀ ਅਸਲੀ ਮੈਂਬਰਸ਼ਿਪ ਆਧਾਰ ਕਾਰਡ ਦੇ ਸਬੂਤਾਂ ਅਨੁਸਾਰ ਹੋਣ ਨੂੰ ਯਕੀਨੀ ਬਣਾਉਣਾ ਹੋਵੇਗਾ। ਅਖ਼ਬਾਰਾਂ ਲਈ ਦਿੱਤੇ ਇਸ਼ਤਿਹਾਰਾਂ ਦੀ ਰਕਮ ਨੇਤਾਵਾਂ ਤੋਂ ਵਿਆਜ ਸਮੇਤ ਵਾਪਸ ਲੈਣ ਦਾ ਹੁਕਮ ਸ਼ਲਾਘਾਯੋਗ ਹੈ। ਸੁਖਬੀਰ ਸਿੰਘ ਬਾਦਲ, ਸੁਖਦੇਵ ਸਿੰਘ ਢੀਂਡਸਾ, ਬਲਵਿੰਦਰ ਸਿੰਘ ਭੂੰਦੜ, ਸੁੱਚਾ ਸਿੰਘ ਲੰਗਾਹ, ਹੀਰਾ ਸਿੰਘ ਗਾਬੜੀਆ, ਗੁਲਜ਼ਾਰ ਸਿੰਘ ਰਣੀਕੇ ਤੇ ਡਾ. ਦਲਜੀਤ ਸਿੰਘ ਚੀਮਾ ਅਖ਼ਬਾਰਾਂ ਦੇ ਬਿਲਾਂ ਦੀ ਰਕਮ ਵਿਆਜ਼ ਸਮੇਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਖਾਤੇ ਵਿਚ ਜਮ੍ਹਾਂ ਕਰਵਾਉਣਗੇ। ਸ੍ਰੀ ਅਕਾਲ ਤਖ਼ਤ ਦੇ ਇਨ੍ਹਾਂ ਫ਼ੈਸਲਿਆਂ ਨਾਲ ਸਿੱਖ ਪੰਥ ਦੇ ਨੁਮਾਇੰਦਿਆਂ ਨੂੰ ਥੋੜ੍ਹੀ ਰਾਹਤ ਮਹਿਸੂਸ ਹੋਈ ਹੈ। ਮਰਹੂਮ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਜਿਸਨੂੰ ਅਕਾਲੀ ਸਿਆਸਤ ਦਾ ਬਾਬਾ ਬੋਹੜ ਕਿਹਾ ਜਾਂਦਾ ਸੀ, ਉਸ ਨੂੰ ਸ੍ਰੀ ਅਕਾਲ ਤਖ਼ਤ ਵੱਲੋਂ ਦਿੱਤਾ ਗਿਆ ਫ਼ਖ਼ਰ-ਏ-ਕੌਮ ਦਾ ਖ਼ਿਤਾਬ ਵਾਪਸ ਲੈਣਾ ਵਿਲੱਖਣ ਫ਼ੈਸਲਾ ਹੈ, ਇਸ ਫ਼ੈਸਲੇ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਪੰਜੇ ਤਖ਼ਤਾਂ ਦੀ ਪ੍ਰਭੁਸੱਤਾ ਦਾ ਪ੍ਰਗਟਾਵਾ ਕੀਤਾ ਹੈ।

ਸੁਖਬੀਰ ਸਿੰਘ ਬਾਦਲ ਸਮੇਤ ਸਾਰੇ ਬਾਗੀ ਤੇ ਦਾਗੀ ਨੇਤਾਵਾਂ ਨੂੰ ਦਿੱਤੀ ਗਈ ਮਿਸਾਲੀ ਧਾਰਮਿਕ ਸਜ਼ਾ ਦਰਬਾਰ ਸਾਹਿਬ ਅਧੀਨ ਸੰਗਤ ਲਈ ਬਣੇ ਬਾਥਰੂਮਾਂ ਦੀ ਸਫ਼ਾਈ ਕਰਨਾ ਤੇ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਵੱਲੋਂ ਨਿਗਰਾਨੀ ਕਰਨਾ ਆਪਣੇ ਆਪ ਵਿਚ ਨੇਤਾਵਾਂ ਲਈ ਸ਼ਰਮਨਾਕ ਹੈ। ਸੁਖਬੀਰ ਸਿੰਘ ਬਾਦਲ ਅਤੇ ਸੁਖਦੇਵ ਸਿੰਘ ਢੀਂਡਸਾ ਚੋਲਾ ਪਾ ਕੇ ਬਰਛਾ ਲੈ ਕੇ ਇੱਕ ਘੰਟਾ ਸ੍ਰੀ ਦਰਬਾਰ ਸਾਹਿਬ ਦੀ ਡਿਊੜੀ ਸਾਹਮਣੇ ਬੈਠਣਾ ਵੀ ਕੀਤੀਆਂ ਗ਼ਲਤੀਆਂ ਦਾ ਅਹਿਸਾਸ ਕਰਵਾਏਗਾ। ਇਹ ਸਾਰੇ ਨੇਤਾ ਗਿਆਰਾਂ ਦਿਨ ਬਰਤਨ ਸਾਫ ਕਰਨਗੇ, ਨਿਤਨੇਮ ਤੋਂ ਇਲਾਵਾ ਸੁਖਮਨੀ ਸਾਹਿਬ ਦਾ ਪਾਠ ਕਰਨਗੇ, ਕੀਰਤਨ ਸਰਵਣ ਕਰਨਗੇ। ਧਾਰਮਿਕ ਸਜ਼ਾ ਦੌਰਾਨ ਸਾਰੇ ਨੇਤਾ ਆਪਣੇ ਗਲਾਂ ਵਿਚ ਤਖ਼ਤੀਆਂ ਪਾਉਣਗੇ। ਇਹ ਸਜ਼ਾ ਦੋ ਦਿਨ ਸ੍ਰੀ ਹਰਿਮੰਦਰ ਸਾਹਿਬ, ਦੋ ਦਿਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਦੋ ਦਿਨ ਤਖ਼ਤ ਸ੍ਰੀ ਦਮਦਮਾ ਸਾਹਿਬ, ਦੋ ਦਿਨ ਸ੍ਰੀ ਦਰਬਾਰ ਸਾਹਿਬ ਸ੍ਰੀ ਮੁਕਤਸਰ ਸਾਹਿਬ ਅਤੇ ਦੋ ਦਿਨ ਸ੍ਰੀ ਫਤਿਹਗੜ੍ਹ ਸਾਹਿਬ ਭੁਗਤਣ ਦੇ ਆਦੇਸ਼ ਦਿੱਤੇ ਗਏ ਹਨ। ਇਸ ਤੋਂ ਇਲਾਵਾ ਜਿਹੜੇ ਤਖ਼ਤਾਂ ਦੇ ਜਥੇਦਾਰਾਂ ਨੇ ਡੇਰਾ ਸਿਰਸਾ ਨੂੰ ਮੁਆਫ਼ੀ ਦੇਣ ਸੰਬੰਧੀ ਆਪਣੇ ਸਪੱਸ਼ਟੀਕਰਨ ਭੇਜੇ ਸਨ, ਉਨ੍ਹਾਂ ਦੇ ਸਪੱਸ਼ਟੀਕਰਨ ਰੱਦ ਕਰ ਦਿੱਤੇ ਤੇ ਉਨ੍ਹਾਂ ਤਿੰਨਾਂ ਨੂੰ ਸ੍ਰੀ ਅਕਾਲ ਤਖ਼ਤ ’ਤੇ ਪੇਸ਼ ਹੋ ਕੇ ਮੁਆਫ਼ੀ ਮੰਗਣ ਦਾ ਹੁਕਮ ਕੀਤਾ ਗਿਆ ਹੈ। ਜਿਤਨੀ ਦੇਰ ਇਹ ਮੁਆਫੀ ਨਹੀਂ ਮੰਗਦੇ, ਉਤਨੀ ਦੇਰ ਪਬਲਿਕ ਸਮਾਗਮਾਂ ਵਿਚ ਬੋਲਣ ’ਤੇ ਰੋਕ ਲਗਾ ਦਿੱਤੀ ਹੈ। ਗਿਆਨੀ ਗੁਰਬਚਨ ਸਿੰਘ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਦਿੱਤੀਆਂ ਜਾਂਦੀਆਂ ਸਾਰੀਆਂ ਸਹੂਲਤਾਂ 3 ਦਸੰਬਰ 12 ਵਜੇ ਤੱਕ ਵਾਪਸ ਲੈਣ ਲਈ ਵੀ ਕਿਹਾ ਗਿਆ ਹੈ। ਗਿਆਨੀ ਗੁਰਮੁੱਖ ਸਿੰਘ ਦੀ ਬਦਲੀ ਸ੍ਰੀ ਅਕਾਲ ਤਖ਼ਤ ਤੋਂ ਬਾਹਰ ਕਰਨ ਅਤੇ ਕਿਸੇ ਵੀ ਤਖ਼ਤ ’ਤੇ ਲਗਾਉਣ ਦੀ ਮਨਾਹੀ ਕਰ ਦਿੱਤੀ ਹੈ। ਹੈਰਾਨੀ ਦੀ ਗੱਲ ਹੈ, ਜਿਹੜੇ ਜਥੇਦਾਰ ਪਹਿਲਾਂ ਧਾਰਮਿਕ ਸਜ਼ਾਵਾਂ ਲਗਾਉਂਦੇ ਸਨ, ਉਨ੍ਹਾਂ ਨੇ ਕਦੇ ਸੋਚਿਆ ਵੀ ਨਹੀਂ ਹੋਣਾ ਕਿ ਉਨ੍ਹਾਂ ਨੂੰ ਵੀ ਉਨ੍ਹਾਂ ਤਖ਼ਤਾਂ ਤੋਂ ਸਜ਼ਾ ਲਗਾਈ ਜਾ ਸਕਦੀ ਹੈ। ਹਰਵਿੰਦਰ ਸਿੰਘ ਸਰਨਾਂ ਨੂੰ ਗ਼ਲਤ ਬਿਆਨੀ ਕਰਕੇ ਤਨਖ਼ਾਹੀਆ ਕਰਾਰ ਦੇ ਦਿੱਤਾ ਗਿਆ ਹੈ। ਵਿਰਸਾ ਸਿੰਘ ਵਲਟੋਹਾ ਨੂੰ ਵੀ ਚਿਤਾਵਨੀ ਦਿੱਤੀ ਗਈ ਹੈ ਕਿ ਜੇ ਉਹ ਬਿਆਨਬਾਜ਼ੀ ਤੋਂ ਬਾਜ਼ ਨਾ ਆਇਆ, ਤਾਂ ਧਾਰਮਿਕ ਸਜ਼ਾ ਦਿੱਤੀ ਜਾਵੇਗੀ। ਬਲਵੰਤ ਸਿੰਘ ਰਾਮੂਵਾਲੀਆ, ਮਨਜਿੰਦਰ ਸਿੰਘ ਸਿਰਸਾ ਅਤੇ ਮਨਪ੍ਰੀਤ ਸਿੰਘ ਬਾਦਲ ਨੂੰ ਪਤਿਤ ਹੋਣ ਕਰਕੇ ਮੀਟਿੰਗ ’ਚੋਂ ਬਾਹਰ ਭੇਜ ਦਿੱਤਾ ਗਿਆ। ਅਕਾਲੀ ਨੇਤਾਵਾਂ ਨੂੰ ਪਹਿਲੀ ਮਾਰਚ ਤੋਂ 30 ਅਪ੍ਰੈਲ 2025 ਤੱਕ 125000 ਬੂਟੇ ਲਗਾਉਣ ਲਈ ਵੀ ਕਿਹਾ ਗਿਆ। ਸ੍ਰੀ ਅਕਾਲ ਤਖ਼ਤ ਦੇ ਫ਼ੈਸਲੇ ਤੋਂ ਬਾਅਦ ਸਿੱਖ ਜਗਤ ਵਿਚ ਸੰਤੁਸ਼ਟੀ ਆ ਗਈ ਹੈ।



# ਪੰਜਾਬ ਨੂੰ ਬਚਾਉਣ ਲਈ ਪ੍ਰਵਾਸੀਆਂ ਨੂੰ ਪੰਜਾਬ ਵਿਚ ਜ਼ਮੀਨ ਖਰੀਦਣ, ਵੋਟਰ ਕਾਰਡ ਤੇ ਆਧਾਰ ਕਾਰਡ ਬਣਾਉਣ ਵਿਰੁੱਧ ਕਾਨੂੰਨ ਬਣਾਉਣ ਦੀ ਅਹਿਮ ਲੋੜ



ਜੰਗ ਸਿੰਘ ਮਰਸੱਡ
(ਅਮਰੀਕਾ)
ਮੋਬਾਇਲ ਨੰ: +1-415-603-7380
ਪੰਜਾਬ ਮੇਲ USA


ਪੰਜਾਬ ਬਾਰੇ ਇਕ ਅਖਾਉਤ ਬੜੀ ਚਿਰ ਤੋਂ ਚੱਲੀ ਆ ਰਹੀ ਹੈ ਕਿ "ਪੰਜਾਬੀਆਂ ਨੂੰ ਨਿੱਤ ਮੁਹਿੰਮਾਂ"। ਜੇਕਰ ਇਸ 'ਤੇ ਝਾਤ ਮਾਰੀਏ, ਤਾਂ ਇਹ ਧਾਰਨਾ ਹੁਣ ਤੱਕ ਇੰਨ-ਬਿੰਨ ਸੱਚ ਸਾਬਿਤ ਹੁੰਦੀ ਆ ਰਹੀ ਹੈ। ਜੇਕਰ ਗੱਲ ਮੁਗਲਾਂ ਦੇ ਰਾਜ ਤੋਂ ਸ਼ੁਰੂ ਕਰੀਏ, ਤਾਂ ਉਨ੍ਹਾਂ ਨੂੰ ਕੱਢਣ ਵਿਚ ਵੀ ਮੁੱਖ ਤੌਰ 'ਤੇ ਭੂਮਿਕਾ ਪੰਜਾਬੀਆਂ ਦੀ ਰਹੀ ਹੈ। ਇਸੇ ਤਰ੍ਹਾਂ ਅੰਗਰੇਜ਼ਾਂ ਨੂੰ ਭਾਰਤ ਵਿਚੋਂ ਚੱਲਦਾ ਕਰਨ ਵਿਚ ਵੀ 80% ਤੋਂ ਵਧੇਰੇ ਕੁਰਬਾਨੀਆ ਪੰਜਾਬੀਆਂ ਨੂੰ ਹੀ ਦੇਣੀਆਂ ਪਈਆਂ ਹਨ। ਉਸ ਦਾ ਹੁਣ ਤੱਕ ਜੋ ਇਵਜ ਪੰਜਾਬ ਦੇ ਲੋਕਾਂ ਨੂੰ ਮਿਲਦਾ ਆ ਰਿਹਾ ਹੈ, ਉਹ ਸੰਸਾਰ ਭਰ ਦੇ ਲੋਕਾਂ ਦੇ ਸਾਹਮਣੇ ਹੈ। ਪਹਿਲਾ ਇਨਾਮ ਇਨ੍ਹਾਂ ਪੰਜਾਬੀਆਂ ਨੂੰ ਭਾਰਤ ਦੇ ਪਹਿਲੇ ਗ੍ਰਹਿ ਮੰਤਰੀ ਸ਼੍ਰੀ ਵਲਭ ਭਾਈ ਪਟੇਲ ਨੇ ਇਕ ਪੱਤਰ ਜਾਰੀ ਕਰਕੇ ਇਨ੍ਹਾਂ ਨੂੰ 'ਜਰਾਇਮ ਪੇਸ਼ਾ' ਦੱਸ ਕੇ ਇਨ੍ਹਾਂ 'ਤੇ ਕਰੜੀ ਨਜ਼ਰ ਰੱਖਣ ਦਾ ਪੱਤਰ ਜਾਰੀ ਕਰਕੇ ਦਿੱਤਾ ਸੀ। ਸੰਸਾਰ ਭਰ ਦੇ ਲੋਕ ਇਹ ਵੀ ਜਾਣਦੇ ਹਨ ਕਿ ਭਾਰਤ ਦੀ ਸਰਕਾਰ ਨੇ ਸਾਰੇ ਸੂਬੇ ਬੋਲੀਆਂ ਦੇ ਆਧਾਰ 'ਤੇ ਬਣਾ ਦਿੱਤੇ ਪਰ 'ਪੰਜਾਬੀ ਸੂਬਾ' ਬਣਾਉਣ ਵੇਲੇ ਕਿਹੜੀ ਕੜ੍ਹੀ ਘੋਲੀ ਕਿ ਪੰਜਾਬ ਦੇ ਲੋਕਾਂ ਨੂੰ ਦੋ ਦਹਾਕਿਆਂ ਤੱਕ ਦਾ ਸੰਘਰਸ਼ ਲੜ੍ਹ ਕੇ, ਅਣਗਿਣਤ ਕੁਰਬਾਨੀਆਂ ਦੇ ਕੇ ਜਿਹੜਾ ਲੂਲਾ ਲੰਗੜਾ ਪੰਜਾਬੀ ਸੂਬਾ ਦਿੱਤਾ, ਉਹ ਵੀ ਇਸ ਪ੍ਰਾਂਤ ਨਾਲ ਹੋਈ ਵੱਡੀ ਬੇਇਨਸਾਫੀ ਦੀ ਤਸਵੀਰ ਸਭ ਦੇ ਸਾਹਮਣੇ ਹੈ। ਉਸ ਦੀ ਰਾਜਧਾਨੀ 'ਚੰਡੀਗੜ੍ਹ' ਖੋਹ ਲਈ, ਉਸ ਦੇ ਪੰਜਾਬੀ ਬੋਲਦੇ ਇਲਾਕੇ ਹਰਿਆਣਾ, ਹਿਮਾਚਲ ਨੂੰ ਦੇਣ ਦੇ ਨਾਲ ਡੈਮ ਤੇ ਦਰਿਆ ਵੀ ਖੋਹ ਲਏ, ਜੋ ਹੁਣ ਤੱਕ ਨਹੀਂ ਦਿੱਤੇ ਗਏ। ਅੱਜ ਵੀ ਪੰਜਾਬ ਨੂੰ ਆਪਣੀ ਹੋਂਦ ਨੂੰ ਬਚਾਉਣ ਲਈ ਲੜਾਈ ਲੜਨੀ ਪੈ ਰਹੀ ਹੈ। ਭਾਰਤ ਭਰ ਦੇ ਬਹੁਤ ਸਾਰੇ ਪ੍ਰਾਂਤਾਂ ਨੇ ਕਾਨੂੰਨ ਬਣਾਏ ਹੋਏ ਹਨ ਕਿ ਉਨ੍ਹਾਂ ਦੇ ਪ੍ਰਾਂਤਾਂ ਵਿਚ ਦੂਸਰੇ ਸੂਬਿਆਂ ਦਾ ਕੋਈ ਵੀ ਵਾਸੀ ਨਾ ਤਾਂ ਜ਼ਮੀਨ ਖਰੀਦ ਸਕਦਾ ਹੈ, ਨਾ ਹੀ ਵੋਟਰ ਜਾਂ ਆਧਾਰ ਕਾਰਡ ਬਣਾ ਸਕਦਾ। ਉਥੇ ਉਨ੍ਹਾਂ ਪ੍ਰਾਂਤਾਂ ਦੇ ਨੌਜੁਆਨਾਂ ਨੂੰ ਹੀ ਨੌਕਰੀਆਂ ਦਿੱਤੀਆਂ ਜਾਂਦੀਆਂ ਹਨ। ਪਰ ਪੰਜਾਬ ਹੀ ਭਾਰਤ ਦਾ ਇੱਕਲਾ ਸੂਬਾ ਹੈ, ਜਿਥੇ ਦੇਸ਼ ਦੇ ਕਿਸੇ ਵੀ ਪ੍ਰਾਂਤ ਦੇ ਨੌਜੁਆਨ ਨੌਕਰੀ ਲੈ ਸਕਦੇ ਹਨ ਤੇ ਉਹ ਪੰਜਾਬ ਵਿਚ ਜ਼ਮੀਨਾਂ ਖਰੀਦਣ ਦੇ ਨਾਲ ਆਪਣੇ ਵੋਟਰ ਤੇ ਆਧਾਰ ਕਾਰਡ ਵੀ ਬਣਾ ਸਕਦੇ ਹਨ। ਜਿਸ ਦਾ ਵੱਡਾ ਖਮਿਆਜ਼ਾ ਪਿਛਲੇ ਲੰਮੇ ਸਮੇਂ ਤੋਂ ਪੰਜਾਬ ਦੇ ਨੌਜੁਆਨਾਂ ਨੂੰ ਭੁਗਤਣਾ ਪੈ ਰਿਹਾ ਹੈ, ਜਿਸ ਦੇ ਨਤੀਜੇ ਵਜੋਂ ਉਨ੍ਹਾਂ ਨੂੰ ਕਈ ਪ੍ਰਕਾਰ ਦੇ ਜ਼ੋਖਮ ਝੱਲ ਕੇ, ਜ਼ਮੀਨਾਂ, ਜਾਇਦਾਦਾਂ ਵੇਚ ਕੇ, ਕਰਜ਼ੇ ਲੈ ਕੇ ਲੱਖਾਂ ਰੁਪਏ ਖਰਚ ਕੇ ਵਿਦੇਸ਼ਾਂ ਵਿਚ ਜਾਣ ਦਾ ਰੁੱਖ ਕਰਨਾ ਪੈ ਰਿਹਾ ਹੈ। ਅੱਜਕੱਲ੍ਹ ਕੈਨੇਡਾ ਵਿਚ ਜਿਸ ਤਰ੍ਹਾਂ ਹਾਲਾਤ ਬਣ ਗਏ ਹਨ, ਉਹ ਕਿਸੇ ਤੋਂ ਲੁੱਕੇ-ਛਿੱਪੇ ਨਹੀਂ ਹਨ। ਵੱਡੀ ਗਿਣਤੀ ਵਿਚ ਪੰਜਾਬੀਆਂ ਨੂੰ ਪੰਜਾਬ ਦਾ ਮੁੜ ਰੁੱਖ ਕਰਨਾ ਪੈ ਰਿਹਾ ਹੈ। ਜੇ ਇਹ ਕਹਿ ਲਿਆ ਜਾਵੇ ਕਿ ਇਸ ਮੁਸ਼ਕਲ ਸਥਿਤੀ ਵਿਚ ਪੰਜਾਬ ਨੂੰ ਆਪਣੀ ਹੋਂਦ ਦੀ ਲੜਾਈ ਲੜਨੀ ਪੈ ਰਹੀ ਹੈ, ਤਾਂ ਉਸ ਨੂੰ ਕਿਸੇ ਪ੍ਰਕਾਰ ਨਾਲ ਵੀ ਗਲਤ ਨਹੀਂ ਕਿਹਾ ਜਾ ਸਕਦਾ।



ਪੰਜਾਬ ਦੇ ਆਗੂਆਂ ਵਲੋਂ ਬੜੇ ਜ਼ੋਰ-ਸ਼ੋਰ ਨਾਲ ਮੰਗ ਕਰਨੀ ਸ਼ੁਰੂ ਕਰ ਦਿੱਤੀ ਹੈ ਕਿ ਹਰਿਆਣਾ, ਹਿਮਾਚਲ, ਰਾਜਸਥਾਨ ਆਦਿ ਸਰਕਾਰਾਂ ਦੀ ਤਰਜ 'ਤੇ ਪੰਜਾਬ ਵਿਚ ਵੀ ਕਾਨੂੰਨ ਬਣਾਇਆ ਜਾਵੇ ਕਿ ਪੰਜਾਬ ਦੇ ਵਾਸੀਆਂ ਨੂੰ ਹੀ ਪੰਜਾਬ ਵਿਚ ਸਿਰਫ ਨੌਕਰੀਆਂ ਮਿਲਣ, ਦੂਸਰੇ ਰਾਜਾਂ ਦੇ ਲੋਕਾਂ ਨੂੰ ਪੰਜਾਬ ਵਿਚ ਜ਼ਮੀਨਾਂ ਖਰੀਦਣ, ਵੋਟਰ ਤੇ ਆਧਾਰ ਕਾਰਡ ਬਣਾਏ ਜਾਣ 'ਤੇ ਵੀ ਮੁਕੰਮਲ ਪਾਬੰਦੀ ਹੋਵੇ। ਪੰਜਾਬ ਜਦੋਂ ਆਪਣੀ ਹੋਂਦ ਨੂੰ ਬਚਾਉਣ ਲਈ ਲੜਾਈ ਲੜ ਰਿਹਾ ਹੈ, ਇਸ ਵੇਲੇ ਵੀ ਪੰਜਾਬ ਨੂੰ ਬਚਾਉਣ ਲਈ ਲੜੀ ਜਾ ਰਹੀ ਲੜਾਈ ਵਿਚ ਉਹ ਹੀ ਤਾਕਤਾਂ ਇਸ ਵੇਲੇ ਫਿਰ ਸਰਗਰਮ ਹੋ ਗਈਆਂ ਹਨ। ਜਿਨ੍ਹਾਂ ਨੇ ਪਹਿਲਾਂ ਵੀ ਕਈ ਵਾਰ ਪੰਜਾਬ ਦਾ ਵੱਡਾ ਨੁਕਸਾਨ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜੇਕਰ ਪੰਜਾਬ ਦੇ ਲੋਕ ਦੂਸਰੇ ਦੇਸ਼ਾਂ ਵਿਚ ਨੌਕਰੀਆਂ ਕਰ ਸਕਦੇ ਹਨ, ਜ਼ਮੀਨਾਂ, ਘਰ ਆਦਿ ਖਰੀਦ ਸਕਦੇ ਹਨ, ਤਾਂ ਫਿਰ ਭਾਰਤ ਵਿਚ ਪਾਬੰਦੀ ਕਿਉਂ? ਇਥੇ ਅਜਿਹੇ ਲੋਕਾਂ ਨੂੰ ਦੱਸਣਾ ਬਣਦਾ ਹੈ ਕਿ ਵਿਦੇਸ਼ ਵਿਚ ਜਾਣ ਵਾਲੇ ਪੰਜਾਬੀ ਨੂੰ ਜਦੋਂ ਉਸ ਦੇ ਆਪਣੇ ਪ੍ਰਾਂਤ ਵਿਚ ਰੁਜ਼ਗਾਰ ਨਹੀਂ ਮਿਲਦਾ। ਉਨ੍ਹਾਂ ਨੂੰ ਲੱਖਾਂ ਰੁਪਏ ਖਰਚਣੇ ਪੈਂਦੇ ਹਨ, ਉਨ੍ਹਾਂ ਦਾ ਬਕਾਇਦਾ ਮੈਡੀਕਲ ਹੁੰਦਾ, ਉਨਾਂ ਦੀ ਪੁਲਿਸ ਪੜਤਾਲ ਦੀ ਰਿਪੋਰਟ ਲੱਗਦੀ ਹੈ। ਉਨ੍ਹਾਂ ਨੂੰ ਕਈ ਸਾਲਾਂ ਤੱਕ ਜਿੰਨਾਂ ਚਿਰ ਉਹ ਉਸ ਦੇਸ਼ ਦੀਆਂ ਸਾਰੀਆਂ ਸ਼ਰਤਾਂ ਮੁਕੰਮਲ ਨਹੀਂ ਕਰ ਲੈਂਦੇ, ਨਾ ਤਾਂ ਉਨ੍ਹਾਂ ਨੂੰ ਰੁਜ਼ਗਾਰ ਮਿਲਦਾ, ਨਾ ਹੀ ਉਥੋਂ ਦੀ ਸਿਟੀਜ਼ਨਸ਼ਿਪ ਤੇ ਹੋਰ ਸਹੂਲਤ! ਪਰ ਪੰਜਾਬ ਵਿਚ ਦੂਸਰੇ ਪ੍ਰਾਂਤਾਂ ਵਿਸ਼ੇਸ਼ ਕਰਕੇ ਬਿਹਾਰ, ਯੂ.ਪੀ. ਤੋਂ ਆਉਣ ਵਾਲੇ ਲੋਕ ਨਿਗੂਣੇ ਜਿਹੇ ਪੈਸੇ ਲਗਾ ਕੇ ਪੰਜਾਬ ਪੁੱਜ ਜਾਂਦੇ ਹਨ, ਨਾ ਉਸ ਦਾ ਮੈਡੀਕਲ ਹੋਇਆ ਹੁੰਦਾ ਹੈ, ਨਾ ਹੀ ਪਤਾ ਹੁੰਦਾ ਹੈ ਕਿ ਉਹ ਕਿਹੜੀਆਂ-ਕਿਹੜੀਆਂ ਗੰਭੀਰ ਬਿਮਾਰੀਆਂ ਦਾ ਸ਼ਿਕਾਰ ਹੈ। ਇੱਥੋਂ ਤੱਕ ਕਿ ਉਸ ਦੀ ਪੁਲਿਸ ਪੜਤਾਲ ਦੀ ਰਿਪੋਰਟ ਵੀ ਨਹੀਂ ਲਈ ਜਾਂਦੀ ਕਿ ਉਸ ਦਾ ਪਿਛੋਕੜ ਕਿਹੋ ਜਿਹਾ ਹੈ? ਜਿਸ ਦਾ ਨਤੀਜਾ ਅੱਜ ਪੰਜਾਬ ਦੀ ਹਾਲਤ ਇਨ੍ਹਾਂ ਗੈਰ ਪੰਜਾਬੀਆਂ ਨੇ ਅਤਿ ਤਰਸਯੋਗ ਤਾਂ ਬਣਾ ਹੀ ਦਿੱਤੀ ਹੈ। ਇਸ ਵੇਲੇ ਪੰਜਾਬ ਦੀ ਅਵਸਥਾ ਬੜੀ ਗੰਭੀਰ ਕਰ ਦਿੱਤੀ ਹੈ। ਪੰਜਾਬ ਦੇ ਸ਼ਹਿਰਾਂ, ਪਿੰਡਾਂ ਵਿਚ ਕਈ ਕਤਲ ਲੁੱਟਮਾਰ ਦੀਆਂ ਖਤਰਨਾਕ ਘਟਨਾਵਾਂ ਇਹ ਪ੍ਰਵਾਸੀ ਕਰ ਚੁੱਕੇ ਹਨ ਪਰ ਇਸ ਦੇ ਬਾਵਜੂਦ ਬਹੁਤੇ ਕੇਸਾਂ ਵਿਚ ਇਹ ਫੜੇ ਨਹੀਂ ਜਾਂਦੇ ਕਿਉਂਕਿ ਇਨ੍ਹਾਂ ਦਾ ਕੋਈ ਪੱਕਾ ਐਡਰੈੱਸ ਨਹੀਂ ਹੁੰਦਾ, ਜਿਸ ਕਰਕੇ ਇਹ ਲੋਕ ਲਗਾਤਾਰ ਜੁਰਮ ਕਰਦੇ ਰਹਿੰਦੇ ਹਨ। ਪ੍ਰਵਾਸੀਆਂ ਨੂੰ ਪੰਜਾਬ ਵਿਚ ਵਸਾਉਣ ਦੇ ਜ਼ਿੰਮੇਵਾਰ ਹੋਰ ਕੋਈ ਨਹੀਂ, ਸਾਡੇ ਪੰਜਾਬ ਦੇ ਗੱਦੀਆਂ ਦੀ ਲਾਲਸਾ ਨਾਲ ਧੰਨ ਕਮਾਉਣ ਵਾਲੇ ਸਾਡੇ 'ਰਾਜਸੀ ਲੋਕ' ਹੀ ਹਨ, ਜਿਨ੍ਹਾਂ ਨੇ ਵਿਧਾਨ ਸਭਾ, ਲੋਕ ਸਭਾ, ਪੰਚਾਇਤਾਂ ਜਾਂ ਫਿਰ ਨਗਰ ਕੌਂਸਲ ਦੀ ਚੋਣਾਂ ਲੜਣੀਆਂ ਹੁੰਦੀਆਂ ਹਨ। ਅਜਿਹੇ ਲੋਕ ਇਨ੍ਹਾਂ ਦੇ ਆਧਾਰ ਕਾਰਡ, ਵੋਟਰ ਕਾਰਡ ਹਫਤੇ ਪੰਦਰਾਂ ਦਿਨਾਂ ਵਿਚ ਬਣਾ ਦਿੰਦੇ ਹਨ, ਫਿਰ ਇਹ ਉਸੇ ਆਧਾਰ 'ਤੇ ਪੰਜਾਬ ਵਿਚ ਜ਼ਮੀਨਾਂ ਖਰੀਦ ਕੇ 'ਨਾ ਹਿੰਗ ਲਗੇ ਨਾ ਫੜਕੜੀ' ਤਹਿਤ ਪੰਜਾਬ ਦੇ ਪੱਕੇ ਨਾਗਰਿਕ ਬਣ ਕੇ ਜਿਥੇ ਪੰਜਾਬੀਆਂ ਦੇ ਰੁਜ਼ਗਾਰਾਂ 'ਤੇ ਕਾਬਜ਼ ਹੁੰਦੇ ਹਨ, ਉਥੇ ਇਹ ਕਈ ਪ੍ਰਕਾਰ ਦੇ ਗੰਭੀਰ ਜੁਰਮ ਕਰਕੇ ਪੰਜਾਬ ਦੀ ਅਮਨ ਸ਼ਾਂਤੀ ਵਿਚ ਵੀ ਵੱਡਾ ਵਿਗਾੜ ਪੈਦਾ ਕਰਦੇ ਹਨ। ਪੰਜਾਬ ਦੇ ਜਿਹੜੇ ਲੋਕ ਦੂਸਰੇ ਦੇਸ਼ਾਂ ਵਿਚ ਵਸਣ ਵਾਲੇ ਲੋਕਾਂ ਦੀ ਗੱਲ ਕਰਦੇ ਨਹੀਂ ਥੱਕਦੇ, ਉਨ੍ਹਾਂ ਨੂੰ ਹੁਣ ਇਸ ਹਕੀਕਤ ਦੇ ਨਾਲ ਪ੍ਰਵਾਸੀਆਂ ਤੇ ਵਿਦੇਸ਼ਾਂ ਵਿਚ ਵੱਸਣ ਵਾਲਿਆਂ ਵਿਚ ਕੀ ਫਰਕ ਹੈ? ਉਸ ਦਾ ਜ਼ਰੂਰ ਪਤਾ ਲੱਗ ਗਿਆ ਹੋਵੇਗਾ। ਪਤਾ ਤਾਂ ਅਜਿਹੇ ਲੋਕਾਂ ਨੂੰ ਪਹਿਲਾਂ ਵੀ ਹੋਵੇਗਾ ਪਰ ਉਨ੍ਹਾਂ 'ਤੇ ਇਕੋ ਇਕ 'ਰਾਸ਼ਟਰੀ ਕੱਟੜਤਾ' ਦਾ ਭੂਤ ਸਵਾਰ ਹੈ। ਅਜਿਹੇ ਲੋਕਾਂ ਨੂੰ ਨਾ ਤਾਂ ਪੰਜਾਬ ਨਾਲ ਹਿੱਤ ਹੈ ਤੇ ਨਾ ਹੀ ਪੰਜਾਬੀਆਂ ਨਾਲ! ਉਨ੍ਹਾਂ ਦੀ ਹਾਲਤ ਤਾਂ ਅਜਿਹੀ ਹਾਲਤ ਹੈ ਕਿ "ਆਂਡੇ ਕਿਤੇ ਤੇ ਕੁੜ੍ਹ ਕੁੜ੍ਹ ਕਿਤੇ" ਇਸੇ ਸੋਚ ਨੇ ਪੰਜਾਬ ਦੀ ਪਹਿਲਾਂ ਹੀ ਵੱਡੇ ਪੱਧਰ 'ਤੇ ਬਰਬਾਦੀ ਕੀਤੀ ਹੋਈ ਹੈ। ਇਹ ਦੱਸਣ ਵਿਚ ਵੀ ਕਿਸ ਤਰ੍ਹਾਂ ਦਾ ਸੰਕੋਚ ਨਹੀਂ ਕਿ ਇਸ ਵੇਲੇ ਪੰਜਾਬ ਵਿਚ ਰਾਜ ਕਰ ਰਹੀ 'ਆਮ ਆਦਮੀ ਪਾਰਟੀ' ਦੀ ਸਰਕਾਰ ਨੇ ਪੰਜਾਬ ਨੂੰ 'ਰੰਗਲਾ ਪੰਜਾਬ' ਬਣਾਉਣ ਦੀਆਂ ਵੱਡੀਆਂ-ਵੱਡੀਆ ਡੀਂਗਾਂ ਮਾਰੀਆਂ ਸਨ ਪਰ ਇਸ ਪਾਰਟੀ ਨੇ ਵੀ ਸਭ ਤੋਂ ਵੱਧ ਪੰਜਾਬ ਦੇ ਨੌਜੁਆਨਾਂ ਨਾਲ ਵਿਸ਼ਵਾਸਘਾਤ ਦੂਸਰੇ ਪ੍ਰਾਂਤਾਂ ਦੇ ਨੌਜੁਆਨਾਂ ਨੂੰ ਨੌਕਰੀਆਂ ਦੇ ਕੇ ਕੀਤਾ ਹੈ। ਇਸ ਪਾਰਟੀ ਦਾ ਸੁਪਰੀਮੋ ਸ਼੍ਰੀ ਕੇਜਰੀਵਾਲ ਪੰਜਾਬ ਵਿਰੋਧੀ ਹੋਣ ਕਰਕੇ ਉਸ ਨੂੰ ਕਰਜਾਈ ਤਾਂ ਕਰ ਹੀ ਰਿਹਾ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਉਸ ਦੇ ਆਦੇਸ਼ਾਂ 'ਤੇ ਵੱਡੇ ਪੱਧਰ 'ਤੇ ਹਰਿਆਣਾ, ਰਾਜਸਥਾਨ, ਹਿਮਾਚਲ, ਦਿੱਲੀ ਆਦਿ ਕਈ ਹੋਰ ਪ੍ਰਾਤਾਂ ਦੇ ਨੌਜੁਆਨਾਂ ਨੂੰ ਪੰਜਾਬੀ ਨੌਜੁਆਨਾਂ ਦਾ ਹੱਕ ਮਾਰ ਕੇ ਨੌਕਰੀਆਂ ਦਿੱਤੀਆਂ ਗਈਆਂ ਹਨ। ਅੱਜ ਹਰੇਕ ਪੰਜਾਬੀ ਦੀ ਪਹਿਲੀ ਤੇ ਮੁੱਢਲੀ ਜ਼ਿੰਮੇਵਾਰੀ ਹੈ ਕਿ ਪੰਜਾਬ ਦੀ ਹੋਂਦ ਨੂੰ ਬਚਾਉਣ ਲਈ ਉਹ ਮੋਹਰੀ ਹੋ ਕੇ ਆਪਣੀ ਭੂਮਿਕਾ ਨਿਭਾਵੇ। ਉਸ ਨੂੰ ਬੁਲੰਦ ਆਵਾਜ਼ ਵਿਚ ਉਨ੍ਹਾਂ ਸਾਰੀਆਂ ਧਿਰਾਂ ਜਿਹੜੀਆਂ ਪੰਜਾਬ ਦੇ ਹੱਕਾਂ ਲਈ ਸੰਘਰਸ਼ ਕਰ ਰਹੀਆਂ ਹਨ, ਉਨ੍ਹਾਂ ਦੀ ਜਿਥੇ ਹਮਾਇਤ ਕਰਨ ਦੀ ਜ਼ਰੂਰਤ ਹੈ, ਉਥੇ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਮਜਬੂਰ ਕਰ ਦੇਣਾ ਚਾਹੀਦਾ ਹੈ ਕਿ ਉਹ ਵੀ ਦੂਸਰੇ ਪ੍ਰਾਂਤਾਂ ਵਾਂਗ ਪੰਜਾਬ ਵਿਚ ਵੀ ਕਾਨੂੰਨ ਬਣਾਵੇ ਕਿ ਕੋਈ ਵੀ ਗੈਰ ਪੰਜਾਬੀ ਪੰਜਾਬ ਵਿਚ ਨਾ ਤਾਂ ਨੌਕਰੀ ਕਰ ਸਕਦਾ ਹੈ ਤੇ ਨਾ ਹੀ ਆਧਾਰ ਜਾਂ ਵੋਟਰ ਕਾਰਡ ਬਣਾ ਸਕਦਾ ਹੈ। ਅਜਿਹਾ ਕਰਨ ਨਾਲ ਜਿਥੇ ਪੰਜਾਬ ਵਿਚ ਵਿਗੜ ਰਹੀ ਅਮਨ-ਸ਼ਾਂਤੀ ਦੀ ਹਾਲਤ ਵੀ ਕਿਸੇ ਹੱਦ ਤੱਕ ਸੁਧਰੇਗੀ, ਉਥੇ ਪੰਜਾਬ ਦੇ ਨੌਜੁਆਨਾਂ ਨੂੰ ਵਧੇਰੇ ਨੌਕਰੀਆਂ ਮਿਲਣਗੀਆਂ, ਉਹ ਆਪਣੀਆਂ ਜ਼ਮੀਨਾਂ ਜਾਇਦਾਦਾਂ ਵੇਚ ਕੇ ਬਾਹਰ ਜਾਣ ਤੋਂ ਵੀ ਸੰਕੋਚ ਕਰਨਗੇ। ਉਸ ਨਾਲ ਪੰਜਾਬ ਦਾ ਅਰਬਾਂ ਰੁਪਇਆ ਦਾ ਧੰਨ ਜਿਹੜਾ ਧੜਾਧੜ ਵਿਦੇਸ਼ਾਂ ਵਿਚ ਜਾ ਰਿਹਾ, ਜਿਸ ਨਾਲ ਪੰਜਾਬ ਦੀ ਆਰਥਿਕਤਾ ਬਰਬਾਦ ਹੋ ਰਹੀ ਹੈ, ਉਹ ਵੀ ਪ੍ਰਭਾਵਤ ਹੋਣ ਤੋਂ ਬੱਚ ਸਕੇਗੀ।

## "ਚਿਠੀ ਬਾਬੇ ਬਖਤੌਰੇ ਦੀ"

### ਵਿਅੰਗ:-



ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ
480-794-0325
sodhi1960@yahoo.com
(Punjab Mail USA


ਲਿਖ ਤੁਮ ਬਖਤੌਰ ਸੋਂਹ ਅੱਗੇ ਮਿਲੇ ਰਾਹੁਲ ਗਾਂਧੀ, ਖੜਗੇ ਸਾਹਿਬ, ਸੋਨੀਆ ਗਾਂਧੀ ਅਤੇ ਪ੍ਰਿੰਕਾ ਵਾਡਰਾ ਜੀ ਨੂੰ!

ਬੇਨਤੀ ਹੈ ਕਿ ਦੇਸ਼ ਦੇ ਬਚਾਅ ਵਾਸਤੇ ਆਪਣੇ ਸਹਿਯੋਗੀ ਦਲਾਂ ਨੂੰ ਲੈ ਕੇ ਐਲਾਨ ਕਰੋ ਕਿ ਈ.ਵੀ.ਐੱਮ. ਨਾਲ ਹੋਣ ਵਾਲੀਆਂ ਚੋਣਾਂ ਵਿਚ ਅਸੀਂ ਭਾਗ ਨਹੀਂ ਲੈਣਾ, ਵੱਧ ਤੋਂ ਵੱਧ ਕੀ ਹੋਵੇਗਾ, ਉਹ ਤੁਹਾਡੇ ਬਿਨਾਂ ਚੋਣਾ ਜਿੱਤ ਲੈਣਗੇ। ਜਿੱਤ ਲੈਣ ਦਿਉ, ਵਿਸ਼ਵ ਪੱਧਰ 'ਤੇ ਚਰਚਾ ਤਾਂ ਹੋਵੇਗੀ ਕਿ ਵਿਰੋਧੀ ਧਿਰ ਨੂੰ ਸੁਣਿਆ ਨਹੀਂ ਜਾਂਦਾ, ਜੇ ਤੁਸੀਂ ਬਾਈਕਾਟ ਨਾ ਵੀ ਕਰੋ, ਤਾਂ ਵੀ ਦਿੱਲੀ ਵਿਚ ਸਰਕਾਰ ਕੇਜਰੀਵਾਲ ਦੀ ਬਣਨੀ ਹੈ, ਲਿਖ ਲਵੋ ਕਿਉਂਕਿ ਪਾਰਲੀਮੈਂਟ ਦੀਆਂ ਸੱਤੇ ਸੀਟਾਂ ਉਹ ਹੁਣੇ ਭਾਜਪਾ ਨੂੰ ਜਿਤਾ ਚੁੱਕੇ ਹਨ ਅਤੇ ਹਰਿਆਣਾ ਵਿਚ ਦੁਨੀਆਂ ਭਰ ਦੇ ਵਿਸ਼ਲੇਸ਼ਕ ਅਤੇ ਐਗਜ਼ਿਟ ਪੋਲ ਵਾਲਿਆਂ ਨੂੰ ਧੂੜ ਚਟਾਉਣ ਵਾਸਤੇ ਕੇਜਰੀਵਾਲ ਵਰਤਿਆ ਗਿਆ ਹੈ, ਜਦੋਂ ਵੀ ਕਿਸੇ ਪੰਜ ਸੂਬਿਆਂ ਵਿਚ ਚੋਣਾਂ ਹੁੰਦੀਆਂ ਹਨ, ਚਾਰ ਉਹ ਖੁਦ ਜਿੱਤ ਜਾਂਦੇ ਹਨ, ਇੱਕ ਰਹਿੰਦ-ਖੂੰਹਦ ਤੁਹਾਨੂੰ ਦੇ ਕੇ ਤੁਹਾਡੀ ਸਰਕਾਰ ਬਣਵਾ ਦੇਂਦੇ ਹਨ, ਫਿਰ ਬਾਅਦ ਵਿਚ ਉਸ ਦੇ ਐੱਮ.ਐੱਲ.ਏ. ਵੀ ਆਪਣੇ ਵੱਲ ਕਰਕੇ ਸਰਕਾਰ ਹੀ ਆਪਣੀ ਬਣਾ ਲੈਂਦੇ ਹਨ। ਇੱਕ ਸਰਕਾਰ ਦੇ ਕੇ ਸੱਚੇ ਹੋਣ ਦੀ ਕਵਾਇਦ 2014 ਤੋਂ ਚਾਲੂ ਹੋਈ ਹੋਈ ਹੈ, ਇਸ ਨੂੰ ਵੇਖ ਕੇ ਕਹਾਵਤ ਯਾਦ ਆਉਂਦੀ ਐ ਮੁੰਗਲੀ ਕੱਛੇ ਮਾਰਨੀ ਤੇ ਸੂਈ ਕਰਨੀ ਦਾਨ। ਭਾਵ 99.9% ਆਪਣੇ ਕੋਲ ਤੇ 0.01% ਵਿਰੋਧੀ ਧਿਰਾਂ ਨੂੰ ਦਾਨ ਦੇ ਵਾਹਵਾ ਖੱਟ ਲੈਣੀ।

# ਪਰਮ ਪਦ ਦਾ ਪ੍ਰਗਟ ਰੂਪ ਸੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ

**ਕਲਿਯੁਗ ਅੰਦਰ ਗੁਰੂ ਨਾਨਕ ਸਾਹਿਬ ਸਮੁੱਚੀ ਲੋਕਾਈ ਦੇ ਤਾਰਨਹਾਰ ਦੇ ਰੂਪ ਵਿਚ ਸਚਿਆਰ ਅਵਸਥਾ ਦੇ ਆਦਰਸ਼ ਪ੍ਰਤੀਕ ਬਣੇ। ਨੌਵੀਂ ਜੋਤ ਗੁਰੂ ਤੇਗ ਬਹਾਦਰ ਜੀ ਨੇ ਇਸ ਅਵਸਥਾ ਨੂੰ ਪਰ ਹਿੱਤ ਲਈ ਆਪਣੀ ਸ਼ਹੀਦੀ ਦੇ ਕੇ ਰੂਪਮਾਨ ਕੀਤਾ। ਇਹ ਗੁਰੂ ਨਾਨਕ ਸਾਹਿਬ ਦੇ ਪੰਥ ਦੀ ਸਭ ਤੋਂ ਕਰੜੀ ਪ੍ਰੀਖਿਆ ਸੀ, ਜਿਸ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਅਦੁੱਤੀ "ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ॥" ਦੀ ਉਪਮਾ ਦਿੱਤੀ। ਗੁਰੂ ਤੇਗ ਬਹਾਦਰ ਸਾਹਿਬ ਆਪਣੇ ਆਪ ਨੂੰ ਧਰਮ ਹੇਤ ਇਸ ਮਹਾਨ ਸਾਕੇ ਲਈ ਤਿਆਰ ਕਰਕੇ ਹੀ ਗੁਰਤਾ ਗੱਦੀ 'ਤੇ ਵਿਰਾਜਮਾਨ ਹੋਏ ਸਨ।**



ਮਨ ਅੰਦਰ ਪ੍ਰਮਾਤਮਾ ਦਾ ਪ੍ਰਕਾਸ਼ਮਾਨ ਹੋ ਜਾਣਾ, ਪ੍ਰਮਾਤਮਾ ਨਾਲ ਅਭੇਦ ਹੋ ਜਾਣਾ ਅੰਤਰ ਦੀ ਅਵਸਥਾ ਹੈ। ਪ੍ਰਮਾਤਮਾ ਦੀ ਕਿਰਪਾ ਮਹਿਸੂਸ ਕੀਤੀ ਜਾ ਸਕਦੀ, ਸ਼ਬਦਾਂ ਵਿਚ ਬਿਆਨ ਜੋਗ ਨਹੀਂ ਹੁੰਦੀ। ਮਨ ਵਿਕਾਰਾਂ, ਮਾਇਆ ਤੋਂ ਨਿਵ੍ਰਿਤ ਹੋ ਪ੍ਰਮਾਤਮਾ ਦੇ ਵਿਧਾਨ ਦਾ ਪਾਲਕ ਬਣ ਜਾਏ, ਤਾਂ ਅੰਤਰ ਨਿਰਮਲਤਾ 'ਤੇ ਪ੍ਰਮਾਤਮਾ ਦੀ ਕ੍ਰਿਪਾ ਨਾਲ ਭਰਪੂਰ ਹੋ ਜਾਂਦਾ ਹੈ "ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥" ਗੁਰੂ ਨਾਨਕ ਸਾਹਿਬ ਨੇ ਇਸ ਨੂੰ ਸਚਿਆਰ ਅਵਸਥਾ ਕਿਹਾ। ਕਲਿਯੁਗ ਅੰਦਰ ਗੁਰੂ ਨਾਨਕ ਸਾਹਿਬ ਸਮੁੱਚੀ ਲੋਕਾਈ ਦੇ ਤਾਰਨਹਾਰ ਦੇ ਰੂਪ ਵਿਚ ਸਚਿਆਰ ਅਵਸਥਾ ਦੇ ਆਦਰਸ਼ ਪ੍ਰਤੀਕ ਬਣੇ। ਨੌਵੀਂ ਜੋਤ ਗੁਰੂ ਤੇਗ ਬਹਾਦਰ ਜੀ ਨੇ ਇਸ ਅਵਸਥਾ ਨੂੰ ਪਰ ਹਿੱਤ ਲਈ ਆਪਣੀ ਸ਼ਹੀਦੀ ਦੇ ਕੇ ਰੂਪਮਾਨ ਕੀਤਾ। ਇਹ ਗੁਰੂ ਨਾਨਕ ਸਾਹਿਬ ਦੇ ਪੰਥ ਦੀ ਸਭ ਤੋਂ ਕਰੜੀ ਪ੍ਰੀਖਿਆ ਸੀ, ਜਿਸ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਅਦੁੱਤੀ "ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ॥" ਦੀ ਉਪਮਾ ਦਿੱਤੀ। ਗੁਰੂ ਤੇਗ ਬਹਾਦਰ ਸਾਹਿਬ ਆਪਣੇ ਆਪ ਨੂੰ ਧਰਮ ਹੇਤ ਇਸ ਮਹਾਨ ਸਾਕੇ ਲਈ ਤਿਆਰ ਕਰਕੇ ਹੀ ਗੁਰਤਾ ਗੱਦੀ 'ਤੇ ਵਿਰਾਜਮਾਨ ਹੋਏ ਸਨ। ਕਿਸੇ ਲਈ ਵੀ ਅਤਿ ਅਚਰਜ ਪੂਰਨ ਹੈ ਕਿ ਗੁਰੂ ਤੇਗ ਬਹਾਦਰ ਸਾਹਿਬ ਆਨੰਦਪੁਰ ਸਾਹਿਬ ਤੋਂ ਆਪ ਚੱਲ ਕੇ ਸ਼ਹੀਦੀ ਦੇਣ ਲਈ ਦਿੱਲੀ ਪੁੱਜੇ। ਹਿੰਦੁਸਤਾਨ ਦੇ ਬਾਦਸ਼ਾਹ ਦੇ ਗੜ੍ਹ ਵਿਚ ਉਸ ਦੀ ਜ਼ੁਲਮੀ ਤਾਕਤ ਦਾ ਖੌਫ਼ ਮੰਨਣ ਤੋਂ ਇਨਕਾਰ ਕੀਤਾ। ਪੂਰਨ ਅਡੋਲ ਰਹਿ ਕੇ ਆਪਣੇ ਪਿਆਰੇ ਸਿੱਖਾਂ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਦੀ ਰੂਹ ਕੰਬਾਉਣ ਵਾਲੀਆਂ ਸ਼ਹੀਦੀਆਂ ਵੇਖੀਆਂ। ਆਪ ਪੂਰਨ ਨਿਹਚਲ, ਪੂਰਨ ਸਹਿਜ, ਪ੍ਰੇਮ ਪਰਿਪੂਰਨ ਭਾਵਨਾ ਅੰਦਰ ਪ੍ਰਮਾਤਮਾ ਦੇ ਸਿਮਰਨ ਵਿਚ ਅਜਿਹੇ ਲੀਨ ਹੋਏ ਕਿ ਜੱਲਾਦ ਦਾ ਮਾਰੂ ਵਾਰ ਵੀ ਉਸ ਪਾਵਨ ਅਵਸਥਾ ਨੂੰ ਭੰਗ ਕਰਨ 'ਚ ਨਾਕਾਮਯਾਬ ਹੋ ਗਿਆ। ਆਪਣੀ ਉੱਚ ਸਿੱਧਤਾ ਨਾਲ ਇਸ ਸਮਰਥਾ ਨੂੰ ਗੁਰੂ ਤੇਗ ਬਹਾਦਰ ਸਾਹਿਬ ਹੀ ਪ੍ਰਾਪਤ ਕਰ ਸਕੇ। ਇਸ ਦਾ ਆਧਾਰ ਵੀ ਗੁਰੂ ਸਾਹਿਬ ਨੇ ਆਪ ਹੀ ਆਪਣੀ ਬਾਣੀ ਵਿਚ ਬਿਆਨ ਕੀਤਾ।

ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ॥

ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ॥ 1॥

ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ॥

ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ॥ 2॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ : 219)

ਮਨੁੱਖ ਲਈ ਜੀਵਨ ਅੰਦਰ ਸੁੱਖ ਤੇ ਦੁੱਖ ਦਾ ਕੋਈ ਵਿਚਾਰ ਹੀ ਨਾ ਰਹੇ। ਸੁੱਖ ਪ੍ਰਮਾਤਮਾ ਤੋਂ ਦੂਰ ਨਾ ਕਰ ਸਕੇ। ਦੁੱਖ ਨਿਰਾਸ਼, ਉਦਾਸ ਨਾ ਕਰ ਸਕੇ, ਕੋਈ ਸੰਤਾਪ ਨਾ ਹੋਵੇ। ਸੁੱਖ ਤੇ ਦੁੱਖ ਦੀ ਕੋਈ ਪ੍ਰਤੀਤ ਮੁੱਕ ਜਾਵੇ। ਮਨ ਲੋਕ ਸ਼ਲਾਘਾ ਤੇ ਨਿੰਦਾ ਤੋਂ ਸਦਾ ਲਈ ਬੇਅਸਰ ਹੋ ਜਾਵੇ। ਰਾਜ ਵੀ ਪ੍ਰਾਪਤ ਹੋ ਜਾਵੇ, ਤਾਂ ਗੁਰੂ ਪ੍ਰਮਾਤਮਾ ਦੀ ਵਡਿਆਈ, ਜੇ ਭਿਖਿਆ ਵੀ ਮੰਗਣੀ ਪਵੇ, ਤਾਂ ਕੀ ਘੱਟ ਜਾਵੇਗਾ। ਇਸ ਨੂੰ ਗੁਰਬਾਣੀ ਵਿਚ ਸਹਿਜ ਦੀ ਅਵਸਥਾ ਕਿਹਾ ਗਿਆ। ਵੱਡੇ-ਵੱਡੇ ਜਤੀ-ਤਪੀ ਵੀ ਕ੍ਰੋਧ, ਕਾਮ, ਲੋਭ, ਹੰਕਾਰ ਤੋਂ ਮੁਕਤ ਨਹੀਂ ਹੋ ਸਕੇ। ਜੀਵਨ ਭਰ ਕਠਿਨ ਸਾਧਨਾ ਕੀਤੀ ਜਾ ਸਕਦੀ ਹੈ, ਪ੍ਰਮਾਤਮਾ ਦਾ ਨਿਰੰਤਰ ਧਿਆਨ ਕੀਤਾ ਜਾ ਸਕਦਾ ਹੈ, ਪਰੋਪਕਾਰ ਨੂੰ ਜੀਵਨ ਦਾ ਮਿਸ਼ਨ ਬਣਾਇਆ ਜਾ ਸਕਦਾ ਹੈ ਪਰ ਸਹਿਜ ਅਵਸਥਾ ਪ੍ਰਾਪਤ ਕਰਨਾ ਅਤਿ ਕਠਿਨ ਹੈ, ਜੋ ਕੋਈ ਵਿਰਲਾ ਹੀ ਹਾਸਲ ਕਰਨ 'ਚ ਸਫਲ ਹੁੰਦਾ ਹੈ। ਇਸ ਨਿਰਬਾਨ ਪਦ ਨੂੰ ਕਿਵੇਂ ਹਾਸਲ ਕੀਤਾ ਜਾਵੇ, ਗੁਰੂ ਤੇਗ ਬਹਾਦਰ ਜੀ ਦਾ ਜੀਵਨ ਇਸ ਦਾ ਸਭ ਤੋਂ ਰੋਸ਼ਨ ਉਦਾਹਰਨ ਹੈ। ਬਾਲ ਅਵਸਥਾ ਵਿਚ ਹੀ ਗੁਰੂ ਸਾਹਿਬ ਨੇ ਆਪਣੇ ਬਹੁਤ ਹੀ ਨੇਹ ਕਰਨ ਵਾਲੇ ਭ੍ਰਾਤਾ ਬਾਬਾ ਅਟਲ ਰਾਇ ਜੀ ਦੇ ਦੇਹ ਤਿਆਗ ਦਾ ਅਸਹਿ ਦੁੱਖ ਜਰ ਕੇ ਜੀਵਨ ਦਾ ਸੱਚ ਜਾਣ ਲਿਆ ਸੀ। ਬਾਬਾ ਅਟਲ ਰਾਇ ਜੀ ਦਾ ਦੇਹ ਤਿਆਗ ਗੁਰੂ ਸਾਹਿਬ ਨੂੰ ਨਿੱਕੀ ਉਮਰ ਵਿਚ ਹੀ ਪ੍ਰਮਾਤਮਾ ਦੇ ਹੁਕਮ ਅੰਦਰ ਰਹਿਣ ਦਾ ਭਾਵ ਸਮਝਾ ਗਿਆ ਸੀ।

-ਡਾ. ਸਤਿੰਦਰ ਪਾਲ ਸਿੰਘ
ਈ : 1716, ਰਾਜਾਜੀਪੁਰਮ
ਲਖਨਊ : 226017



ਪੰਜਾਬ ਮੇਲ USA

ਵੇਖਿਆ ਜਾਵੇ ਤਾਂ ਇਸ ਘਟਨਾ ਨੇ ਗੁਰੂ ਤੇਗ ਬਹਾਦਰ ਸਾਹਿਬ ਅੰਦਰ ਨਿਰਬਾਨ ਅਵਸਥਾ ਦੇ ਵਿਕਾਸ ਦਾ ਕਾਰਜ ਆਰੰਭ ਕਰ ਦਿੱਤਾ ਸੀ। ਗੁਰੂ ਸਾਹਿਬ ਦਾ ਬਕਾਲੇ ਵਿਚ ਨਿਵਾਸ ਤੇ ਭਗਤੀ ਨੇ ਉਸ ਨਿਰਬਾਨ ਅਵਸਥਾ ਨੂੰ ਪੂਰਨਤਾ ਪ੍ਰਦਾਨ ਕੀਤੀ। ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਬਕਾਲੇ ਅੰਦਰ ਬਾਈਸ ਮੰਜੀ ਧਾਰੀਆਂ ਦੇ ਵੱਡੇ ਰੋਲੇ ਵਿਚੋਂ ਆਪਣੀ ਸਹਿਜ ਅਵਸਥਾ ਨੂੰ ਕਾਇਮ ਰੱਖਣਾ ਤੇ ਗੁਰੂ ਨਾਨਕ ਸਾਹਿਬ ਦੇ ਪੰਥ ਨੂੰ ਅਗਾਂਹ ਤੋਰਨ ਲਈ ਪ੍ਰਗਟ ਹੋਣਾ ਇੱਕ ਅੰਤਮ ਪ੍ਰੀਖਿਆ ਸੀ। ਗੁਰੂ ਨੇ ਇਹ ਵਡਿਆਈ ਗੁਰਸਿੱਖ ਨੂੰ ਦਿੱਤੀ, ਜਿਸ ਗੁਰੂ ਦੀ ਪਛਾਣ ਕਰ ਨਵਾਂ ਇਤਿਹਾਸ ਰਚੇ ਜਾਣ ਦਾ ਆਗਾਜ਼ ਕਰ ਦਿੱਤਾ। ਗੁਰੂ ਤੇਗ ਬਹਾਦਰ ਜੀ ਨੇ ਗੁਰਤਾਗੱਦੀ 'ਤੇ ਵਿਰਾਜਨ ਤੋਂ ਬਾਅਦ ਛੇਤੀ ਹੀ ਧਰਮ ਯਾਤਰਾਵਾਂ ਆਰੰਭ ਕਰ ਦਿੱਤੀਆਂ। ਸਿੱਖ ਪੰਥ ਅੰਦਰ ਨਵੀਂ ਚੇਤਨਾ ਪੈਦਾ ਹੋਈ। ਪਟਨਾ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਪ੍ਰਕਾਸ਼ ਹੋਇਆ। ਗੁਰੂ ਤੇਗ ਬਹਾਦਰ ਸਾਹਿਬ ਹੋਰ ਸਮਾਂ ਧਰਮ ਯਾਤਰਾਵਾਂ ਵਿਚ ਲਾਉਂਦੇ ਪਰ ਦੇਸ਼ ਕਾਲ ਦੇ ਵਿਗੜ ਰਹੇ ਸਿਆਸੀ ਹਾਲਾਤ ਦੇ ਮੱਦੇਨਜ਼ਰ ਆਪ ਪੰਜਾਬ ਪਰਤ ਗਏ। ਆਪ ਨੂੰ ਸਮੇਂ ਦੀ ਪਛਾਣ ਸੀ ਅਤੇ ਇਤਿਹਾਸ ਦੇ ਇਸ ਨਾਜ਼ੁਕ ਮੋੜ 'ਤੇ ਆਪਣੀ ਹੋਣ ਵਾਲੀ ਭੂਮਿਕਾ ਦਾ ਅਹਿਸਾਸ ਹੋ ਗਿਆ ਸੀ। ਹਿੰਦੁਸਤਾਨ ਦੀ ਰਿਆਇਆ ਖ਼ਾਸ ਤੌਰ 'ਤੇ ਹਿੰਦੂ ਭਾਈਚਾਰਾ ਔਰੰਗਜ਼ੇਬ ਦੇ ਜ਼ੁਲਮ ਤੋਂ ਬੇਹਦ ਦੁੱਖੀ ਸੀ। ਗੁਰੂ ਤੇਗ ਬਹਾਦਰ ਸਾਹਿਬ ਕੋਲ ਦੁੱਖ ਦਾ ਨਿਦਾਨ ਮੌਜੂਦ ਸੀ।

ਦੁਖ ਹਰਤਾ ਹਰਿ ਨਾਮੁ ਪਛਾਨੋ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ : 830)

ਗੁਰੂ ਤੇਗ ਬਹਾਦਰ ਸਾਹਿਬ ਕੋਲ ਪ੍ਰਮਾਤਮਾ ਦੀ ਅਖੰਡ ਟੇਕ ਤੇ ਅਨੰਤ ਭਰੋਸਾ ਸੀ, ਜੋ ਸੰਸਾਰ ਦੇ ਹਰ ਦੁੱਖ ਲਈ ਪੁਰਜ਼ੋਰ ਖੜਗ ਤੇ ਸੰਘਣੀ ਵਾੜ ਜਿਹਾ ਸੀ। ਇਸ ਖੜਗ ਦਾ ਪ੍ਰਾਪਤ ਹੋਣਾ, ਇਸ ਵਾੜ ਦਾ ਬਣ ਆਉਣਾ ਨਿਰਬਾਨ ਅਵਸਥਾ ਦੀ ਨਿਸ਼ਾਨੀ ਸੀ। ਦੁੱਖਾਂ ਦੇ ਭੰਜਨ ਦੀ ਖੜਗ, ਨਿਰਮਲ ਅਵਸਥਾ ਦੀ ਸੁਰੱਖਿਆ ਦੀ ਵਾੜ ਦੀ ਉਪਜ ਕਿਸੇ ਵਿਰਲੇ ਨਿਰਬਾਨ ਪਦ ਧਾਰਕ ਦੇ ਹੀ ਹੱਥ ਆਈ ਹੈ। ਗੁਰੂ ਤੇਗ ਬਹਾਦਰ ਸਾਹਿਬ ਹਿੰਦੂ ਭਾਈਚਾਰੇ ਦਾ ਜਨੇਊ ਤੇ ਤਿਲਕ ਬਚਾਉਣ ਲਈ ਇੱਕ ਪਲ ਦੀ ਵਿਚਾਰ ਤੋਂ ਬਾਅਦ ਹੀ ਤਿਆਰ ਹੋ ਗਏ, ਤਾਂ ਪ੍ਰਮਾਤਮਾ ਦੇ ਨਾਮ ਦੇ ਆਸਰੇ। ਗੁਰੂ ਸਾਹਿਬ ਨੂੰ ਔਰੰਗਜੇਬ ਦੇ ਵੱਡੇ ਰਾਜ, ਭਾਰੀ ਫੌਜੀ ਤਾਕਤ ਤੇ ਬੇਹਿਸਾਬ ਜ਼ੁਲਮ ਕਰਨ ਦੀ ਜੇਹਨੀਅਤ ਦਾ ਪੂਰਾ ਗਿਆਨ ਸੀ ਅਤੇ ਇਹ ਵਿਸ਼ਵਾਸ ਵੀ ਸੀ ਕਿ ਉਹ ਪ੍ਰਮਾਤਮਾ ਦੇ ਨਾਮ ਦੀ ਸ਼ਕਤੀ ਅੱਗੇ ਟਿਕ ਨਹੀਂ ਸਕੇਗਾ। ਇਤਿਹਾਸ ਪੜ੍ਹਨ ਵਾਲਿਆਂ ਨੂੰ ਹੈਰਾਨੀ ਹੁੰਦੀ ਹੈ ਕਿ ਜਿਸ ਔਰੰਗਜੇਬ ਦੇ ਜ਼ੁਲਮ ਨਾਲ ਪੂਰਾ ਹਿੰਦੁਸਤਾਨ ਕੰਬ ਰਿਹਾ ਸੀ, ਬੇਬੱਸ ਹੋ ਚੁੱਕਿਆ ਸੀ, ਉਸ ਨਾਲ ਟਾਕਰਾ ਲੈਣ ਲਈ ਗੁਰੂ ਤੇਗ ਬਹਾਦਰ ਜੀ ਪਰ ਹਿੱਤ ਨੂੰ ਸਵ ਹਿੱਤ ਬਣਾ ਕੇ ਅੱਗੇ ਆਏ ਤੇ ਮਾਤਰ ਪੰਜ ਸਿੱਖਾਂ ਨਾਲ ਦਿੱਲੀ ਪੁੱਜ ਗਏ। ਚਾਂਦਨੀ ਚੌਕ ਦੀ ਕੋਤਵਾਲੀ ਵਿਚ ਜਦੋਂ ਔਰੰਗਜੇਬ ਦੇ ਲੋਭ, ਡਰਾਵੇ, ਦਬਾਵ ਆਰੰਭ ਹੋਏ, ਤਾਂ ਗੁਰੂ ਸਾਹਿਬ ਦੀ ਸਤਿਨਾਮੁ ਦੀ ਵਾੜ ਨੇ ਹਰ ਹਰਬੇ ਨੂੰ ਦੂਰੋਂ ਹੀ ਬੇਅਸਰ ਕਰ ਦਿੱਤਾ। ਗੁਰੂ ਸਾਹਿਬ ਜਾਣਦੇ ਸਨ ਕਿ ਪ੍ਰਮਾਤਮਾ ਦੇ ਨਾਮ ਦੀ ਤਾਕਤ ਜਗਤ ਨੂੰ ਹੈਰਾਨ ਕਰ ਸਕਦੀ ਹੈ, ਤਾਂ ਹੀ ਹੇਠਲੇ ਵਚਨ ਪਹਿਲਾਂ ਹੀ ਕਰ ਗਏ ਸਨ।

ਅਚਲ ਅਮਰ ਨਿਰਭੈ ਪਦੁ ਪਾਇਓ ਜਗਤ ਜਾਹਿ ਹੈਰਾਨੋ॥

ਨਾਨਕ ਕਹਤ ਭਗਤ ਰਛਕ ਹਰਿ ਨਿਕਟਿ ਤਾਹਿ ਤੁਮ ਮਾਨੋ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ : 830)

ਗੁਰੂ ਸਾਹਿਬ ਨੇ ਕਿਹਾ ਕਿ ਪ੍ਰਮਾਤਮਾ ਦਾ ਨਾਮ ਪਰਮ ਪਦ ਤੱਕ ਪੁਜਾਉਣ ਵਾਲਾ ਹੈ। ਇਹ ਅਵਿਚਲ, ਅਜਰ ਅਮਰ, ਹਰ ਭੈ ਤੋਂ ਮੁਕਤ ਅਵਸਥਾ ਦਾ ਸਿਰਜਨ ਹੈ। ਅਜਿਹੀ ਅਵਸਥਾ ਪ੍ਰਮਾਤਮਾ ਦੀ ਵਿਸ਼ੇਸ਼ ਕਿਰਪਾ ਦਾ ਪਾਤਰ ਬਣਾਉਂਦੀ ਹੈ। ਪ੍ਰਮਾਤਮਾ ਸਦਾ ਹੀ ਅੰਗ ਸੰਗ ਤੇ ਸਹਾਈ ਹੁੰਦਾ ਹੈ, ਭਾਵ ਕਿਸੇ ਵੀ ਦੁੱਖ ਤੋਂ ਦੂਰ ਰੱਖਦਾ ਹੈ। ਪ੍ਰਮਾਤਮਾ ਰੱਖਿਆ ਕਰਦਾ ਹੈ, ਦੁੱਖ ਨੇੜੇ ਨਹੀਂ ਆਉਣ ਦਿੰਦਾ। ਪ੍ਰਮਾਤਮਾ ਦਾ ਨਾਮ ਸੁੱਖ ਵੀ ਦੇਣ ਵਾਲਾ ਹੈ ।

ਹਰਿ ਕੋ ਨਾਮੁ ਸਦਾ ਸੁਖਦਾਈ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ : 1008)

ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਦੁੱਖ ਦੇ ਕਿਸੇ ਵੀ ਅਹਿਸਾਸ ਤੋਂ ਪਰੇ ਸੀ। ਇਹ ਸਮਝ ਆਉਣ ਵਾਲੀ ਗੱਲ ਹੈ ਕਿਉਂਕਿ ਗੁਰੂ ਸਾਹਿਬ ਨੇ ਬਿਨਾ ਕਿਸੇ ਭੈ ਦੇ ਔਰੰਗਜੇਬ ਦੀ ਜ਼ਾਲਮ ਸੱਤਾ ਨੂੰ ਉਸ ਦੀ ਹਿੱਕ 'ਤੇ ਚੜ੍ਹ ਕੇ ਵੰਗਾਰਿਆ ਸੀ। ਪਰ ਸੁੱਖ, ਦੁੱਖ ਤੋਂ ਦੂਰ ਸਹਿਜ ਅਵਸਥਾ ਵਿਚ ਆਪਣਾ ਸੁੱਖ ਹੈ, ਜਿਸ ਨੂੰ ਗੁਰਬਾਣੀ ਵਿਚ ਸੱਚਾ ਸੁੱਖ ਜਾਂ ਪਰਮ ਸੁੱਖ ਕਿਹਾ ਗਿਆ ਹੈ। ਇਹ ਸੁੱਖ ਮਾਤਰ ਪ੍ਰਮਾਤਮਾ ਦੇ ਨਾਮ ਤੋਂ ਹੀ ਪ੍ਰਾਪਤ ਹੁੰਦਾ ਹੈ। ਗੁਰੂ ਤੇਗ ਬਹਾਦਰ ਸਾਹਿਬ ਨੇ ਆਪਣੀ ਸ਼ਹੀਦੀ ਸਾਰੇ ਸੰਸਾਰਕ ਦੁੱਖਾਂ ਤੋਂ ਦੂਰ ਆਤਮਿਕ ਸੁੱਖ ਦੀ ਪਰਮ ਅਵਸਥਾ ਵਿਚ ਹੋਈ, ਜੋ ਔਰੰਗਜੇਬ ਦੀ ਜਾਬਰ ਤਾਕਤ ਦੀ ਕਰਾਰੀ ਹਾਰ ਸੀ। ਗੁਰੂ ਤੇਗ ਬਹਾਦਰ ਸਾਹਿਬ ਨੇ ਮਸਤਕ ਪ੍ਰਮਾਤਮਾ ਦੇ ਧਿਆਨ ਵਿਚ ਨਿਵਾਇਆ, ਤਾਂ ਉਨ੍ਹਾਂ ਦਾ ਮਸਤਕ ਰੂਹਾਨੀ ਸੁੱਖ ਨਾਲ ਚਮਕ ਦਮਕ ਰਿਹਾ ਸੀ। ਜੱਲਾਦ ਦੇ ਵਾਰ ਦੀ ਤਾਕਤ ਨੂੰ ਨਾਮ ਦੇ ਖੜਗ ਦੇ ਇੱਕੋ ਵਾਰ ਨੇ ਬਲਹੀਨ ਕਰ ਦਿੱਤਾ। ਜਲਾਦ ਦਾ ਵਾਰ ਤਨ ਤੋਂ ਸ਼ੀਸ਼ ਅਲੱਗ ਕਰ ਦੇਣ ਲਈ ਉਠਿਆ ਪਰ ਗੁਰੂ ਸਾਹਿਬ ਨੇ ਆਤਮ ਬਾਲ ਨਾਲ ਇਸ ਨੂੰ ਪ੍ਰਮਾਤਮਾ ਦਾ ਪਿਆਰ ਦੁਲਾਰ ਵਿਚ ਬਦਲ ਦਿੱਤਾ। ਪ੍ਰਮਾਤਮਾ ਦੇ ਇਸ ਦੁਲਾਰ ਨੇ ਭਾਈ ਜੈਤਾ ਜੀ ਤੇ ਭਾਈ ਲਖੀ ਸ਼ਾਹ ਨੂੰ ਵੀ ਵਡਭਾਗੀ ਬਣਾ ਦਿੱਤਾ। ਜਨੇਊ ਤੇ ਤਿਲਕ ਬੱਚ ਗਏ। ਗੁਰੂ ਸਾਹਿਬ ਦੀ ਸ਼ਹੀਦੀ ਭਾਰਤ ਦੀ ਸੱਭਿਅਤਾ ਤੇ ਸੰਸਕ੍ਰਿਤੀ 'ਤੇ ਇੱਕ ਅਜਿਹਾ ਰਿਨ ਹੈ, ਜੋ ਕਦੇ ਉਤਾਰਿਆ ਨਹੀਂ ਜਾ ਸਕੇਗਾ ।

# ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ

ਮਾਸਟਰ ਜਸਵਿੰਦਰ ਸਿੰਘ ਜਿਓਣਪੁਰਾ
ਤਹਿਸੀਲ ਪਾਤੜਾਂ, ਜ਼ਿਲ੍ਹਾ ਪਟਿਆਲਾ
ਮੋਬਾਇਲ ਨੰਬਰ : 98768-55004
ਪੰਜਾਬ ਮੇਲ USA



ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਸਿੱਖਾਂ ਦੇ ਨੌਵੇਂ ਗੁਰੂ ਹੋਏ ਹਨ। ਪ੍ਰੰਤੂ ਉਨ੍ਹਾਂ ਲਈ ਸਾਰੇ ਧਰਮ ਬਰਾਬਰ ਸਨ। ਇਸ ਕਾਰਨ ਇਨਸਾਨੀਅਤ ਨੂੰ ਬਚਾਉਣ ਲਈ ਉਨ੍ਹਾਂ ਨੇ ਦਿੱਲੀ ਦੇ ਚਾਂਦਨੀ ਚੌਕ ਵਿਚ ਆਪਣਾ ਬਲੀਦਾਨ ਦੇ ਕੇ ਇੱਕ ਲਾਸਾਨੀ ਸ਼ਹਾਦਤ ਪ੍ਰਾਪਤ ਕੀਤੀ। ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਦੁਨੀਆਂ ਵਿਚ ਇੱਕ ਵੱਖਰੀ ਸ਼ਹਾਦਤ ਹੈ ਕਿਉਂਕਿ ਗੁਰੂ ਜੀ ਨੇ ਜਿਸ ਲਈ ਸ਼ਹਾਦਤ ਦਿੱਤੀ, ਉਨ੍ਹਾਂ ਦੇ ਨਾਲ ਸਿਧਾਂਤਕ ਤੌਰ 'ਤੇ ਕੋਈ ਵੀ ਸਾਂਝ ਨਹੀਂ ਸੀ, ਨਾ ਹੀ ਗੁਰੂ ਜੀ ਜਨੇਊ ਪਾਉਂਦੇ ਸਨ, ਨਾ ਹੀ ਤਿਲਕ ਲਗਾਉਂਦੇ ਸਨ, ਪਰ ਫਿਰ ਵੀ ਜਿਸ ਵੇਲੇ ਹਿੰਦੂ ਲੋਕ ਲਚਾਰ ਹੋ ਕੇ ਹਰ ਪਾਸੇ ਤੋਂ ਬੇਵੱਸ ਹੋ ਕੇ ਗੁਰੂ ਸਾਹਿਬ ਜੀ ਦੇ ਪਾਸ ਆਏ, ਤਾਂ ਉਨ੍ਹਾਂ ਨੇ ਦਰ 'ਤੇ ਆਇਆਂ ਦੀ ਲਾਜ ਰੱਖੀ ਇੱਕ ਬੇਮਿਸਾਲ ਕੁਰਬਾਨੀ ਦੇ ਕੇ ਉਨ੍ਹਾਂ ਨੇ ਧਰਮ ਦਾ ਚਿਰਾਗ ਸਦਾ ਲਈ ਬਲਦਾ ਰੱਖਿਆ। ਗੁਰੂ ਤੇਗ ਬਹਾਦਰ ਜੀ ਦਾ ਜਨਮ 1621 ਈਸਵੀ ਨੂੰ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਘਰ, ਮਾਤਾ ਨਾਨਕੀ ਜੀ ਦੀ ਕੁੱਖੋਂ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਹੋਇਆ। ਆਪ ਜੀ ਦੀ ਪੜ੍ਹਾਈ ਅਤੇ ਸਿਖਲਾਈ ਦਾ ਉਚੇਚਾ ਪ੍ਰਬੰਧ ਕੀਤਾ ਗਿਆ। ਭਾਈ ਗੁਰਦਾਸ ਜੀ ਨੂੰ ਅੱਖਰੀ ਵਿੱਦਿਆ ਦੇਣ ਲਈ ਕਿਹਾ ਗਿਆ ਅਤੇ ਜਦੋਂ ਆਪ ਜੀ ਥੋੜ੍ਹੇ ਵੱਡੇ ਹੋਏ, ਤਾਂ ਬਾਬਾ ਬੁੱਢਾ ਜੀ ਪਾਸ ਰਾਮਦਾਸ ਵਿਖੇ ਭੇਜਿਆ ਗਿਆ, ਜਿੱਥੇ ਆਪ ਜੀ ਨੇ ਕਿਰਤ ਦੀ ਮਹੱਤਤਾ ਨੂੰ ਜਾਣਿਆ ਅਤੇ ਹੋਰ ਗੁਣ ਪ੍ਰਾਪਤ ਕੀਤੇ। ਬਾਬਾ ਬੁੱਢਾ ਜੀ ਨੂੰ ਬਹੁਤ ਵਡੇਰੀ ਉਮਰ ਵਿਚ ਵੀ ਕਿਰਤ ਵਿਚ ਜੁਟਿਆ ਦੇਖ ਕੇ ਆਪ 'ਤੇ ਬਹੁਤ ਡੂੰਘਾ ਪ੍ਰਭਾਵ ਪਿਆ। ਆਪ ਜੀ ਬਹੁਤ ਸਹਿਣਸ਼ੀਲ ਅਤੇ ਨਿਮਰਤਾ ਦੇ ਪੁੰਜ ਸੀ। ਆਖਿਆ ਜਾਂਦਾ ਹੈ ਕਿ ਆਪ ਜੀ ਆਮ ਤੌਰ 'ਤੇ ਚੁੱਪਚਾਪ ਹੀ ਰਹਿੰਦੇ, ਬਸ ਅਪਣੀ ਹੀ ਧੁਨ ਵਿਚ ਰਹਿ ਕੇ ਜਾਂ ਤਾ ਕੀਰਤਨ ਸੁਣਦੇ ਜਾਂ ਫਿਰ ਵਿੱਦਿਆ ਗ੍ਰਹਿਣ ਕਰਨ ਵਿਚ ਲੱਗੇ ਰਹਿੰਦੇ। ਸੰਸਾਰੀ ਵਿਖਾਵੇ ਦੇ ਕਾਰਜਾਂ ਵਿਚ ਆਪ ਬਿਲਕੁੱਲ ਵੀ ਰੁੱਚੀ ਨਹੀਂ ਸਨ ਰੱਖਦੇ। ਆਪ ਗਰੀਬਾਂ ਦੀ ਮਦਦ ਕਰਦੇ, ਉਨ੍ਹਾਂ ਦੀਆਂ ਲੋੜਾਂ ਪੂਰੀਆਂ ਕਰਦੇ ਆਪ ਖੁਦ ਬਹੁਤ ਥੋੜ੍ਹਾ ਖਾਂਦੇ, ਕਈ ਵਾਰ ਤਾਂ ਆਪ ਜੀ ਨੂੰ ਵਾਰ-ਵਾਰ ਬੇਨਤੀ ਕਰਨ 'ਤੇ ਹੀ ਪ੍ਰਸ਼ਾਦਾ ਛੱਕਦੇ। ਆਪ ਜੀ ਭਗਤੀ ਅਤੇ ਕੀਰਤਨ ਵਿਚ ਹੀ ਲੀਨ ਰਹਿੰਦੇ, ਆਪ ਜੀ ਨੂੰ ਸਰੀਰ ਦਾ ਖਿਆਲ ਘੱਟ ਹੀ ਰਹਿੰਦਾ ਸੀ। ਆਪ ਜੀ ਤੇਗ ਦੇ ਵੀ ਧਨੀ ਸੀ, ਇਸ ਕਰਕੇ ਹੀ ਆਪ ਜੀ ਨੂੰ "ਤੇਗ ਬਹਾਦਰ" ਆਖਿਆ ਜਾਂਦਾ ਹੈ। ਆਪ ਜੀ 1664 ਈਸਵੀ ਵਿਚ ਗੁਰਤਾਗੱਦੀ 'ਤੇ ਬਿਰਾਜਮਾਨ ਹੋਏ। ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਦੇ ਇਸ਼ਾਰੇ "ਬਾਬਾ ਬਕਾਲੇ ਰੇ" ਅਨੁਸਾਰ ਭਾਈ ਲੁਬਾਣਾ ਜੀ ਪਾਸ ਮੋਹਰਾਂ ਦੀ ਸੁੱਖਣਾ ਦੇਣ ਲਈ ਬਾਬਾ ਬਕਾਲਾ ਪਹੁੰਚਣ ਅਤੇ "ਗੁਰੂ ਲਾਧੋ ਰੇ" ਬੋਲ ਕੇ ਆਪ ਜੀ ਨੂੰ ਉਜਾਗਰ ਕੀਤਾ। ਆਪ ਜੀ ਨੇ ਮਾਲਵੇ ਵਿਚ ਆ ਕੇ ਸਿੱਖੀ ਦਾ ਪ੍ਰਚਾਰ ਸ਼ੁਰੂ ਕੀਤਾ। ਆਪ ਜੀ ਨੇ ਉਸ ਵੇਲੇ ਮੂਲੋਵਾਲ, ਫਰਵਾਹੀ, ਹੰਢਾਇਆ, ਤਲਵੰਡੀ ਸਾਬੋ, ਬਹਾਦਰਗੜ੍ਹ, ਪਟਿਆਲਾ, ਧਮਤਾਨ ਸਾਹਿਬ ਬੁੱਢਲਾਡਾ, ਭੀਖੀ ਆਦਿ



ਥਾਂਵਾ ਤੋਂ ਹੁੰਦੇ ਹੋਏ ਮਾਲਵੇ ਦੀਆਂ ਸੰਗਤਾਂ ਨੂੰ ਨਿਹਾਲ ਕੀਤਾ। ਆਪ ਜੀ ਨੇ ਖੂਹ, ਤਲਾਬ ਅਤੇ ਬਾਗ ਵੀ ਲਗਾਏ। ਗੁਰੂ ਜੀ ਨੇ ਸਿੱਖੀ ਦਾ ਪ੍ਰਚਾਰ ਕਰਦੇ ਹੋਏ ਮਾਲਵੇ ਵਿਚ ਦੋ ਵਾਰੀ ਚਰਨ ਪਾਏ ਅਤੇ ਸੰਗਤਾਂ ਨੂੰ ਸਿੱਖੀ ਨਾਲ ਜੋੜਿਆ, ਤੰਬਾਕੂ ਨਾ ਖਾਣ ਅਤੇ ਕੇਸ ਨਾ ਕੱਟਣ ਆਦਿ ਉਪਦੇਸ਼ ਕੀਤੇ। ਮਾਲਵੇ ਵਿਚ ਸਿੱਖੀ ਦਾ ਪ੍ਰਚਾਰ ਘੱਟ ਹੋਇਆ ਸੀ, ਇਸ ਲਈ ਗੁਰੂ ਤੇਗ ਬਹਾਦਰ ਜੀ ਨੇ ਮਾਲਵੇ ਵਿਚ ਆਪ ਜਾ ਕੇ ਪ੍ਰਚਾਰ ਕਰਨ ਦਾ ਮਨ ਬਣਾਇਆ। ਉਹ ਸੰਗਤਾਂ ਵਿਚ ਵਿਚਰਦੇ "ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ" ਦਾ ਉਪਦੇਸ਼ ਹੀ ਦ੍ਰਿੜ੍ਹ ਕਰਵਾਉਂਦੇ ਸਨ। ਉਨ੍ਹਾਂ ਦੇ ਪ੍ਰਚਾਰ ਸਦਕਾ ਹੀ ਲੱਖੀ ਜੰਗਲ ਤੋਂ ਖਾਸ ਕਰਕੇ, ਬਹੁਤ ਸਾਰੇ ਜਵਾਨ ਗੁਰੂ ਗੋਬਿੰਦ ਸਿੰਘ ਜੀ ਪਾਸ ਪਹੁੰਚ ਕੇ ਆਪਣੀਆਂ ਸੇਵਾਵਾਂ ਅਰਪਣ ਕਰਦੇ ਰਹੇ। ਇਹ ਬਹੁਤ ਅਣਖੀਲੇ ਅਤੇ ਜੁਝਾਰੂ ਸਿੰਘ ਸਨ। ਇਹੀ ਕਾਰਨ ਹੈ ਕਿ ਚਮਕੌਰ ਦੀ ਗੜ੍ਹੀ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਿੱਧੇ ਲੱਖੀ ਜੰਗਲ ਹੀ ਆਏ ਸਨ। ਗੁਰੂ ਤੇਗ ਬਹਾਦਰ ਜੀ ਨੇ ਸੰਗਤਾਂ ਨੂੰ ਉਪਦੇਸ਼ ਦਿੱਤਾ ਕਿ ਜਦ ਤੱਕ ਅਸੀਂ ਪ੍ਰਭੂ ਨੂੰ ਪਿਤਾ ਦੇ ਸਮਾਨ ਨਹੀਂ ਜਾਣਦੇ, ਉਹ ਸਾਡੀ ਬੇਨਤੀ ਨਹੀਂ ਸੁਣੇਗਾ। ਉਹ ਸਾਂਝਾ ਬਾਪ ਹਮਾਰਾ ਹੈ, ਤਾਂ ਅਸੀਂ ਸਾਰੇ ਇੱਕ ਦੂਜੇ ਦੇ ਭਰਾ ਭਰਾ ਹਾਂ। ਗੁਰੂ ਜੀ ਨੇ ਚੱਕ ਨਾਨਕੀ ਤੋਂ ਫਿਰ ਆਨੰਦਪੁਰ ਸਾਹਿਬ ਵਸਾਇਆ। ਸੰਗਤਾਂ ਦੇ ਘਰਾਂ ਲਈ ਥਾਂ ਨਿਸ਼ਚਿਤ ਕਰ ਦਿੱਤੀ ਅਤੇ ਵਪਾਰੀਆਂ ਲਈ ਮੰਡੀਆਂ ਅਤੇ ਬਾਜ਼ਾਰ ਲਈ ਵੀ ਥਾਂ ਰਾਖਵੀਂ ਰੱਖ ਦਿੱਤੀ। ਉਸ ਸਮੇਂ ਗੁਰੂ ਜੀ ਨੇ ਕੁੱਝ ਮੁਖੀ ਸਿੱਖਾਂ ਨੂੰ ਮਕਾਨ ਬਣਾ ਕੇ ਦਿੱਤੇ। ਲੰਗਰ ਹਰ ਵਖਤ ਚੱਲਦਾ ਰਹਿੰਦਾ ਸੀ। ਆਪ ਜੀ ਨੇ 59 ਸ਼ਬਦ ਅਤੇ 57 ਸਲੋਕ ਅਤੇ ਦੋਹਰੇ ਉਚਾਰਨ ਕੀਤੇ। ਜਿਸ ਵੇਲੇ ਔਰੰਗਜ਼ੇਬ ਬਾਦਸ਼ਾਹ ਹਿੰਦੁਸਤਾਨ ਦੇ ਉੱਪਰ ਅੱਤ ਜ਼ੁਲਮ ਕਰਨ ਲੱਗਾ, ਉਹ ਬੇਬਸ ਲੋਕਾਂ ਉੱਪਰ ਆਪਣਾ ਕਹਿਰ ਢਾ ਕੇ ਉਨ੍ਹਾਂ ਨੂੰ ਇਸਲਾਮ ਧਰਮ ਵਿਚ ਲਿਆ ਰਿਹਾ ਸੀ। ਔਰੰਗਜ਼ੇਬ ਨੇ ਤਕਰੀਬਨ ਸਾਰੇ ਹਿੰਦੁਸਤਾਨ ਨੂੰ ਮੁਸਲਮਾਨ ਬਣਾਉਣ ਦਾ ਮਨ ਬਣਾ ਲਿਆ। ਵੱਖ-ਵੱਖ ਥਾਵਾਂ 'ਤੇ ਧੱਕੇਸ਼ਾਹੀ ਦੇ ਨਾਲ ਪ੍ਰੇਮ ਦੇ ਨਾਲ ਲਾਲਚ ਦੇ ਕੇ ਉਨ੍ਹਾਂ ਨੂੰ ਬਹੁਤ ਸਾਰੇ ਲੋਕਾਂ ਨੂੰ ਮੁਸਲਮਾਨ ਬਣਾ ਲਿਆ ਸੀ ਪਰ ਜਿਸ ਵੇਲੇ ਕਸ਼ਮੀਰ ਦੇ ਪੰਡਤਾਂ ਨੂੰ ਮੁਸਲਮਾਨ ਬਣਾਉਣ ਲੱਗਾ, ਤਾਂ ਉਨ੍ਹਾਂ ਨੇ ਆ ਕੇ ਗੁਰੂ ਤੇਗ ਬਹਾਦਰ ਸਾਹਿਬ ਦੇ ਚਰਨਾਂ 'ਚ ਅਰਦਾਸ ਬੇਨਤੀ ਕੀਤੀ। ਸੱਚੇ ਪਾਤਸ਼ਾਹ ਨੇ ਕਿਹਾ, ਔਰੰਗਜੇਬ ਨੂੰ ਕਹਿ ਦਿਓ, ਜੇ ਗੁਰੂ ਤੇਗ ਬਹਾਦਰ ਸਾਹਿਬ ਨੂੰ ਮੁਸਲਮਾਨ ਬਣਾ ਲੈਣਗੇ, ਤਾਂ ਉਹ ਸਾਰੇ ਮੁਸਲਮਾਨ ਬਣ ਜਾਣਗੇ, ਪਰ ਐਸਾ ਨਾ ਹੋ ਸਕਿਆ, ਔਰੰਗਜ਼ੇਬ ਨੇ ਅਨੇਕਾਂ ਤਸੀਹੇ ਦਿੱਤੇ, ਗੁਰੂ ਸਾਹਿਬ ਨੂੰ ਅਨੇਕਾਂ ਲਾਲਚ ਦਿੱਤੇ, ਪਰ ਸੱਚੇ ਪਾਤਸ਼ਾਹ ਨੇ ਉਨ੍ਹਾਂ ਦੀ ਈਨ ਨਹੀਂ ਮੰਨੀ। ਅੰਤ ਵਿਚ ਚਾਂਦਨੀ ਚੌਕ ਵਿਚ 1675 ਆਪਣੇ ਸੀਸ ਦਾ ਬਲੀਦਾਨ ਦੇ ਕੇ ਔਰੰਗਜ਼ੇਬ ਦੇ ਹੰਕਾਰ ਨੂੰ ਠੋਕਰ ਮਾਰੀ ਤੇ ਹਿੰਦੂ ਧਰਮ ਨੂੰ ਬਚਾਇਆ, ਤਾਂ ਹੀ ਗੁਰੂ ਜੀ ਨੂੰ ਹਿੰਦ ਦੀ ਚਾਦਰ ਆਖਿਆ ਜਾਂਦਾ ਹੈ। ਗੁਰੂ ਤੇਗ ਬਹਾਦਰ ਸਾਹਿਬ ਦੀ ਲਾਸਾਨੀ ਸ਼ਹਾਦਤ ਨੂੰ ਕੋਟਾਨ ਕੋਟ ਪ੍ਰਣਾਮ ਹੈ।

# ਲੋਕਾਂ ਨਾਲ ਅੱਖਾਂ ਚਾਰ ਕਰਨ ਦੀ ਗਾਥਾ ਹੈ ਪ੍ਰੋ. ਜਸਵੰਤ ਸਿੰਘ ਗੰਡਮ ਦਾ ਕਾਵਿ-ਸੰਗ੍ਰਹਿ "ਬੁੱਲ੍ਹ ਸੀਤਿਆਂ ਸਰਨਾ ਨਈਂ"

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
ਪੰਜਾਬ ਮੇਲ USA



'ਅੱਖ' ਤਾਂ ਹਰ ਲੇਖਕ ਕੋਲ ਹੁੰਦੀ ਹੈ, ਪਰ ਸੱਚ-ਝੂਠ, ਸੋਨਾ-ਤਾਂਬਾ, ਕਣਕ-ਤੂੜੀ ਨੂੰ ਵੱਖ-ਵੱਖ ਕਰਨ ਦੇ ਯੋਗ ਹੋਣ ਲਈ ਉਸਨੂੰ ਬੁੱਧੀ ਅਤੇ ਗਿਆਨ ਦੀ ਲੋੜ ਹੁੰਦੀ ਹੈ। ਤਦੇ ਤਾਂ ਰਸੂਲ ਹਮਜ਼ਾਤੋਵ ਕਹਿੰਦਾ ਹੈ:

-"ਇਹ ਨਾ ਕਹੋ ਕਿ ਮੈਨੂੰ ਵਿਸ਼ਾ ਦਿਓ।
ਸਗੋਂ ਇਹ ਕਹੋ ਕਿ ਮੈਨੂੰ ਅੱਖਾਂ ਦਿਓ।"

ਪ੍ਰੋ. ਜਸਵੰਤ ਸਿੰਘ ਗੰਡਮ, ਜਦੋਂ ਆਪਣੇ ਕਾਵਿ-ਸੰਗ੍ਰਹਿ 'ਬੁੱਲ੍ਹ ਸੀਤਿਆਂ ਸਰਨਾ ਨਈਂ' ਵਿਚ ਇਹ ਕਹਿਕੇ ਅੱਗੇ ਤੁਰਦਾ ਹੈ ਕਿ ਭਾਵੇਂ ਕਵਿਤਾ ਪ੍ਰਚੰਡ ਭਾਵਨਾਵਾਂ ਦਾ ਆਪਮੁਹਾਰਾ ਵਹਿਣ/ਉਛਾਲਾ ਹੈ ਪਰ ਮੇਰੇ ਲਈ ਲਿਖਣਾ ਇੱਕ ਥਰੈਪਿਉਟਿਕ (ਵੈਦਿਕ, ਔਸ਼ਧੀ ਜਨਕ) ਅਤੇ ਕੈਥਾਰਟਿਕ (ਸ਼ੁੱਧੀ ਕਾਰਕ, ਵਿਰੇਚਕ) ਵਰਤਾਰਾ ਹੈ, ਤਾਂ ਉਹਦੀ ਕਵਿਤਾ ਸਿਰਜਨਾਤਮਕ ਸੋਚ, ਦ੍ਰਿਸ਼ਟੀਕੋਣ, ਪ੍ਰਸੰਗਕਤਾ, ਪ੍ਰਤੀਬੱਧਤਾ, ਬੁੱਧੀ ਅਤੇ ਗਿਆਨ ਨਾਲ ਓਤਪੋਤ ਦਿੱਸਦੀ ਹੈ। ਉਸਦੀ ਸਮੁੱਚੀ ਕਵਿਤਾ ਪ੍ਰਸੰਗਕ ਸੱਚ ਨੂੰ ਬਿਆਨ ਹੀ ਨਹੀਂ ਕਰਦੀ ਸਗੋਂ ਪ੍ਰਸੰਗਕਤਾ ਦੀ ਸਥਿਤੀ 'ਚੋਂ ਲੋਕਾਂ ਨੂੰ ਮੁਕਤ ਕਰਨ ਦਾ ਰਾਹ ਉਲੀਕਦੀ ਹੈ।

-"ਬੁੱਲ੍ਹ ਸੀਤਿਆਂ ਸਰਨਾ ਨਈਂ
ਕੁੱਛ ਤਾਂ ਕਹਿਣਾ ਪੈਣਾ ਏਂ" (ਬੁੱਲ੍ਹ ਸੀਤਿਆਂ ਸਰਨਾ ਨਈਂ)

ਅਤੇ ਉਹ ਕਹਿੰਦਾ ਹੈ। ਬੋਲਦਾ ਹੈ। ਮਿਹਣਾ ਦੇਂਦਾ ਹੈ। ਰਾਜਨੀਤੀ ਵਿਚਲੇ ਭ੍ਰਿਸ਼ਟਾਚਾਰ ਦੇ ਪ੍ਰਖੱਚੇ ਉਡਾਉਂਦਾ ਹੈ। ਸਮਕਾਲ ਵਿਚ ਫਿਰਕਾਪ੍ਰਸਤੀ, ਧਾਰਮਿਕ ਕਾਨੂੰਨ, ਮਾਨਸਿਕ ਗੁਲਾਮੀ, ਆਰਥਿਕ ਲੁੱਟ ਦੇ ਪਿੜਾਂ ਹੇਠ ਪਿਸ ਰਹੇ ਲੋਕਾਂ ਨੂੰ ਟੁੰਬਦਾ ਹੈ, ਲਲਕਾਰਦਾ ਹੈ।


-"ਸੱਚ ਤਾਂ ਆਖ਼ਿਰ ਬੋਲਣਾ ਪਊ
ਅਣਖ ਨਾਲ ਜੇ ਰਹਿਣਾ ਏਂ" (ਬੁੱਲ੍ਹ ਸੀਤਿਆਂ ਸਰਨਾ ਨਈਂ)

ਪ੍ਰਸਿੱਧ ਰੂਸੀ ਕਵੀ ਕੈਸਿਨ ਕੁਲਈ ਆਖਦਾ ਹੈ:-

"ਕਵਿਤਾ ਸੁੰਦਰ, ਸਦੀਵੀ, ਕੀਮਤੀ ਅਤੇ ਉਪਯੋਗੀ ਵੀ ਹੈ। ਬਿਲਕੁਲ ਉਸੇ ਤਰ੍ਹਾਂ ਜਿਵੇਂ ਦਾਣਿਆਂ ਦੇ ਸਿੱਟੇ ਅਤੇ ਤਾਰੇ। ਇਹ ਜੀਉਂਦਿਆਂ ਲਈ ਹੈ ਮੋਇਆਂ ਲਈ ਨਹੀਂ। ਇਹ ਲੋਕਾਂ ਦੀ ਤਰਜਮਾਨੀ ਕਰਦੀ ਹੈ ਅਤੇ ਸੇਵਾ ਵੀ।"

ਪ੍ਰੋ. ਜਸਵੰਤ ਸਿੰਘ ਗੰਡਮ ਦੀ ਕਵਿਤਾ ਜਿੱਤ-ਹਾਰ, ਖੁਸ਼ੀ-ਉਦਾਸੀ ਦੇ ਵਰਤਾਰੇ ਨਾਲ ਸੰਵਾਦ ਰਚਾਉਂਦੀ ਹੈ। ਸਾਡੀ ਚੁੱਪ ਅਤੇ ਅੰਨ੍ਹੀ ਸੰਤੁਸ਼ਟਤਾ, ਜੋ ਮਨੁੱਖ ਜੀਵਨ ਲਈ ਘਾਤਕ ਹੈ, ਤੋਂ ਦੂਰ ਰਹਿਣ ਲਈ ਪ੍ਰੇਰਦੀ ਹੈ।

-"ਡਿੱਗਕੇ ਨਾ ਉੱਠਣਾ ਮਿਹਣਾ ਹੈ,
ਉਂਝ ਤਾਂ ਬੰਦਾ ਡਿੱਗਦਾ ਹੀ ਹੈ" (ਠੋਕਰ-ਠੇਡਾ)






-"ਰਸਤਾ ਨਹੀਂ ਤਾਂ ਰਸਤਾ ਬਣਾ
ਸਾਬਤ ਕਦਮੀ ਚਲਦਾ ਜਾਹ" (ਰਸਤਾ ਬਣਾ)

ਮਨੁੱਖੀ ਜ਼ਿੰਦਗੀ ਇੱਕ ਪ੍ਰਵੇਸ਼-ਗੁਣ ਭਰਪੂਰ ਗਤੀਸ਼ੀਲਤਾ ਹੈ, ਜੋ ਨਿਮਟਾਉਣ, ਉਗਣ, ਵਿਗਸਣ, ਬਿਨਸਨ ਦੇ ਨਾਲ-ਨਾਲ ਸ਼ਬਦ ਗ੍ਰੰਥ, ਸਮਾਜ, ਇਤਿਹਾਸ ਅਤੇ ਦਰਸ਼ਨ ਦੀ ਸਿਰਜਨਾ ਅਤੇ ਸੰਭਾਲ ਕਰਦੀ ਹੈ। ਇਸ ਲਈ ਮਾਨਵ, ਪ੍ਰਕਿਰਤਿਕ ਆਵੇਸ਼ ਦਾ ਭਾਗ ਹੁੰਦਿਆਂ ਹੋਇਆਂ ਵੀ ਵਿਵੇਕ ਭਰਪੂਰ ਪ੍ਰਵੇਸ਼ ਕਰਦਿਆਂ ਉਲਟ ਸਥਿਤੀਆਂ ਨਾਲ ਨਿਰੰਤਰ ਤਣਾਓ, ਟਕਰਾਓ, ਸੰਘਰਸ਼ ਵਿਚ ਰਹਿੰਦਾ ਹੈ। ਲੇਖਕ ਇਸ ਸਮੁੱਚੇ ਵਰਤਾਰੇ ਅਤੇ ਸਮੇਂ ਦੇ ਸੱਚ ਨੂੰ ਆਪਣਾ ਫਰਜ਼ ਨਿਭਾਉਂਦਿਆਂ ਵਧੇਰੇ ਚੇਤੰਨ ਹੋ ਕੇ ਬਿਆਨਦਾ ਹੈ।

ਕਵੀ ਪ੍ਰੋ. ਜਸਵੰਤ ਗੰਡਮ ਦੇ ਕਾਵਿ-ਬੋਲ ਸਮੇਂ ਦੇ ਸੱਚ ਦੇ ਹਾਣ ਦੇ ਹਨ:

-"ਮਹਿਲਾਂ ਵਾਲਾ ਕੀ ਜਾਣੇ? ਕਿਸ ਭਾਅ ਵਿਕਦੀ ਕੱਕਰ ਵਿੱਚ?" (ਕੱਕਰ ਵਿਚ)

-"ਅਸੀਂ ਸਰਕਾਰੀ ਨੌਕਰ ਹਾਂ, ਰੱਜ ਕੇ ਸੌਂਈਏ ਦਫ਼ਤਰ ਵਿਚ)" (ਕੱਕਰ ਵਿਚ)

-"ਜੰਗਲ ਵੀ ਸ਼ਰਮਾ ਜਾਵੇਗਾ, ਕਿੰਨਾ ਸੁੰਨ-ਮਸਾਨ ਨਗਰ ਹੈ" (ਗੁਆਚਾ ਘਰ)

ਪ੍ਰੋ. ਜਸਵੰਤ ਸਿੰਘ ਗੰਡਮ ਸਮਝਦਾ ਹੈ ਕਿ ਮਨੁੱਖੀ ਜੀਵਨ ਦੇ ਆਦਰਸ਼ ਦਾ ਮਹਾਂ-ਪ੍ਰਕਾਸ਼ ਹੁੰਦਾ ਹੈ। ਆਸ਼ਾਵਾਦ ਦੀ ਇਹੀ ਵਿਸ਼ੇਸ਼ਤਾ ਜੀਵਨ ਦੇ ਨੈਤਿਕ ਮੁੱਲਾਂ ਦੀ ਸਥਾਪਨਾ ਕਰਨ ਲਈ ਮਨੁੱਖ ਨੂੰ ਨਿਰੰਤਰ ਸੰਘਰਸ਼ਮਈ ਸਥਿਤੀ ਵਿਚ ਰੱਖਦੀ ਹੈ। ਇਹ ਸੰਘਰਸ਼ ਕਦੇ ਆਪਣੇ ਅੰਦਰ ਅਤੇ ਕਦੇ ਆਪਣੇ ਬਾਹਰ ਚਲਦਾ ਰਹਿੰਦਾ ਹੈ। ਕੁਦਰਤ ਦੀ ਵਿਰਾਟ ਗੋਦ ਵਿਚ ਬੈਠੇ ਮਨੁੱਖ ਦਾ ਖਾਸਾ ਹੈ ਕਿ ਉਹ ਆਪਣੇ ਵਿਪਰੀਤ ਸਥਿਤੀਆਂ ਨਾਲ ਜੰਗ ਕੀਤੇ ਬਿਨ੍ਹਾਂ ਨਹੀਂ ਰਹਿ ਸਕਦਾ। ਉਸਾਰੀਆਂ, ਤਬਾਹੀਆਂ, ਮੁੜ ਉਸਾਰੀਆਂ ਦਾ ਸਿਲਸਿਲਾ ਮਾਨਵ ਨੂੰ ਆਪਣੇ ਇਤਿਹਾਸਕ, ਸਮਾਜਿਕ ਕਾਰਜ ਦਾ ਬੋਧ ਕਰਾਉਂਦਾ ਹੈ। ਪ੍ਰੋ. ਜਸਵੰਤ ਸਿੰਘ ਗੰਡਮ ਦੀ ਕਾਵਿ-ਸਿਰਜਨਾ ਵਿਚ ਅਜਿਹੀ ਨਿਆਰੀ ਸ਼ਕਤੀ ਦਾ ਮਹਾਤਮੀ ਸਰੂਪ ਲੋਕ-ਹਿਤੈਸ਼ੀ ਪ੍ਰਤੀਕ ਵਜੋਂ ਉਭਰਦਾ ਹੈ।

-"ਬਿਗਲ ਵਜੂ ਜੰਗ ਦਾ ਇੰਝ ਹੀ
ਜਦ ਤਕ ਜ਼ੁਲਮ, ਸਿਤਮ ਜਬਰ ਹੈ" (ਗੁਆਚਾ ਘਰ)

-"ਮਿੱਧ ਸੱਪਾਂ ਦੀਆਂ ਸਿਰੀਆਂ, ਛੇੜਨਗੇ ਸਾਂਝੇ ਰਾਗ ਨੂੰ
ਕਈ ਆਏ ਤੇ ਕਈ ਗਏ, ਨਾ ਮਾਰ ਸਕੇ ਪੰਜਾਬ ਨੂੰ" (ਕਮਲ ਅਤੇ ਗੁਲਾਬ ਦੀ ਨੋਕ-ਝੋਕ-ਕਿਸਾਨ ਸੰਘਰਸ਼)

ਪੰਜਾਬੀ ਦੇ ਨਿਵੇਕਲੇ ਵਾਰਤਿਕਕਾਰ ਦੇ ਤੌਰ 'ਤੇ ਆਪਣੀ ਪੈਂਠ ਬਣਾ ਚੁੱਕੇ ਪ੍ਰੋ. ਜਸਵੰਤ ਸਿੰਘ ਗੰਡਮ ਦੇ ਕਾਵਿ-ਸੰਗ੍ਰਹਿ "ਬੁੱਲ੍ਹ ਸੀਤਿਆਂ ਸਰਨਾ ਨਈਂ" ਵਿਚ ਕੁੱਲ ਮਿਲਾਕੇ 88 ਕਵਿਤਾਵਾਂ ਹਨ, ਜਿਨ੍ਹਾਂ ਵਿਚ ਨੈਂਟ-ਨਾਮਾ, ਦੋਹੇ/ ਨਵੀਨ ਦੋਹੇ ਅਤੇ ਵਿਅੰਗ ਕਵਿਤਾਵਾਂ ਸ਼ਾਮਲ ਹਨ। ਆਪਣੀਆਂ ਇਨ੍ਹਾਂ ਕਾਵਿ-ਰਚਨਾਵਾਂ ਵਿਚ ਪ੍ਰੋ. ਗੰਡਮ ਆਪਣੀ ਜੀਵਨ-ਧਾਰਾ ਅਨੁਸਾਰ ਲੋਕਾਂ ਦੀ ਸੁੱਤੀ ਜ਼ਮੀਰ ਨੂੰ ਜਗਾਉਣ ਲਈ ਲੋਕ-ਮਾਨਸਿਕਤਾ ਨੂੰ ਹਲੂਣਾ ਦਿੰਦਾ ਹੈ। ਉਹ ਸਵਾਲ-ਦਰ-ਸਵਾਲ ਖੜ੍ਹੇ ਕਰਦਾ ਹੈ ਕਿ ਕੀ ਇਹ ਏਦਾਂ ਹੀ ਚੱਲਦਾ ਰਹੇ ਅਤੇ ਅਸੀਂ ਚੁੱਪ ਧਾਰਨ ਕਰਕੇ ਇਹ ਸਭ ਕੁਝ ਵੇਖੀ ਜਾਈਏ। ਉਹ ਇਸ ਵਿਚਾਰ ਦਾ ਧਾਰਨੀ ਹੈ ਕਿ ਚੇਤਨ ਮਨੁੱਖ ਕਦੇ ਅਜਿਹੀ ਪ੍ਰਾਪਤ ਸਥਿਤੀ ਦੇ ਘਿਨਾਉਣੇ ਨਾਕਾਰਾਤਮਕ ਕਰਮ ਨੂੰ ਵੇਖਕੇ, ਅਨੁਭਵ ਕਰਕੇ ਨਿਸਲਤਾ ਦੀ ਨਿਸ ਕਿਰਿਆਵੀ ਸੋਚ ਧਾਰਨ ਨਹੀਂ ਕਰ ਸਕਦਾ। ਇਸ ਸਥਿਤੀ ਵਿਚ ਬਦਲਾਵ ਕੇਵਲ ਭਾਵੁਕ-ਰੁਦਨ, ਹੌਕੇ ਹਾਵੇ ਭਰਨ, ਕਰੁਣਾ ਭਰਪੂਰ ਪਾਠ ਤੱਕ ਸੀਮਤ ਰਹਿਕੇ ਨਹੀਂ ਹੋ ਸਕਦਾ। ਸਗੋਂ ਇਸ ਸਥਿਤੀ ਦੇ ਕਾਰਨਾਂ ਦੀ ਵਿਗਿਆਨਕ ਦਿਮਾਗੀ ਸਮਝ ਲੈਣੀ ਹੋਵੇਗੀ।

ਪ੍ਰੋ. ਜਸਵੰਤ ਸਿੰਘ ਗੰਡਮ ਦੀ ਕਵਿਤਾ ਦੀ ਹਰ ਸਤਰ ਦਾ ਇੱਕ ਵੱਖਰਾ ਰੰਗ ਹੈ, ਭਾਵ ਹੈ। ਉਹ ਭਾਵੇਂ ਸੈੱਲ ਫੋਨ ਦੀ ਗੱਲ ਕਰੇ, ਜਾਂ ਕਿਸਾਨ ਅੰਦੋਲਨ ਦੀ, ਉਹ ਭਾਵੇਂ ਪਾਤਰ ਦੀ ਬਾਤ ਕਰੇ, ਜਾਂ ਪ੍ਰਵਾਸ ਹੰਢਾ ਰਹੇ ਪ੍ਰਵਾਸੀਆਂ ਦੀ ਜਾਂ ਫਿਰ ਪ੍ਰਦੇਸ ਗਈ ਔਲਾਦ ਕਾਰਨ ਇਕਲਾਪਾ ਹੰਢਾ ਰਹੇ ਬੁੱਢੇ ਮਾਪਿਆਂ ਦੀ। ਉਹ ਠੱਗੀ ਦੇ ਡੇਰਿਆਂ ਦੀ ਗੱਲ ਕਰੇ ਜਾਂ ਥੱਬੀ ਖਾਨ ਦੀ, ਉਹ ਕੋਰਾ ਸੱਚ ਕਹਿੰਦਾ ਹੈ।

ਉਸਦੀ ਕਾਵਿ-ਮਾਨਸਿਕਤਾ ਬਾਪੂ-ਬੇਬੇ, ਰੱਖੜੀ-ਭੈਣ, ਪਾਣੀ-ਪ੍ਰਾਣੀ, ਠੋਕਰ-ਠੇਡੇ, ਗੈਰਤ-ਔਕੜਾਂ, ਪ੍ਰਦੇਸ਼-ਨਾਮਾ, ਬਨਵਾਸ/ਇਕਲਾਪਾ, ਬਿਰਖਾਂ/ਪੰਖੇਰੂਆਂ, ਕੁਦਰਤ ਦੇ ਰਾਗਾਂ-ਰੰਗਾਂ 'ਚ ਖੁਭੀ ਹੋਈ ਕਦੇ ਮੰਡੀ ਦੇ ਦੌਰ, ਕਾਰੋਬਾਰੀ ਰਿਸ਼ਤਿਆਂ ਅਤੇ ਵੇਲੇ ਦੇ ਸੁਪਨਿਆਂ ਦੀ ਸੱਚਾਈ ਬਿਆਨਦੀ ਹੈ। ਅੰਬਰੋਂ ਅਗਲੀ ਸੋਚ 'ਚ ਵਹਿੰਦੀ ਨੱਚ-ਨੱਚ ਧੂੜਾਂ ਪੁੱਟਦੀ ਜ਼ਿੰਦਗੀ ਨਾਲ ਅੱਖਾਂ ਚਾਰ ਕਰਦੀ ਹੈ।

ਆਓ ਉਸਦੀ ਕਵਿਤਾ ਦੇ ਕੁਝ ਅੰਗਾਂ ਨਾਲ ਆਪਣੇ ਮਨ ਮਸਤਕ ਦੀ ਸਾਂਝ ਪਾਈਏ:-

-"ਭੁੱਖ, ਗਰੀਬੀ, ਅਤੇ ਦੁੱਖ-ਦਰਦ
ਧਰਤੀ ਉਪਰੋਂ ਸਭ ਮਿਟਾਦੇ।" (ਦੁਆ)

-"ਤੇਰੇ ਮਿੱਠੜੇ ਬੋਲ ਨੇ ਏਦਾਂ
ਨੇਤਾ ਦੀ ਜਿਉਂ ਜੁਮਲੇਬਾਜ਼ੀ।" (ਸੱਚ ਬੋਲਦੇ ਰਹਿ ਗਏ)

-"ਬੁੱਢੀ ਦੇਹ ਹੈ ਖਿੰਡਰੀ ਪੁੰਡਰੀ
ਕਮਰ ਕਿਧਰੇ 'ਤੇ ਕੂਹਣੀ ਕਿਧਰੇ।" (ਸਾਧੂ ਕਿਧਰੇ ਧੂਣੀ ਕਿਧਰੇ)

-"ਟੌਹਰਾਂ ਕੱਢ ਕੇ ਆਉਂਦੇ ਹਾਂ,
ਮੰਗਵੇਂ ਕੱਪੜੇ ਪਾਉਂਦੇ ਹਾਂ।" (ਟੌਹਰਾਂ)

-"ਹਾਵੇ!
ਮਾਂ-ਬਾਪ ਤਰਸ ਗਏ,
ਕਦ ਪੁੱਤ ਪ੍ਰਦੇਸੋਂ ਆਵੇ।" (ਟੱਪੇ)

-"ਰਾਤੀਂ ਨੀਂਦਾਂ ਉਡੀਆਂ, ਪੱਥਰ ਹੋ ਗਏ ਨੈਣ
ਕੋਇਲਾਂ ਦੇ ਗੀਤ ਹੁਣ, ਲੱਗਦੇ ਪਏ ਨੇ ਵੈਣ।" (ਤਲਖ਼-ਹਕੀਕੀ ਦੋਹੇ)

-"ਲੁੱਟ ਰਹੇ ਨੇ ਹੱਥ-ਠੱਗੀਂ,
ਲੀਡਰ, ਬਾਬੇ ਤੇ ਮਨਮੁੱਖ" (ਰੁੱਖ ਡਟਿਆ ਰਿਹਾ)

ਪ੍ਰੋ. ਜਸਵੰਤ ਸਿੰਘ ਗੰਡਮ ਦੇ ਕਾਵਿ-ਸੰਗ੍ਰਹਿ 'ਬੁੱਲ੍ਹ ਸੀਤਿਆਂ ਸਰਨਾ ਨਈਂ' ਦੇ 104 ਸਫ਼ੇ ਹਨ। ਇਹ ਪੁਸਤਕ ਪੰਜਾਬੀ ਵਿਰਸਾ ਟਰੱਸਟ (ਰਜਿ:) ਵਲੋਂ ਇਸ ਆਸ ਨਾਲ ਛਾਪੀ ਗਈ ਹੈ ਕਿ ਪੰਜਾਬੀ ਕਾਵਿ-ਜਗਤ ਵਿਚ ਇੱਕ ਮੀਲ ਪੱਥਰ ਸਾਬਤ ਹੋਏਗੀ।

# ਗੁਰੂ ਤੇਗ ਬਹਾਦਰ ਬਾਣੀ ਦਾ ਵਿਚਾਰਧਾਰਕ ਪੱਖ

ਜਸਵਿੰਦਰ ਸਿੰਘ ਰੁਪਾਲ
ਅੰਮ੍ਰਿਤਸਰ
ਮੋਬਾਇਲ :- 94646-28857
ਪੰਜਾਬ ਮੇਲ USA



ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਨਾਮ ਜ਼ਿਹਨ ਵਿਚ ਆਉਂਦਿਆਂ ਹੀ ਇੱਕ ਤਪੱਸਵੀ, ਬੈਰਾਗੀ, ਸ਼ਾਂਤੀ ਅਤੇ ਭਗਤੀ ਕਰਨ ਵਾਲੀ ਸ਼ਖ਼ਸੀਅਤ ਦੀ ਤਸਵੀਰ ਸਾਹਮਣੇ ਆਉਂਦੀ ਹੈ, ਜਿਸ ਨੇ ਮਨੁੱਖੀ ਅਧਿਕਾਰਾਂ ਦੀ ਖਾਤਰ ਆਪਣੀ ਕੁਰਬਾਨੀ ਦਿੱਤੀ ਸੀ। ਉਨ੍ਹਾਂ ਦੇ ਵਿਅਕਤੀਤਵ ਵਿਚ ਜਿੱਥੇ ਭਗਤ, ਸਾਧੂ ਸੁਭਾਅ, ਧਾਰਮਿਕ ਖੁੱਲ੍ਹਦਿਲੀ, ਖਿਮਾਸ਼ੀਲ, ਦਾਰਸ਼ਨਿਕ ਵੇਤਾ ਸ਼ਾਂਤੀ ਦੇ ਦੂਤ ਵਾਲੇ ਸੰਤ ਦੇ ਗੁਣ ਸ਼ਾਮਲ ਸਨ, ਉਥੇ ਬਹਾਦਰ ਯੋਧਾ, ਦ੍ਰਿੜ੍ਹ ਨਿਸ਼ਚੇ ਵਾਲੇ, ਨਿਡਰ ਨਿਰਭਉ, ਕ੍ਰਾਂਤੀਕਾਰੀ, ਬਾਗੀ ਆਦਿ ਵਰਗੇ ਇੱਕ ਸਿਪਾਹੀ ਦੇ ਗੁਣ ਵੀ ਭਰਪੂਰ ਮਾਤਰਾ ਵਿਚ ਮਿਲਦੇ ਹਨ ਅਤੇ ਇਹ ਗੁਣ ਆਪਸ ਵਿਚ ਇੰਝ ਓਤ-ਪਰੋਤ ਹੋਏ ਹੋਏ ਹਨ ਕਿ ਇੱਕ ਨੂੰ ਦੂਜੇ ਤੋਂ ਨਿਖੇੜਨਾ ਆਸਾਨ ਨਹੀਂ।

ਕੋਈ ਵੀ ਕਿਰਤ ਆਪਣੇ ਕਰਤੇ ਦੇ ਅਨੁਭਵ ਤੋਂ ਬਾਹਰ ਨਹੀਂ ਹੋ ਸਕਦੀ। ਹਰ ਕਿਰਤ ਵਿਚ ਕਰਤਾ ਆਪ ਸਮਾਇਆ ਹੋਇਆ ਹੁੰਦਾ ਹੈ। ਖਾਸ ਕਰਕੇ ਸੰਤ ਭਗਤ ਤਾਂ ਸਿਰਫ ਓਹੀ ਆਖਦੇ ਹਨ, ਜੋ ਉਨ੍ਹਾਂ ਦੇਖਿਆ, ਪਰਖਿਆ, ਜਾਣਿਆ ਅਤੇ ਬੁਝਿਆ ਹੁੰਦਾ ਹੈ। "ਸੋ ਬੋਲਹਿ ਜੋ ਪੇਖਹਿ ਆਖੀ" (ਪੰਨਾ : 894) ਗੁਰਬਾਣੀ ਫੁਰਮਾਨ ਹੈ। ਗੁਰਮਤਿ ਦੇ ਇਸੇ ਸਿਧਾਂਤ ਤੇ ਪੂਰੇ ਉਤਰ ਰਹੇ ਗੁਰੂ ਤੇਗ ਬਹਾਦਰ ਜੀ ਬਾਰੇ ਪੂਰੇ ਵਿਸ਼ਵਾਸ ਨਾਲ ਅਤੇ ਪ੍ਰਮਾਣਿਕਤਾ ਨਾਲ ਇਹ ਆਖ ਸਕਦੇ ਹਾਂ ਕਿ ਜੋ ਉਨ੍ਹਾਂ ਆਪਣੀ ਬਾਣੀ ਵਿਚ ਲਿਖਿਆ, ਉਸ ਦਾ ਅੱਖਰ-ਅੱਖਰ ਉਨ੍ਹਾਂ ਆਪਣੇ ਜੀਵਨ ਵਿਚ ਕਮਾਇਆ ਵੀ। ਇਸ ਲਈ ਉਨ੍ਹਾਂ ਦੀ ਬਾਣੀ 'ਤੇ ਵਿਚਾਰ ਕਰਨ ਤੋਂ ਪਹਿਲਾਂ ਉਨ੍ਹਾਂ ਦੀ ਜੀਵਨ-ਸ਼ੈਲੀ, ਜੀਵਨ ਪ੍ਰਤੀ ਦ੍ਰਿਸ਼ਟੀਕੋਣ, ਆਦਰਸ਼, ਪ੍ਰੇਰਨਾ, ਉਨ੍ਹਾਂ ਦਾ ਸਮਕਾਲੀ ਸਮਾਜ ਪ੍ਰਤੀ ਨਜ਼ਰੀਆ ਦੇਖਣਾ ਵੀ ਜ਼ਰੂਰੀ ਹੈ, ਜਿਸਨੇ ਉਨ੍ਹਾਂ ਦੀ ਬਾਣੀ 'ਤੇ ਪ੍ਰਭਾਵ ਪਾਇਆ। ਗੁਰੂ ਜੀ 'ਤੋਂ ਆਪਣੇ ਤੋਂ ਪਹਿਲਾਂ ਹੋਏ ਗੁਰੂ ਸਾਹਿਬਾਨ ਅਤੇ ਭਗਤ ਜਨ ਸਭਨਾਂ ਦਾ ਬਹੁਤ ਡੂੰਘਾ ਅਸਰ ਸੀ। ਗੁਰਬਾਣੀ ਨੂੰ ਸ਼ਬਦ-ਰੂਪ ਵਿਚ ਪੂਰਨ ਸਤਿਕਾਰ ਮਿਲ ਚੁੱਕਿਆ ਸੀ। ਇਸ ਲਈ ਉਨ੍ਹਾਂ ਦੇ ਬਾਣੀ ਰਚਣ ਸਮੇਂ ਦੇ ਵਿਚਾਰ ਮਹਿਜ ਖਿਆਲੀ ਉਡਾਰੀਆਂ ਨਹੀਂ ਹੋ ਸਕਦੇ ਕਿਉਂਕਿ ਉਹ ਪਹਿਲੇ ਗੁਰੂ ਸਾਹਿਬਾਨ ਵਾਂਗ ਹੀ ਇਸ ਗੱਲ ਤੋਂ ਭਲੀਭਾਂਤ ਵਾਕਿਫ ਸਨ ਕਿ ਉਨ੍ਹਾਂ ਦੁਆਰਾ ਰਚਿਆ ਇੱਕ-ਇੱਕ ਸ਼ਬਦ ਸਿੱਖਾਂ ਦੀ ਜੀਵਨ-ਜਾਚ ਦਾ ਹਿੱਸਾ ਬਨਣਾ ਏ। ਉਨ੍ਹਾਂ ਦੇ ਜੀਵਨ ਦੇ ਸਿਰਫ ਉਹ ਪੱਖ ਬਹੁਤ ਹੀ ਸੰਖੇਪ ਵਿਚ ਵਿਚਾਰਦੇ ਹਾਂ, ਜਿਨ੍ਹਾਂ ਦਾ ਜ਼ਿਕਰ ਉਨ੍ਹਾਂ ਦੀ ਬਾਣੀ ਵਿਚ ਉੱਘੜ ਕੇ ਸਾਹਮਣੇ ਆਉਂਦਾ ਹੈ।

ਬਚਪਨ ਵਿਚ ਹੀ ਆਪਣਾ ਕੋਟ ਆਪਣੇ ਤਨ ਤੋਂ ਉਤਾਰ ਕੇ ਇੱਕ ਲੋੜਵੰਦ ਨੂੰ ਦੇਣਾ ਸਬੂਤ ਹੈ ਇਸ ਗੱਲ ਦਾ ਕਿ ਉਨ੍ਹਾਂ ਨੂੰ ਦੁਨਿਆਵੀ ਪਦਾਰਥਾਂ ਦੀ ਕੋਈ ਪਕੜ ਨਹੀਂ ਸੀ।

ਬਾਬਾ ਬਕਾਲੇ ਵਿਖੇ 22 ਮੰਜੀਆਂ ਲੱਗਣ ਸਮੇਂ ਆਪ ਜੀ ਦਾ ਇਕਾਂਤ ਵਿਚ ਸਿਮਰਨ ਕਰਦੇ ਰਹਿਣਾ ਉਨ੍ਹਾਂ ਦੀ ਦੁਨਿਆਵੀ ਮਾਣ ਤੋਂ ਦੂਰ ਹੋਣ ਅਤੇ ਵਿਵਾਦ ਤੋਂ ਬਚਣ ਦੀ ਕੋਸ਼ਿਸ਼ ਦਰਸਾਉਂਦਾ ਹੈ।

ਕਸ਼ਮੀਰੀ ਪੰਡਤਾਂ ਨੂੰ ਦਿੱਤਾ ਦਿਲਾਸਾ ਅਤੇ ਬਾਂਹ ਫੜਨ ਦਾ ਕਾਰਜ ਉਨ੍ਹਾਂ ਦੀ ਸਮਦ੍ਰਿਸ਼ਟੀ ਦਿਖਾਉਂਦਾ ਹੈ ਅਤੇ ਉਨ੍ਹਾਂ ਦੀ ਪਰਉਪਕਾਰੀ ਬਿਰਤੀ ਦੀ ਝਲਕ ਦਿਖਾਉਂਦਾ ਹੈ।

ਜਿਸ ਜਨੇਊ 'ਤੇ ਉਨ੍ਹਾਂ ਦਾ ਆਪਣਾ ਵਿਸ਼ਵਾਸ ਹੀ ਨਹੀਂ ਸੀ, ਜਿਸ ਦਾ ਗੁਰੂ ਨਾਨਕ ਜੀ ਨੇ ਖੰਡਨ ਕੀਤਾ ਸੀ, ਉਸੇ ਜਨੇਊ ਦੀ ਰਖਵਾਲੀ ਲਈ ਆਪਣੀ ਜਾਨ ਕੁਰਬਾਨ ਕਰ ਦੇਣੀ, ਜਿੱਥੇ ਇੱਕ ਪਾਸੇ ਉਨ੍ਹਾਂ ਦੀ ਧਾਰਮਿਕ ਖੁੱਲ੍ਹ ਦੀ ਲਖਾਇਕ ਹੈ, ਉੱਥੇ ਉਨ੍ਹਾਂ ਦੀ ਮਨੁੱਖੀ ਅਧਿਕਾਰਾਂ ਦੀ ਆਜ਼ਾਦੀ ਪ੍ਰਤੀ ਵਚਨਬੱਧਤਾ ਦਾ ਸਬੂਤ ਵੀ ਹੈ।

**ਬਾਣੀ ਦਾ ਵਿਚਾਰਧਾਰਕ ਪੱਖ**:- ਗੁਰੂ ਤੇਗ ਬਹਾਦਰ ਜੀ ਦੀ ਲਿਖੀ ਸਾਰੀ ਬਾਣੀ ਹੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਾਮਲ ਹੈ। ਇਸ ਵਿਚ ਰਾਗਾਂ ਵਿਚ ਲਿਖੀ ਬਾਣੀ ਵੀ ਅਤੇ ਰਾਗ-ਮੁਕਤ ਬਾਣੀ ਵੀ ਦੋਵੇਂ ਆ ਜਾਂਦੀਆਂ ਹਨ। ਰਾਗ ਵਿਚ ਲਿਖੀ ਬਾਣੀ ਦੇ ਕੁੱਲ 59 ਪਦੇ ਹਨ, ਜਿਹੜੇ 15 ਰਾਗਾਂ ਵਿਚ ਲਿਖੇ ਗਏ ਹਨ। ਰਾਗ-ਰਹਿਤ ਬਾਣੀ ਵਿਚ ਉਹ ਬੈਰਾਗਮਈ 57 ਸਲੋਕ ਆਉਂਦੇ ਹਨ, ਜਿਨ੍ਹਾਂ ਨੂੰ ਅਖੰਡ ਪਾਠ ਜਾਂ ਸਹਿਜ ਪਾਠ ਦੀ ਸਮਾਪਤੀ 'ਤੇ ਪੜ੍ਹਿਆ ਜਾਂਦਾ ਹੈ। ਇਹ ਸਾਰੀ ਬਾਣੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਸੇ ਤਰਤੀਬ ਵਿਚ ਸ਼ਾਮਲ ਕੀਤੀ ਸੀ, ਜਿਹੜੀ ਤਰਤੀਬ ਗੁਰੂ ਅਰਜਨ ਦੇਵ ਜੀ ਨੇ ਨਿਸ਼ਚਿਤ ਕੀਤੀ ਸੀ।



ਗੁਰੂ ਜੀ ਦੀ ਬਾਣੀ ਦਾ ਵਿਸ਼ਾ ਪੱਖ ਮੁੱਖ ਰੂਪ ਵਿਚ ਮਨੁੱਖ ਨੂੰ ਸੰਸਾਰਕ ਮੋਹ ਤਿਆਗ ਕੇ ਪ੍ਰਭੂ ਭਗਤੀ ਵੱਲ ਲਗਾਉਣਾ ਹੈ। ਸਾਰੀ ਬਾਣੀ ਵਿਚ ਇਸੇ ਵਿਸ਼ੇ ਦਾ ਵਿਸਥਾਰ ਕੀਤਾ ਗਿਆ ਹੈ। ਪ੍ਰਭੂ ਦੇ ਮਿਲਾਪ ਲਈ ਉਸ ਦੀ ਬੰਦਗੀ ਅਤੇ ਸਿਮਰਨ ਕਰਨਾ ਚਾਹੀਦਾ ਹੈ।

"ਰੇ ਮਨ ਰਾਮ ਸਿਉ ਕਰਿ ਪ੍ਰੀਤਿ।
ਸ੍ਰਵਨ ਗੋਬਿੰਦ ਗੁਨੁ ਸੁਨਉ ਅਰੁ ਗਾਉ ਰਸਨਾ ਗੀਤਿ॥"
(ਸੋਰਠਿ ਮਹਲਾ 9, ਪੰਨਾ : 631)

"ਹਰਿ ਜਸੁ ਰੇ ਮਨਾ ਗਾਇ ਲੈ ਜੋ ਸੰਗੀ ਹੈ ਤੇਰੋ।
ਅਉਸਰੁ ਬੀਤਿਓ ਜਾਤੁ ਹੈ ਕਹਿਓ ਮਾਨ ਲੈ ਮੇਰੋ॥"
(ਤਿਲੰਗ ਮਹਲਾ 9, ਪੰਨਾ : 726)

"ਰੇ ਮਨ ਓਟਿ ਲੇਹੁ ਹਰਿ ਨਾਮਾ।
ਜਾ ਕੈ ਸਿਮਰਨਿ ਦੁਰਮਤਿ ਨਾਸੈ ਪਾਵਹਿ ਪਦੁ ਨਿਰਬਾਨਾ॥"
(ਰਾਗੁ ਰਾਮਕਲੀ ਮਹਲਾ 9, ਪੰਨਾ : 901)

ਉਸ ਦੀ ਪ੍ਰਾਪਤੀ ਲਈ ਬਾਹਰਲੇ ਦਿਖਾਵੇ ਅਤੇ ਕਰਮ-ਕਾਂਡਾਂ ਦੀ ਜ਼ਰੂਰਤ ਨਹੀਂ, ਸਗੋਂ ਉਸ ਨੂੰ ਤਾਂ ਆਪਣੇ ਅੰਦਰੋਂ ਹੀ ਪਾਇਆ ਜਾ ਸਕਦਾ ਹੈ। ਉਹ ਨਿਰਗੁਣ ਪ੍ਰਭੂ ਜੋ ਸਭ ਕੁਝ ਤੋਂ ਨਿਰਲੇਪ ਹੈ, ਉਹ ਤਾਂ ਸਦਾ ਹੀ ਇਨਸਾਨ ਦੇ ਨਾਲ ਰਹਿੰਦਾ ਹੈ। ਲੋੜ ਉਸ ਨੂੰ ਖੋਜਣ ਦੀ ਹੈ ਅਤੇ ਆਪਣੀ ਅੰਦਰੂਨੀ ਯਾਤਰਾ ਕਰਨ ਨਾਲ ਹੀ ਉਸ ਤੱਕ ਪੁੱਜਿਆ ਜਾ ਸਕਦਾ ਹੈ।

"ਕਾਹੇ ਰੇ ਬਨ ਖੋਜਨ ਜਾਈ।
ਸਰਬ ਨਿਵਾਸੀ ਸਦਾ ਅਲੇਪਾ, ਤੋਹੀ ਸੰਗਿ ਸਮਾਈ॥"
(ਰਾਗ ਧਨਾਸਰੀ ਮਹਲਾ 9, ਪੰਨਾ : 684)

ਉਸ ਪ੍ਰਭੂ ਦੀ ਬੇਅੰਤਤਾ, ਸਰਬ-ਸ਼ਕਤੀਮਾਨਤਾ ਦੱਸਦੇ ਹੋਏ ਉਸ ਦਾ ਹੁਕਮ ਪਛਾਨਣਾ, ਉਸ ਦੀ ਰਜ਼ਾ ਵਿਚ ਰਹਿਣਾ ਅਤੇ ਉਸ 'ਤੇ ਵਿਸ਼ਵਾਸ ਲਿਆਉਣਾ ਹਰ ਮਨੁੱਖ ਦਾ ਮੁੱਢਲਾ ਕਰਮ ਹੈ। ਸਾਰੇ ਸੁੱਖਾਂ ਦਾ ਦਾਤਾ ਕੇਵਲ ਪ੍ਰਭੂ ਹੀ ਹੈ। "ਸਭ ਸੁਖ ਦਾਤਾ ਰਾਮ ਹੈ, ਦੂਸਰ ਨਾਹਿਨ ਕੋਇ" (ਸਲੋਕ ਮਹਲਾ 9, ਪੰਨਾ : 1426) ਮਨੁੱਖ ਦਾ ਆਪਣਾ ਬਲ ਇੰਨਾ ਨਹੀਂ ਕਿ ਉਹ ਆਪ ਦੁੱਖਾਂ ਨੂੰ ਦੂਰ ਕਰ ਸਕੇ ਅਤੇ ਸੁੱਖਾਂ ਦੀ ਪ੍ਰਾਪਤੀ ਕਰ ਸਕੇ, ਭਾਵੇਂ ਉਹ "ਜਤਨ ਬਹੁਤ ਸੁਖ ਕੇ ਕੀਏ ਦੁਖ ਕੋ ਕੀਓ ਨ ਕੋਇ॥" (ਸਲੋਕ ਮਹਲਾ 9, ਪੰਨਾ : 1427) ਅਨੁਸਾਰ ਲਗਾਤਾਰ ਸੁੱਖ ਲਈ ਯਤਨ ਕਰਦਾ ਹੈ।

ਨਾਸ਼ਮਾਨਤਾ ਨੂੰ ਜਿੰਨਾ ਜ਼ੋਰ ਦੇ ਕੇ ਗੁਰੂ ਤੇਗ ਬਹਾਦਰ ਜੀ ਨੇ ਦਰਸਾਇਆ ਹੈ, ਸ਼ਾਇਦ ਹੋਰ ਕਿਸੇ ਵੀ ਗੁਰੂ ਜਾਂ ਭਗਤ ਨੇ ਨਹੀਂ ਲਿਖਿਆ। ਗੁਰਮਤਿ ਸਿਧਾਂਤ ਜਲ ਮਹਿ ਕਮਲ ਦੀ ਨਿਆਈਨ ਰਹਿਣ ਦਾ ਹੈ, ਗੁਰੂ ਤੇਗ ਬਹਾਦਰ ਜੀ ਵੀ ਘਰ ਗ੍ਰਹਿਸਥੀ ਵਿਚ ਵਿਚਰਦੇ ਹੋਏ ਇਸ ਤੋਂ ਨਿਰਲੇਪ ਰਹੇ। ਉਨ੍ਹਾਂ ਨੂੰ ਜੱਗ ਦੀ ਨਾਸ਼ਮਾਨਤਾ ਦਾ ਜੋ ਅਨੁਭਵ ਅਤੇ ਸੋਝੀ ਸੀ, ਉਸੇ ਨੂੰ ਉਹ ਆਪਣੀ ਰਚਨਾ ਵਿਚ ਵਿਅਕਤ ਕਰਦੇ ਹਨ ਅਤੇ ਲੋਕਾਈ ਨੂੰ ਸੁਚੇਤ ਕਰਦੇ ਹਨ ਕਿ ਉਹ ਜੱਗ ਦੀ, ਪਰਿਵਾਰ ਦੀ, ਧਨ ਸੰਪਤ ਦੀ ਅਤੇ ਨਿਜ ਦੀ ਪਕੜ ਤੋਂ ਉੱਚਾ ਉਠੇ।

ਨਾਸ਼ਮਾਨਤਾ ਕਈ ਪ੍ਰਕਾਰ ਦੀ ਹੈ:-

ਵਸਤੂ ਪੂਰਨ ਸੰਸਾਰ ਦੀ ਨਾਸ਼ਮਾਨਤਾ ਵਿਚ ਇਹ ਦਿਸਦਾ ਜਗਤ ਅਤੇ ਇਸ ਦੀਆਂ ਸਾਰੀਆਂ ਵਸਤੂਆਂ ਆ ਜਾਂਦੀਆਂ ਹਨ। ਗੁਰੂ ਜੀ ਅਨੁਸਾਰ ਜੋ ਵੀ ਪੈਦਾ ਹੋਇਆ ਹੈ, ਉਸ ਨੇ ਖਤਮ ਵੀ ਜ਼ਰੂਰ ਹੋਣਾ ਹੈ, ਫਿਰ ਉਸ ਨਾਲ ਮੋਹ ਕਿਉਂ ਪਾਇਆ ਜਾਵੇ।

"ਜੋ ਉਪਜਿਓ ਸੋ ਬਿਨਸ ਹੈ, ਪਰੋ ਆਜੁ ਕੈ ਕਾਲ॥
ਨਾਨਕ ਹਰਿ ਗੁਨ ਗਾਇ ਲੈ ਛਾਡਿ ਸਗਲ ਜੰਜਾਲ॥"
(ਸਲੋਕ ਮਹਲਾ 9, ਪੰਨਾ : 1428)

"ਕਾ ਕੋ ਤਨੁ ਧਨੁ ਸੰਪਤਿ ਕਾਕੀ ਕਾ ਸਿਉ ਨੇਹੁ ਲਗਾਈ॥
ਜੋ ਦੀਸੈ ਸੋ ਸਗਲ ਬਿਨਾਸੈ,ਜਿਉ ਬਾਦਰ ਕੀ ਛਾਈ॥"
(ਰਾਗੁ ਸਾਰੰਗ ਮਹਲਾ 9, ਪੰਨਾ : 1231)

ਇਸ ਥੋੜ-ਚਿਰੇ ਸੰਸਾਰ ਨੂੰ ਸਿਰਫ ਨਾਸ਼ਮਾਨ ਹੀ ਨਹੀਂ ਕਿਹਾ, ਸਗੋਂ ਇਸ ਨੂੰ ਮਿਥਿਆ ਵੀ ਕਿਹਾ ਹੈ। ਮਿਥਿਆ ਉਤਨੀ ਦੇਰ ਹੈ, ਜਿੰਨੀ ਦੇਰ ਇਸ ਜਗਤ ਵਿਚ ਰਮੇ ਹੋਏ ਪ੍ਰਭੂ ਨੂੰ ਮਹਿਸੂਸ ਨਹੀਂ ਕੀਤਾ ਜਾਂਦਾ। ਸਿਰਫ ਅਕਾਲ-ਪੁਰਖ ਹੀ ਸੱਚ ਹੈ, ਉਸ ਤੋਂ ਬਿਨਾਂ ਸਭ ਝੂਠ ਦਾ ਹੀ ਪਸਾਰਾ ਹੈ, ਪਰ ਇਸ ਨੂੰ ਇਨਸਾਨ ਸੱਚ ਸਮਝੀ ਬੈਠਾ ਹੈ।

"ਇਹ ਸੰਸਾਰ ਸਗਲ ਹੈ ਸੁਪਨੋ ਦੇਖਿ ਕਹਾ ਲੋਭਾਵੈ॥"
(ਸਾਰੰਗ ਮਹਲਾ 9, ਪੰਨਾ : 1231)

"ਜਿਉ ਸੁਪਨਾ ਅਰ ਪੇਖਨਾ ਐਸੇ ਜਗ ਕੋ ਜਾਨਿ॥
ਇਨਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ॥"
(ਸਲੋਕ ਮਹਲਾ 9, ਪੰਨਾ : 1427)

ਵਸਤੂ ਸੰਸਾਰ ਦੇ ਦੋ ਪੱਖ ਹਨ-ਬਾਹਰੀ ਅਤੇ ਅੰਦਰੂਨੀ। ਬਾਹਰੀ ਉਹ ਜੋ ਨਾਸ਼ਮਾਨ ਹੈ ਅਤੇ ਮਿਥਿਆ ਹੈ। ਅੰਦਰੂਨੀ ਉਹ ਜਿਸ ਵਿਚ ਰਮਿਆ ਰਾਮ ਨਜ਼ਰ ਆਉਂਦਾ ਹੈ:-

"ਸਾਧੋ ਰਚਨਾ ਰਾਮ ਬਨਾਈ
ਇਕਿ ਬਿਨਸੈ ਇੱਕ ਅਸਥਿਰੁ ਮਾਨੈ ਅਚਰਜੁ ਲਖਿਓ ਨ ਜਾਈ॥"
(ਗਉੜੀ ਮਹਲਾ 9, ਪੰਨਾ : 219)

ਨਾਸ਼ਮਾਨਤਾ ਨੂੰ ਜਿਉਂ-ਜਿਉਂ ਮਨੁੱਖੀ ਮਨ ਸਮਝਣ ਲੱਗਦਾ ਹੈ, ਤਿਉਂ-ਤਿਉਂ ਉਸ ਵਿਚ ਬੈਰਾਗ ਪੈਦਾ ਹੁੰਦਾ ਹੈ। ਪਰ ਗੁਰੂ ਜੀ ਜੋਗੀਆਂ ਸੰਨਿਆਸੀਆਂ ਦੇ ਘਰ ਬਾਰ ਛੱਡ ਕੇ ਜੰਗਲਾਂ ਵਿਚ ਜਾਣ ਨੂੰ ਕੋਈ ਮਾਨਤਾ ਨਹੀਂ ਦਿੰਦੇ, ਅਜਿਹੇ ਕਰਮ-ਕਾਂਡ ਜੋ ਵੀ ਪ੍ਰਭੂ ਨੂੰ ਮਿਲਣ ਲਈ ਕੀਤੇ ਜਾਂਦੇ ਸਨ, ਆਪ ਨੇ ਸਭ ਦਾ ਖੰਡਨ ਕੀਤਾ ਹੈ। ਜਾਗਿਆ ਬੈਰਾਗ ਇਸ ਜਗਤ ਵਿਚ ਰਹਿੰਦੇ ਹੋਏ ਹੀ ਇਸ ਵਿਚ ਖਚਿਤ ਹੋਣ ਤੋਂ ਬਚ ਸਕਦਾ ਹੈ। ਇਹੀ ਅੱਗੇ ਚੱਲ ਕੇ ਉਸ ਪ੍ਰਮਾਤਮਾ ਨਾਲ ਪ੍ਰੇਮ ਕਰਨ ਲਈ ਵੀ ਸਹਾਇਕ ਬਣਦਾ ਹੈ। ਪਰ ਕਰਮ ਕਾਂਡਾਂ ਵਿਚ ਫਸ ਕੇ ਉਸ ਸੱਚਾਈ ਤੋਂ ਕੋਹਾਂ ਦੂਰ ਹੋ ਕੇ ਹਉਮੈ ਦੀ ਮੈਲ ਲਗਾ ਬੈਠਦਾ ਹੈ।

"ਕਾਹੇ ਰੇ ਬਨ ਖੋਜਨ ਜਾਈ।
ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥"
(ਧਨਾਸਰੀ ਮਹਲਾ 9, ਪੰਨਾ : 684)

"ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ॥
ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ॥"
(ਸਲੋਕ ਮਹਲਾ 9, ਪੰਨਾ : 1428)

"ਜੋਗੀ ਜਤਨ ਕਰਤ ਸਭਿ ਹਾਰੇ ਗੁਨੀ ਰਹੇ ਗੁਨ ਗਾਈ।
ਜਨ ਨਾਨਕ ਹਰਿ ਭਏ ਦਇਆਲਾ ਤਉ ਸਭ ਬਿਧਿ ਬਨਿਆਈ॥"
(ਗਉੜੀ ਮਹਲਾ 9, ਪੰਨਾ : 219)

ਉਸ ਪ੍ਰਭੂ ਨੂੰ ਇਸ ਸੰਸਾਰ ਵਿਚ ਰਹਿੰਦੇ ਹੋਏ ਹੀ, ਜ਼ੱਰੇ-ਜ਼ੱਰੇ ਵਿਚੋਂ ਪਹਿਚਾਨਣਾ ਹੈ।

"ਪੁਹਪ ਮਧਿ ਜਿਉ ਬਾਸੁ ਬਸਤੁ ਹੈ, ਮੁਕਰ ਮਾਹਿ ਜੈਸੇ ਛਾਈ॥
ਤੈਸੇ ਹੀ ਹਰਿ ਬਸੇ ਨਿਰੰਤਰ ਘਟ ਹੀ ਖੋਜਹੁ ਭਾਈ॥"
(ਧਨਾਸਰੀ ਮਹਲਾ 9, ਪੰਨਾ : 684)

ਮਨੁੱਖ ਆਪਣੇ ਪਰਿਵਾਰ ਨਾਲ ਬਹੁਤ ਮੋਹ ਰੱਖਦਾ ਹੈ ਅਤੇ ਆਪਣੇ ਮਾਤਾ-ਪਿਤਾ, ਭੈਣ, ਭਰਾ, ਪਤਨੀ, ਪੁੱਤ, ਧੀਆਂ ਅਤੇ ਸਾਕ-ਸੰਬੰਧੀਆਂ ਦੀ ਪਿਆਰ ਖਿੱਚ ਵਿਚ ਪ੍ਰਭੂ ਨੂੰ ਵਿਸਾਰ ਦਿੰਦਾ ਹੈ। ਗੁਰੂ ਜੀ ਅਨੁਸਾਰ ਇਨ੍ਹਾਂ ਸਭਨਾਂ ਦੀ ਪ੍ਰੀਤ ਸਵਾਰਥ ਭਰੀ ਹੈ, ਕਾਰਨ ਮਾਇਆ ਹੈ ਅਤੇ ਅੰਤ ਨਹੀਂ ਨਿਭਣੀ:-

"ਦਾਰਾ ਮੀਤ ਪੂਤ ਸਨਬੰਧੀ ਸਗਰੇ ਧਨ ਸਿਉ ਲਾਗੇ॥
ਜਬ ਹੀ ਨਿਰਧਨ ਦੇਖਿਓ ਨਰ ਕਉ ਸੰਗੁ ਛਾਡਿ ਸਭ ਭਾਗੇ॥"
(ਸੋਰਠਿ ਮਹਲਾ 9, ਪੰਨਾ : 634)

"ਘਰਿ ਕੀ ਨਾਰਿ ਬਹੁਤੁ ਹਿਤੁ ਜਾਸਿਉ ਸਦਾ ਰਹਤ ਸੰਗ ਲਾਗੀ॥
ਜਬ ਹੀ ਹੰਸ ਤਜੀ ਇਹ ਕਾਂਇਆ ਪ੍ਰੇਤ ਪ੍ਰੇਤ ਕਰਿ ਭਾਗੀ॥"
(ਸੋਰਠਿ ਮਹਲਾ 9, ਪੰਨਾ : 631)

ਇਨਸਾਨ ਦੀ ਅਗਲੀ ਖਿੱਚ ਉਸਦੀ ਧਨ ਸੰਪਤੀ, ਮਹਿਲ ਮਾੜੀਆਂ, ਜਾਇਦਾਦ ਹੈ, ਉਹ ਇਨ੍ਹਾਂ ਦੀ ਪ੍ਰਾਪਤੀ ਲਈ ਵਿਕਾਰਾਂ ਵਿਚ ਵੀ ਫਸਿਆ ਰਹਿੰਦਾ ਹੈ ਅਤੇ ਇਨ੍ਹਾਂ 'ਤੇ ਗਰੂਰ ਵੀ ਕਰਦਾ ਹੈ। ਸਾਰੀ ਜ਼ਿੰਦਗੀ ਧਨ ਜੋੜਦਾ ਰਹਿੰਦਾ ਹੈ ਅਤੇ ਜਾਇਦਾਦ ਬਣਾਉਂਦਾ ਰਹਿੰਦਾ ਹੈ। ਆਪਣਾ ਕੀਮਤੀ ਸਮਾਂ ਇਨ੍ਹਾਂ ਨਾਸ਼ਮਾਨ ਅਤੇ ਨਾਲ ਨਾ ਜਾਣ ਵਾਲੀਆਂ ਵਸਤਾਂ ਨੂੰ ਇਕੱਠਾ ਕਰਨ ਵਿਚ ਲੱਗਿਆ ਰਹਿੰਦਾ ਹੈ।

"ਧਨੁ ਦਾਰਾ ਸੰਪਤਿ ਸਗਲ ਜਿਨਿ ਅਪੁਨੀ ਕਰਿ ਮਾਨਿ॥
ਇਨ ਮੈ ਕਛੁ ਸੰਗੀ ਨਹੀ ਨਾਨਕ ਸਾਚੀ ਜਾਨਿ॥"
(ਸਲੋਕ ਮਹਲਾ 9, ਪੰਨਾ : 1426)

"ਸੰਪਤਿ ਰਥ ਧਨ ਰਾਜ ਸਿਉ ਅਤਿ ਨੇਹੁ ਲਗਾਇਓ॥
ਕਾਲ ਫਾਸ ਜਬ ਗਲਿ ਪਰੀ ਸਭ ਭਇਓ ਪਰਾਇਓ॥"
(ਤਿਲੰਗ ਮਹਲਾ 9, ਪੰਨਾ : 727)

ਆਪਣੀ ਦੇਹ ਦਾ ਹੰਕਾਰ ਵੀ ਮਨੁੱਖ ਦੇ ਰਸਤੇ ਵਿਚ ਬਹੁਤ ਵੱਡੀ ਰੁਕਾਵਟ ਹੈ। ਉਹ ਸਦਾ ਇਸ ਤਨ ਨੂੰ ਸਵਾਰਨ ਸ਼ਿੰਗਾਰਨ ਅਤੇ ਇਸ 'ਤੇ ਮਾਣ ਕਰਨ ਵਿਚ ਹੀ ਖੁੱਭਿਆ ਰਹਿੰਦਾ ਹੈ। ਗੁਰੂ ਜੀ ਇਸ ਮੋਹ ਤੋਂ ਵੀ ਵੈਰਾਗ ਉਪਜਾਉਣ ਦੀ ਪ੍ਰੇਰਨਾ ਦਿੰਦੇ ਹਨ।

"ਗਰਬੁ ਕਰਤੁ ਹੈ ਦੇਹ ਕੋ ਬਿਨਸੈ ਛਿਨ ਮਹਿ ਮੀਤ॥
ਜਿਹ ਪ੍ਰਾਨੀ ਹਰਿ ਜਸੁ ਕਹਿਓ ਨਾਨਕ ਤਿਹਿ ਜਗੁ ਜੀਤੁ॥"
(ਸਲੋਕ ਮਹਲਾ 9, ਪੰਨਾ : 1427)

"ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ ਰੈਨਾਈ॥
ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ॥"
(ਗਉੜੀ ਮਹਲਾ 9, ਪੰਨਾ : 219)

ਮਨੁੱਖ ਇਨ੍ਹਾਂ ਬੰਧਨਾਂ ਵਿਚ ਜਕੜਿਆ ਵਿਕਾਰੀ ਹੋ ਜਾਂਦਾ ਹੈ। ਕਾਮ, ਕਰੋਧ, ਲੋਭ, ਮੋਹ, ਹੰਕਾਰ, ਉਸਤਤਿ, ਨਿੰਦਾ, ਮਾਣ, ਅਪਮਾਨ, ਦੁਬਿਧਾ ਅਗਿਆਨਤਾ ਆਦਿ ਉਸ ਦੇ ਅਧਿਆਤਮਕ ਮਾਰਗ ਤੋਂ ਭਟਕਾਉਂਦੇ ਹਨ। ਗੁਰੂ ਜੀ ਇਨ੍ਹਾਂ ਤੋਂ ਬਚਣ ਦੀ ਪ੍ਰੇਰਨਾ ਕਰਦੇ ਹਨ।

"ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸ ਭਾਗਉ॥"
(ਗਉੜੀ ਮਹਲਾ 9, ਪੰਨਾ : 219)

"ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ॥"
(ਤਿਲੰਗ ਮਹਲਾ 9, ਪੰਨਾ : 726)

ਇਨ੍ਹਾਂ ਸਭ ਤੋਂ ਬਚਣ ਦਾ ਇੱਕੋ-ਇੱਕ ਉਪਾਅ ਪ੍ਰਭੂ ਦੀ ਭਗਤੀ ਅਤੇ ਸਿਮਰਨ ਹੈ। ਇਸੇ ਸਿਮਰਨ ਕਰਕੇ ਅਜਾਮਲ ਅਤੇ ਗਨਿਕਾ, ਵਰਗੇ ਵੀ ਤਰ ਗਏ। ਪ੍ਰਮਾਤਮਾ ਬਹੁਤ ਦਿਆਲੂ ਹੈ ਅਤੇ ਉਹ ਸ਼ਰਨ ਪਏ ਦੀ ਲਾਜ ਰੱਖਦਾ ਹੈ।

ਤੇਗ ਬਹਾਦਰ ਜੀ ਨੇ ਦਾਰਸ਼ਨਿਕ ਪੱਖ ਵੀ ਆਪਣੀ ਬਾਣੀ ਵਿਚ ਲਿਖਿਆ ਹੈ, ਪਰ ਉਸਨੂੰ ਅਪਣੀ ਰਚਨਾ 'ਤੇ ਕਿਤੇ ਵੀ ਭਾਰੂ ਨਹੀਂ ਹੋਣ ਦਿੱਤਾ। ਬ੍ਰਹਮ, ਜਗਤ, ਜੀਵ, ਮਾਇਆ, ਮੁਕਤੀ ਆਦਿ ਵਰਗੇ ਦਾਰਸ਼ਨਿਕ ਵਿਸ਼ਿਆਂ 'ਤੇ ਕਲਮ ਚਲਾਉਂਦੇ ਹੋਏ ਵੀ ਸਹਿਜਤਾ ਅਤੇ ਸਰਲਤਾ ਨੂੰ ਆਂਚ ਨਹੀਂ ਆਉਣ ਦਿੱਤੀ। ਇਨ੍ਹਾਂ ਸ਼ਬਦਾਂ ਦੀ ਵਿਆਖਿਆ ਵੀ ਇੰਨੀ ਸਰਲ ਹੈ ਕਿ ਆਮ ਪਾਠਕ ਵੀ ਸਮਝ ਲੈਂਦਾ ਹੈ।

ਗੁਰੂ ਜੀ ਦਾ ਮਨੁੱਖ ਨੂੰ ਇਹੋ ਸੰਦੇਸ਼ ਹੈ ਕਿ ਉਹ ਆਪਣੇ ਜੀਵਨ ਦਾ ਮਕਸਦ ਪਛਾਣੇ। ਜਗਤ ਦੀ, ਧਨ-ਜਾਇਦਾਦ ਦੀ, ਪਰਿਵਾਰ ਦੀ ਅਤੇ ਆਪਣੇ ਤਨ ਦੀ ਹਰ ਖਿੱਚ ਤੋਂ ਆਜ਼ਾਦ ਹੋ ਕੇ ਵਿਚਰੇ। ਪ੍ਰਭੂ ਪ੍ਰਾਪਤੀ ਦੇ ਰਸਤੇ ਦੀਆਂ ਰੁਕਾਵਟਾਂ ਜੋ ਮਨ ਦੇ ਵਿਕਾਰ ਹਨ, ਉਨ੍ਹਾਂ ਤੋਂ ਬਚੇ। ਸੂਖਮ ਵਿਕਾਰ ਮਾਣ ਹੈ, ਜਿਸ ਨੂੰ ਆਮ ਇਨਸਾਨ ਵਿਕਾਰ ਹੀ ਨਹੀਂ ਮੰਨਦਾ। ਪਰ ਤੇਗ ਬਹਾਦਰ ਜੀ ਨੇ ਇਸ ਮਾਣ ਨੂੰ ਕਰੜੇ ਹੱਥੀਂ ਲਿਆ ਹੈ। "ਮਾਨ ਮੋਹ ਦੋਨੋ ਕਉ ਪਰਹਰਿ" ਆਖਿਆ ਹੈ ਕਿਉਂਕਿ ਇਹ ਮਾਣ ਇਨਸਾਨ ਦੀ ਰੂਹਾਨੀਅਤ ਤਰੱਕੀ ਵਿਚ ਮਜ਼ਬੂਤ ਕੰਧ ਬਣ ਕੇ ਖਲੋ ਜਾਂਦਾ ਹੈ। ਪ੍ਰਭੂ ਦੀ ਭਗਤੀ ਵੱਲ ਲੱਗਣ ਲਈ ਪ੍ਰੇਰਿਆ ਹੈ। ਭਗਤੀ ਪ੍ਰੇਮ ਨਾਲ ਹੁੰਦੀ ਹੈ, ਇਹ ਹਮੇਸ਼ਾ ਸਥਿਰ ਹੈ, ਗਿਆਨ ਪੈਦਾ ਕਰਦੀ ਹੈ, ਫਲ ਦਾਤੀ ਹੈ, ਮੁਕਤੀ ਦਿਵਾਉਂਦੀ ਹੈ, ਸ਼ੰਕਾ ਦੂਰ ਕਰਦੀ ਹੈ, ਲੋਭ ਮੋਹ ਜਿਹੇ ਔਗੁਣਾਂ ਨੂੰ ਭਜਾਉਂਦੀ ਹੈ, ਭੈਅ ਦੂਰ ਕਰਦੀ ਹੈ, ਨਿਰਭਉ ਅਤੇ ਨਿਰਵੈਰ ਬਣਨ ਵਿਚ ਮਦਦ ਕਰਦੀ ਹੈ। ਗੁਰੂ ਜੀ ਨੇ ਉਨ੍ਹਾਂ ਦੇ ਗੁਣ ਗਾਏ ਹਨ, ਜਿਨ੍ਹਾਂ ਨੇ ਭਗਤੀ ਕੀਤੀ ਹੈ ਅਤੇ ਭਗਤੀ-ਵਿਹੂਣ ਮਨੁੱਖ ਦੀ ਭਟਕਣ ਅਤੇ ਅਗਿਆਨਤਾ ਦਾ ਜ਼ਿਕਰ ਵੀ ਕੀਤਾ ਹੈ। ਗੁਰੂ ਜੀ ਦੀ ਬਾਣੀ ਵਿਚ ਚਿਤਰਿਆ ਹੋਇਆ ਮਨੁੱਖ ਨਾ ਕਿਸੇ ਨੂੰ ਭੈਅ ਦਿੰਦਾ ਹੈ ਅਤੇ ਨਾ ਕਿਸੇ ਦਾ ਭੈ ਮੰਨਦਾ ਹੈ। ਉਸ ਦੀ ਇੱਕੋ ਟੇਕ ਪ੍ਰਭੂ 'ਤੇ ਹੈ, ਜਦੋਂ ਉਸ ਦੀ ਸ਼ਰਨ ਵਿਚ ਜਾਂਦਾ ਹੈ, ਤਾਂ ਸਾਰੇ ਬੰਧਨ ਟੁੱਟ ਜਾਂਦੇ ਹਨ ਅਤੇ ਇਹ ਮਨੁੱਖ ਬਲਸ਼ਾਲੀ ਬਣ ਜਾਂਦਾ ਹੈ:-

"ਬਲ ਹੋਆ ਬੰਧਨ ਛੁਟੇ, ਸਭ ਕਿਛੁ ਹੋਤ ਉਪਾਇ॥
ਨਾਨਕ ਸਭ ਕਿਛੁ ਤੁਮਰੈ ਹਾਥ ਮੈ, ਤੁਮਹੀ ਹੋਤ ਸਹਾਇ॥"
(ਸਲੋਕ ਮਹਲਾ 9, ਪੰਨਾ : 1428)

ਇਸ ਤਰ੍ਹਾਂ ਇਹ ਬਾਣੀ ਮਨੁੱਖ ਨੂੰ ਵਿਕਾਰਾਂ ਵੱਲੋਂ ਮੋੜ ਕੇ ਪ੍ਰਭੂ ਨਾਲ ਜੋੜਨ ਦਾ ਕਾਰਜ ਬਹੁਤ ਹੀ ਸਰਲਤਾ ਨਾਲ ਕਰਦੀ ਹੈ।

-------0000-------

ਸਹਾਇਕ ਪੁਸਤਕਾਂ :-
ਤੇਗ ਬਹਾਦਰ ਸੀ ਕ੍ਰਿਆ- ਡਾ. ਜੋਗਿੰਦਰ ਸਿੰਘ
ਗੁਰੂ ਤੇਗ ਬਹਾਦਰ ਜੀ ਦਾ ਭਗਤੀ ਦਰਸ਼ਨ - ਡਾ. ਮਨਮੋਹਨ ਸਿੰਘ
ਗੁਰੂ ਤੇਗ ਬਹਾਦਰ ਜੀਵਨ, ਸਮਾਂ ਅਤੇ ਰਚਨਾ - ਡਾ. ਸੁਰਿੰਦਰ ਸਿੰਘ ਕੋਹਲੀ
ਸ੍ਰੀ ਗੁਰੂ ਤੇਗ ਬਹਾਦਰ ਜੀਵਨ ਤੇ ਰਚਨਾ - ਫੌਜਾ ਸਿੰਘ ਤਾਰਨ ਸਿੰਘ
ਗੁਰੂ ਗ੍ਰੰਥ ਵਿਚਾਰ ਕੋਸ਼ - ਸ. ਪਿਆਰਾ ਸਿੰਘ ਪਦਮ

# ਏਸ਼ੀਆ ’ਚ ਚੀਨ ਦੇ ਫੌਜੀ ਦਬਦਬੇ ਨਾਲ ਪੈਦਾ ਹੋਈਆਂ ਚੁਣੌਤੀਆਂ

**ਏਸ਼ੀਆ ਵਿਚ ਚੀਨ ਦੇ ਫੌਜੀ ਦਬਦਬੇ ਨਾਲ ਖੜ੍ਹੀਆਂ ਚੁਣੌਤੀਆਂ ਖੇਤਰੀ ਵਿਵਾਦ ਅਤੇ ਵਿਸਤਾਰਵਾਦ ਹਨ। ਏਸ਼ੀਆ ਵਿਚ ਚੀਨ ਦੇ ਫੌਜੀ ਦਬਦਬੇ ਨਾਲ ਪੈਦਾ ਹੋਈਆਂ ਚੁਣੌਤੀਆਂ ਦੱਖਣੀ ਚੀਨ ਸਾਗਰ ਵਿਚ ਚੀਨ ਦੇ ਖੇਤਰੀ ਦਾਅਵਿਆਂ ਅਤੇ ਭਾਰਤ-ਚੀਨ ਸਰਹੱਦ ਖੇਤਰੀ ਸਥਿਰਤਾ ਨੂੰ ਚੁਣੌਤੀ ਦਿੰਦੀਆਂ ਹਨ, ਜਿਸ ਨਾਲ ਅਕਸਰ ਫੌਜੀ ਟਕਰਾਅ ਹੁੰਦਾ ਹੈ। ਦੱਖਣੀ ਚੀਨ ਸਾਗਰ ਵਿਚ ਚੀਨ ਦੇ ਨੌਂ-ਡੈਸ਼ ਲਾਈਨ ਦੇ ਦਾਅਵਿਆਂ ਨੇ ਕਈ ਦੱਖਣ-ਪੂਰਬੀ ਏਸ਼ੀਆਈ ਦੇਸ਼ਾਂ ਨਾਲ ਵਿਵਾਦ ਪੈਦਾ ਕੀਤੇ ਹਨ, ਨੇਵੀਗੇਸ਼ਨ ਦੀ ਆਜ਼ਾਦੀ ਅਤੇ ਖੇਤਰੀ ਸ਼ਾਂਤੀ ਨੂੰ ਕਮਜ਼ੋਰ ਕੀਤਾ ਹੈ। ਚੀਨ ਦੀ ਬੈਲਟ ਐਂਡ ਰੋਡ ਇਨੀਸ਼ੀਏਟਿਵ (ਬੀ.ਆਰ.ਆਈ.) ਨੇ ਗੁਆਂਢੀ ਦੇਸ਼ਾਂ ਦੇ ਨੇੜੇ ਆਪਣੀ ਫੌਜੀ ਮੌਜੂਦਗੀ ਨੂੰ ਵਧਾਉਂਦੇ ਹੋਏ ਮੁੱਖ ਖੇਤਰਾਂ ਵਿਚ ਫੌਜੀ ਸੰਪਤੀ ਦੇ ਨਿਰਮਾਣ ਦੀ ਇਜਾਜ਼ਤ ਦਿੱਤੀ ਹੈ।**




**ਪ੍ਰਿਅੰਕਾ ਸੌਰਭ**
ਰਾਜਨੀਤੀ ਵਿਗਿਆਨ ਵਿਚ ਖੋਜ ਵਿਦਵਾਨ, ਕਵੀ, ਸੁਤੰਤਰ ਪੱਤਰਕਾਰ ਅਤੇ ਕਾਲਮਨਵੀਸ, ਉਬਾ ਭਵਨ, ਆਰੀਆਨਗਰ, ਹਿਸਾਰ (ਹਰਿਆਣਾ)-127045
70153-75570 (ਟਾਕ+ਵਟਸਐਪ)
ਪੰਜਾਬ ਮੇਲ USA


ਏਸ਼ੀਆ ’ਚ ਚੀਨ ਦੇ ਵਧ ਰਹੇ ਫੌਜੀ ਦਬਦਬੇ ਨੇ ਖੇਤਰੀ ਸੁਰੱਖਿਆ ਲੈਂਡਸਕੇਪ ਨੂੰ ਮਹੱਤਵਪੂਰਨ ਰੂਪ ਵਿਚ ਬਦਲ ਦਿੱਤਾ ਹੈ, ਜਿਸ ਨਾਲ ਉਸਦੇ ਗੁਆਂਢੀਆਂ ਵਿਚ ਚਿੰਤਾ ਪੈਦਾ ਹੋ ਗਈ ਹੈ। ਉੱਨਤ ਫੌਜੀ ਸਮਰਥਾਵਾਂ, ਰਣਨੀਤਿਕ ਬੁਨਿਆਦੀ ਢਾਂਚਾ ਪ੍ਰੋਜੈਕਟਾਂ ਅਤੇ ਜ਼ੋਰਦਾਰ ਖੇਤਰੀ ਦਾਅਵਿਆਂ ਦੇ ਨਾਲ, ਚੀਨ ਨੇ ਪੂਰੇ ਭਾਰਤ-ਪ੍ਰਸ਼ਾਂਤ ਖੇਤਰ ਵਿਚ ਆਪਣਾ ਪ੍ਰਭਾਵ ਵਧਾਇਆ ਹੈ। ਇਸ ਨਾਲ ਖੇਤਰੀ ਸਥਿਰਤਾ ਲਈ ਗੰਭੀਰ ਚੁਣੌਤੀਆਂ ਪੈਦਾ ਹੁੰਦੀਆਂ ਹਨ, ਜਿਸ ਨਾਲ ਭਾਰਤ ਵਰਗੇ ਦੇਸ਼ਾਂ ਨੂੰ ਆਪਣੇ ਹਿੱਤਾਂ ਦੀ ਰੱਖਿਆ ਅਤੇ ਸ਼ਾਂਤੀ ਬਣਾਈ ਰੱਖਣ ਲਈ ਰਣਨੀਤਿਕ ਤੌਰ ’ਤੇ ਜਵਾਬ ਦੇਣ ਦੀ ਲੋੜ ਹੁੰਦੀ ਹੈ।

ਏਸ਼ੀਆ ਵਿਚ ਚੀਨ ਦੇ ਫੌਜੀ ਦਬਦਬੇ ਨਾਲ ਖੜ੍ਹੀਆਂ ਚੁਣੌਤੀਆਂ ਖੇਤਰੀ ਵਿਵਾਦ ਅਤੇ ਵਿਸਤਾਰਵਾਦ ਹਨ। ਏਸ਼ੀਆ ਵਿਚ ਚੀਨ ਦੇ ਫੌਜੀ ਦਬਦਬੇ ਨਾਲ ਪੈਦਾ ਹੋਈਆਂ ਚੁਣੌਤੀਆਂ ਦੱਖਣੀ ਚੀਨ ਸਾਗਰ ਵਿਚ ਚੀਨ ਦੇ ਖੇਤਰੀ ਦਾਅਵਿਆਂ ਅਤੇ ਭਾਰਤ-ਚੀਨ ਸਰਹੱਦ ਖੇਤਰੀ ਸਥਿਰਤਾ ਨੂੰ ਚੁਣੌਤੀ ਦਿੰਦੀਆਂ ਹਨ, ਜਿਸ ਨਾਲ ਅਕਸਰ ਫੌਜੀ ਟਕਰਾਅ ਹੁੰਦਾ ਹੈ। ਦੱਖਣੀ ਚੀਨ ਸਾਗਰ ਵਿਚ ਚੀਨ ਦੇ ਨੌਂ-ਡੈਸ਼ ਲਾਈਨ ਦੇ ਦਾਅਵਿਆਂ ਨੇ ਕਈ ਦੱਖਣ-ਪੂਰਬੀ ਏਸ਼ੀਆਈ ਦੇਸ਼ਾਂ ਨਾਲ ਵਿਵਾਦ ਪੈਦਾ ਕੀਤੇ ਹਨ, ਨੇਵੀਗੇਸ਼ਨ ਦੀ ਆਜ਼ਾਦੀ ਅਤੇ ਖੇਤਰੀ ਸ਼ਾਂਤੀ ਨੂੰ ਕਮਜ਼ੋਰ ਕੀਤਾ ਹੈ। ਚੀਨ ਦੀ ਬੈਲਟ ਐਂਡ ਰੋਡ ਇਨੀਸ਼ੀਏਟਿਵ (ਬੀ.ਆਰ.ਆਈ.) ਨੇ ਗੁਆਂਢੀ ਦੇਸ਼ਾਂ ਦੇ ਨੇੜੇ ਆਪਣੀ ਫੌਜੀ ਮੌਜੂਦਗੀ ਨੂੰ ਵਧਾਉਂਦੇ ਹੋਏ ਮੁੱਖ ਖੇਤਰਾਂ ਵਿਚ ਫੌਜੀ ਸੰਪਤੀ ਦੇ ਨਿਰਮਾਣ ਦੀ ਇਜਾਜ਼ਤ ਦਿੱਤੀ ਹੈ। ਜਿਬੂਤੀ ਵਿਚ ਫੌਜੀ ਅੱਡੇ ਅਤੇ ਸ਼੍ਰੀਲੰਕਾ ਅਤੇ ਪਾਕਿਸਤਾਨ ਵਿਚ ਰਣਨੀਤਿਕ ਬੰਦਰਗਾਹਾਂ ਦਾ ਨਿਰਮਾਣ ਹਿੰਦ ਮਹਾਸਾਗਰ ਖੇਤਰ ਵਿਚ ਚੀਨ ਦੇ ਪ੍ਰਭਾਵ ਨੂੰ ਵਧਾਉਂਦਾ ਹੈ, ਜਿਸ ਨਾਲ ਭਾਰਤ ਦੀਆਂ ਸੁਰੱਖਿਆ ਚਿੰਤਾਵਾਂ ਵਧਦੀਆਂ ਹਨ। ਚੀਨ ਦਾ ਜਲ ਸੈਨਾ ਵਿਸਤਾਰ ਅਤੇ ਫੌਜੀ ਆਧੁਨਿਕੀਕਰਨ ਇੰਡੋ-ਪੈਸੀਫਿਕ ’ਚ ਸ਼ਕਤੀ ਦੇ ਸੰਤੁਲਨ ਲਈ ਸਿੱਧੀ ਚੁਣੌਤੀ ਹੈ, ਜਿੱਥੇ ਜਾਪਾਨ, ਆਸਟ੍ਰੇਲੀਆ ਅਤੇ ਭਾਰਤ ਵਰਗੇ ਦੇਸ਼ ਚਿੰਤਤ ਹਨ। ਹਿੰਦ-ਪ੍ਰਸ਼ਾਂਤ ਵਿਚ ਚੀਨ ਦੀ ਵਧ ਰਹੀ ਜਲ ਸੈਨਾ ਦੀ ਮੌਜੂਦਗੀ ਅਤੇ ਤਾਈਵਾਨ ਜਲਡਮਰੂ ਅਤੇ ਮਲਕਾ ਜਲਡਮਰੂ ਨੇੜੇ ਲਗਾਤਾਰ ਫੌਜੀ ਅਭਿਆਸਾਂ ਨੇ ਖੇਤਰੀ ਸੁਰੱਖਿਆ ਨੂੰ ਲੈ ਕੇ ਚਿੰਤਾਵਾਂ ਵਧਾ ਦਿੱਤੀਆਂ ਹਨ। ਚੀਨ ਦੀ ਫੌਜੀ ਸ਼ਕਤੀ ਅਕਸਰ ਆਪਣੇ ਆਰਥਿਕ ਪ੍ਰਭਾਵ ਨਾਲ ਹੱਥ ਮਿਲਾਉਂਦੀ ਹੈ, ਜਿਸਦੀ ਵਰਤੋਂ ਉਹ ਖੇਤਰੀ ਦਬਦਬੇ ਨੂੰ ਸੁਰੱਖਿਅਤ ਕਰਨ ਅਤੇ ਛੋਟੇ ਦੇਸ਼ਾਂ ਦੀ ਰਣਨੀਤਿਕ ਖੁਦਮੁਖਤਿਆਰੀ ਨੂੰ ਸੀਮਤ ਕਰਨ ਲਈ ਕਰਦਾ ਹੈ। ਸ਼੍ਰੀਲੰਕਾ ਵਿਚ ਚੀਨ ਦੀ ਕਰਜ਼ੇ-ਜਾਲ ਦੀ ਕੂਟਨੀਤੀ, ਹਿੰਦ ਮਹਾਸਾਗਰ ਵਿਚ ਆਪਣੀ ਫੌਜੀ ਮੌਜੂਦਗੀ ਦੇ ਨਾਲ, ਇਹ ਉਜਾਗਰ ਕਰਦੀ ਹੈ ਕਿ ਆਰਥਿਕ ਨਿਰਭਰਤਾ ਕਿਵੇਂ ਫੌਜੀ ਲਾਭ ਵਿਚ ਅਨੁਵਾਦ ਕਰ ਸਕਦੀ ਹੈ। ਚੀਨ ਦੀ ਫੌਜੀ ਉਸਾਰੀ ਆਪਣੇ ਗੁਆਂਢੀਆਂ ਲਈ ਇੱਕ ਰੁਕਾਵਟ ਵਜੋਂ ਕੰਮ ਕਰਦੀ ਹੈ, ਜਿਸ ਨਾਲ ਉਹ ਚੀਨੀ ਹਮਲੇ ਦਾ ਸਾਹਮਣਾ ਕਰਨ ਤੋਂ ਝਿਜਕਦੇ ਹਨ, ਜੋ ਖੇਤਰੀ ਸੁਰੱਖਿਆ ਨੂੰ ਵਿਗਾੜ ਸਕਦਾ ਹੈ। ਭਾਰਤ ਅਤੇ ਚੀਨ ਵਿਚਕਾਰ 2017 ਦਾ ਡੋਕਲਾਮ ਗਤੀਰੋਧ ਚੀਨ ਦੀ ਖੇਤਰੀ ਦਾਅਵਿਆਂ ਦਾ ਦਾਅਵਾ ਕਰਨ ਲਈ ਫੌਜੀ ਮੁਦਰਾ ਦੀ ਵਰਤੋਂ ਕਰਨ ਦੀ ਇੱਕ ਉਦਾਹਰਣ ਹੈ, ਜਿਸ ਨਾਲ ਉਸਦੇ ਖੇਤਰੀ ਗੁਆਂਢੀਆਂ ਨਾਲ ਭਾਰਤ ਦੇ ਸਬੰਧਾਂ ਨੂੰ ਪ੍ਰਭਾਵਤ ਹੋਇਆ।



ਚੀਨ ਦੇ ਫੌਜੀ ਦਬਦਬੇ ਪ੍ਰਤੀ ਭਾਰਤ ਦਾ ਜਵਾਬ ਰਾਸ਼ਟਰੀ ਹਿੱਤਾਂ ਦੀ ਰੱਖਿਆ ਕਰਦੇ ਹੋਏ ਰਣਨੀਤਕ ਗਠਜੋੜ ਨੂੰ ਮਜ਼ਬੂਤ ਕਰ ਰਿਹਾ ਹੈ। ਭਾਰਤ ਨੇ ਖਾਸ ਤੌਰ ’ਤੇ ਇੰਡੋ-ਪੈਸੀਫਿਕ ਖੇਤਰ ’ਚ ਚੀਨ ਦੇ ਵਧਦੇ ਪ੍ਰਭਾਵ ਦਾ ਮੁਕਾਬਲਾ ਕਰਨ ਲਈ ਰਣਨੀਤਿਕ ਗਠਜੋੜ ਬਣਾਉਣ ’ਤੇ ਧਿਆਨ ਦਿੱਤਾ ਹੈ। ਅਮਰੀਕਾ, ਜਾਪਾਨ ਅਤੇ ਆਸਟ੍ਰੇਲੀਆ ਦੇ ਨਾਲ ਕਵਾਡ (ਚੌਤਰ ਸੁਰੱਖਿਆ ਸੰਵਾਦ) ਵਿਚ ਭਾਰਤ ਦੀ ਭਾਗੀਦਾਰੀ ਫੌਜੀ ਸਹਿਯੋਗ ਨੂੰ ਮਜ਼ਬੂਤ ਕਰਦੀ ਹੈ ਅਤੇ ਚੀਨ ਦੇ ਜ਼ੋਰਦਾਰ ਰਵੱਈਏ ਦਾ ਸਮੂਹਿਕ ਜਵਾਬ ਯਕੀਨੀ ਬਣਾਉਂਦੀ ਹੈ। ਭਾਰਤ ਨੂੰ ਚੀਨੀ ਹਮਲੇ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਰੋਕਣ ਲਈ ਆਪਣੀ ਰੱਖਿਆ ਸਮਰੱਥਾ ਨੂੰ ਵਧਾਉਣਾ ਚਾਹੀਦਾ ਹੈ, ਖਾਸ ਕਰਕੇ ਸਾਈਬਰ ਯੁੱਧ, ਪੁਲਾੜ ਤਕਨਾਲੋਜੀ ਅਤੇ ਮਿਜ਼ਾਈਲ ਰੱਖਿਆ ਵਰਗੇ ਖੇਤਰਾਂ ਵਿਚ। ਭਾਰਤ ਵੱਲੋਂ ਰੂਸ ਤੋਂ ਐੱਸ-400 ਮਿਜ਼ਾਈਲ ਪ੍ਰਣਾਲੀ ਦੀ ਖਰੀਦ ਅਤੇ ਬ੍ਰਹਮੋਸ ਮਿਜ਼ਾਈਲ ਵਿਕਾਸ ਚੀਨ ਦੀ ਵਧਦੀ ਮਿਜ਼ਾਈਲ ਅਤੇ ਹਵਾਈ ਸ਼ਕਤੀ ਦੇ ਖਿਲਾਫ ਆਪਣੀ ਰੱਖਿਆ ਨੂੰ ਮਜ਼ਬੂਤ ਕਰਦਾ ਹੈ। ਆਰਥਿਕ ਸਵੈ-ਨਿਰਭਰਤਾ ਅਤੇ ਰਣਨੀਤਕ ਭਾਈਵਾਲੀ ਭਾਰਤ ਨੂੰ ਰਾਸ਼ਟਰੀ ਸੁਰੱਖਿਆ ਨੂੰ ਹੁਲਾਰਾ ਦੇਣ ਅਤੇ ਚੀਨ ਦੇ ਆਰਥਿਕ ਲਾਭ ਪ੍ਰਤੀ ਆਪਣੀ ਕਮਜ਼ੋਰੀ ਨੂੰ ਘਟਾਉਣ ਵਿਚ ਮਦਦ ਕਰ ਸਕਦੀ ਹੈ। ਸਵੈ-ਨਿਰਭਰ ਭਾਰਤ ਪਹਿਲਕਦਮੀ ਭਾਰਤ ਨੂੰ ਨਾਜ਼ੁਕ ਰੱਖਿਆ ਤਕਨੀਕਾਂ ਲਈ ਚੀਨ ’ਤੇ ਨਿਰਭਰਤਾ ਨੂੰ ਘਟਾਉਂਦੇ ਹੋਏ ਸਵਦੇਸ਼ੀ ਰੱਖਿਆ ਉਤਪਾਦਨ ’ਤੇ ਧਿਆਨ ਕੇਂਦਰਿਤ ਕਰਨ ਲਈ ਉਤਸ਼ਾਹਿਤ ਕਰਦੀ ਹੈ। ਹਿੰਦ ਮਹਾਸਾਗਰ ’ਚ ਚੀਨ ਦੀ ਵਧਦੀ ਜਲ ਸੈਨਾ ਮੌਜੂਦਗੀ ਦਾ ਮੁਕਾਬਲਾ ਕਰਨ ਲਈ ਆਪਣੀਆਂ ਸਮੁੰਦਰੀ ਸਰਹੱਦਾਂ ਨੂੰ ਸੁਰੱਖਿਅਤ ਕਰਨ ਅਤੇ ਜਲ ਸੈਨਾ ਦੀ ਸਮਰੱਥਾ ਨੂੰ ਵਧਾਉਣ ’ਤੇ ਭਾਰਤ ਦਾ ਧਿਆਨ ਮਹੱਤਵਪੂਰਨ ਹੈ। ਭਾਰਤ ਨੇ ਚੀਨ ਦੇ ਪ੍ਰਭਾਵ ਦਾ ਮੁਕਾਬਲਾ ਕਰਨ ਲਈ ਹਿੰਦ ਮਹਾਸਾਗਰ ਅਤੇ ਦੱਖਣੀ ਚੀਨ ਸਾਗਰ ਵਿਚ ਨੇਵੀਗੇਸ਼ਨ ਦੀ ਆਜ਼ਾਦੀ ’ਤੇ ਧਿਆਨ ਕੇਂਦਰਿਤ ਕਰਦੇ ਹੋਏ ਜਾਪਾਨ ਅਤੇ ਆਸਟ੍ਰੇਲੀਆ ਵਰਗੇ ਦੇਸ਼ਾਂ ਨਾਲ ਜਲ ਸੈਨਾ ਸਹਿਯੋਗ ਨੂੰ ਮਜ਼ਬੂਤ ਕੀਤਾ ਹੈ। ਭਾਰਤ ਨੂੰ ਦੱਖਣ-ਪੂਰਬੀ ਏਸ਼ੀਆਈ ਦੇਸ਼ਾਂ ਨਾਲ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਨਰਮ ਸ਼ਕਤੀ ਦੀ ਵਰਤੋਂ ਕਰਦੇ ਹੋਏ ਚੀਨ ਦੀਆਂ ਵਿਸਤਾਰਵਾਦੀ ਨੀਤੀਆਂ ਵਿਰੁੱਧ ਖੇਤਰੀ ਸਹਿਮਤੀ ਬਣਾਉਣ ਲਈ ਕੂਟਨੀਤਕ ਯਤਨਾਂ ਵਿਚ ਵੀ ਸ਼ਾਮਲ ਹੋਣਾ ਚਾਹੀਦਾ ਹੈ। ਆਸੀਆਨ ਫੋਰਮਾਂ ਵਿਚ ਭਾਰਤ ਦੀ ਸਰਗਰਮ ਭੂਮਿਕਾ ਅਤੇ ਇਸਦੀ ਐਕਟ ਈਸਟ ਨੀਤੀ ਦੱਖਣ-ਪੂਰਬੀ ਏਸ਼ੀਆ ਨਾਲ ਨਜ਼ਦੀਕੀ ਸਬੰਧਾਂ ਨੂੰ ਉਤਸ਼ਾਹਿਤ ਕਰਦੀ ਹੈ, ਜਿਸ ਨਾਲ ਖੇਤਰ ਵਿਚ ਚੀਨ ਦੇ ਆਰਥਿਕ ਅਤੇ ਫੌਜੀ ਦਬਦਬੇ ਦਾ ਮੁਕਾਬਲਾ ਕੀਤਾ ਜਾਂਦਾ ਹੈ।

ਚੀਨ ਦੇ ਫੌਜੀ ਦਬਦਬੇ ਪ੍ਰਤੀ ਭਾਰਤ ਦਾ ਜਵਾਬ ਖੇਤਰੀ ਸਥਿਰਤਾ ਨੂੰ ਵਧਾਵਾ ਦਿੰਦੇ ਹੋਏ ਬਹੁ-ਪੱਖੀ ਸਹਿਯੋਗ ਨੂੰ ਉਤਸ਼ਾਹਿਤ ਕਰਨਾ ਹੈ। ਭਾਰਤ ਨੂੰ ਖੇਤਰੀ ਸੁਰੱਖਿਆ ਚਿੰਤਾਵਾਂ ਨੂੰ ਹੱਲ ਕਰਨ ਅਤੇ ਇੰਡੋ-ਪੈਸੀਫਿਕ ਦੇਸ਼ਾਂ ਦਰਮਿਆਨ ਗੱਲਬਾਤ ਨੂੰ ਉਤਸ਼ਾਹਿਤ ਕਰਨ ਲਈ ਬਹੁਪੱਖੀ ਢਾਂਚੇ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਪੂਰਬੀ ਏਸ਼ੀਆ ਸੰਮੇਲਨ ਅਤੇ ਸ਼ੰਘਾਈ ਸਹਿਯੋਗ ਸੰਗਠਨ (ਐੱਸ.ਐੱਚ.ਓ.) ਵਿਚ ਭਾਰਤ ਦੀ ਭਾਗੀਦਾਰੀ ਚੀਨ ਦੇ ਪ੍ਰਭਾਵ ਦਾ ਮੁਕਾਬਲਾ ਕਰਨ ਸਮੇਤ ਸੁਰੱਖਿਆ ਮੁੱਦਿਆਂ ’ਤੇ ਸਹਿਯੋਗ ਨੂੰ ਉਤਸ਼ਾਹਿਤ ਕਰਦੀ ਹੈ। ਭਾਰਤ ਬਾਹਰੀ ਦਬਾਅ ਦੇ ਖਿਲਾਫ ਆਪਣੀ ਪ੍ਰਭੂਸੱਤਾ ਦਾ ਦਾਅਵਾ ਕਰਨ ਵਿਚ ਛੋਟੇ ਦੇਸ਼ਾਂ ਦਾ ਸਮਰਥਨ ਕਰਕੇ ਖੇਤਰੀ ਖੁਦਮੁਖਤਿਆਰੀ ਅਤੇ ਸਵੈ-ਨਿਰਭਰਤਾ ਨੂੰ ਮਜ਼ਬੂਤ ਕਰ ਸਕਦਾ ਹੈ। ਐੱਮ.ਜੀ.ਸੀ. (ਮੇਕਾਂਗ-ਗੰਗਾ ਸਹਿਯੋਗ) ਵਰਗੇ ਪ੍ਰੋਜੈਕਟਾਂ ਰਾਹੀਂ ਚੀਨੀ ਆਰਥਿਕ ਪ੍ਰਭਾਵ ਦਾ ਵਿਰੋਧ ਕਰਨ ਵਿਚ ਸ਼੍ਰੀਲੰਕਾ ਅਤੇ ਨੇਪਾਲ ਨੂੰ ਭਾਰਤ ਦਾ ਸਮਰਥਨ ਖੁਦਮੁਖਤਿਆਰੀ ਨੂੰ ਉਤਸ਼ਾਹਿਤ ਕਰਨ ਦੀ ਇੱਕ ਉਦਾਹਰਣ ਹੈ। ਭਾਰਤ ਨੂੰ ਖੇਤਰੀ ਤਣਾਅ ਨੂੰ ਘੱਟ ਕਰਨ ਲਈ ਰੱਖਿਆ ਖਰਚ ਅਤੇ ਫੌਜੀ ਗਤੀਵਿਧੀਆਂ ਵਿਚ ਪਾਰਦਰਸ਼ਤਾ ਦੇ ਮਹੱਤਵ ’ਤੇ ਜ਼ੋਰ ਦੇਣਾ ਚਾਹੀਦਾ ਹੈ। ਭਾਰਤ ਦਾ ਖੁੱਲ੍ਹਾ ਰੱਖਿਆ ਬਜਟ ਅਤੇ ਸੰਯੁਕਤ ਰਾਸ਼ਟਰ ਸ਼ਾਂਤੀ ਮਿਸ਼ਨਾਂ ਵਿਚ ਭਾਗੀਦਾਰੀ ਖੇਤਰੀ ਭਰੋਸੇ ਵਿਚ ਯੋਗਦਾਨ ਪਾਉਂਦੀ ਹੈ ਅਤੇ ਸੰਘਰਸ਼ ਦੇ ਜ਼ੋਖਮ ਨੂੰ ਘਟਾਉਂਦੀ ਹੈ। ਸਮਾਵੇਸ਼ੀ ਆਰਥਿਕ ਵਿਕਾਸ ਨੂੰ ਉਤਸ਼ਾਹਿਤ ਕਰਕੇ ਅਤੇ ਬਰਾਬਰੀ ਵਾਲੇ ਵਿਕਾਸ ਨੂੰ ਯਕੀਨੀ ਬਣਾ ਕੇ, ਭਾਰਤ ਚੀਨ ਦੇ ਆਰਥਿਕ ਜ਼ਬਰ ਦਾ ਮੁਕਾਬਲਾ ਕਰ ਸਕਦਾ ਹੈ ਅਤੇ ਵਧੇਰੇ ਸਥਿਰ ਖੇਤਰੀ ਸਬੰਧ ਬਣਾ ਸਕਦਾ ਹੈ। ਬੁਨਿਆਦੀ ਢਾਂਚੇ ਨੂੰ ਸੁਧਾਰਨ ਅਤੇ ਆਸੀਆਨ ਦੇਸ਼ਾਂ ਨਾਲ ਵਪਾਰ ਨੂੰ ਉਤਸ਼ਾਹਿਤ ਕਰਨ ’ਤੇ ਭਾਰਤ ਦਾ ਧਿਆਨ ਚੀਨੀ ਪ੍ਰੋਜੈਕਟਾਂ ’ਤੇ ਉਨ੍ਹਾਂ ਦੀ ਨਿਰਭਰਤਾ ਨੂੰ ਘਟਾਉਂਦਾ ਹੈ। ਭਾਰਤ ਨੂੰ ਖੇਤਰ ਵਿਚ ਸਥਿਰਤਾ ਬਣਾਈ ਰੱਖਣ ਲਈ ਕੂਟਨੀਤਕ ਮਾਧਿਅਮਾਂ ਰਾਹੀਂ ਸ਼ਾਂਤੀਪੂਰਨ ਸੰਘਰਸ਼ ਨਿਪਟਾਰਾ ਵਿਧੀ ਨੂੰ ਸਰਗਰਮੀ ਨਾਲ ਉਤਸ਼ਾਹਿਤ ਕਰਨਾ ਚਾਹੀਦਾ ਹੈ। ਭਾਰਤ-ਚੀਨ ਸਰਹੱਦੀ ਵਾਰਤਾ ਵਿਚ ਭਾਰਤ ਦੀ ਭਾਗੀਦਾਰੀ ਅਤੇ ਦੱਖਣੀ ਚੀਨ ਸਾਗਰ ਵਿਵਾਦਾਂ ’ਤੇ ਆਸੀਆਨ ਦੀ ਅਗਵਾਈ ਵਾਲੀ ਗੱਲਬਾਤ ਦਾ ਸਮਰਥਨ ਖੇਤਰੀ ਸ਼ਾਂਤੀ ਪ੍ਰਤੀ ਉਸਦੀ ਵਚਨਬੱਧਤਾ ਦੀ ਮਿਸਾਲ ਹੈ।

ਜਿਵੇਂ ਕਿ ਵਿਸ਼ਵ ਸ਼ਕਤੀ ਦੀ ਗਤੀਸ਼ੀਲਤਾ ਬਦਲਦੀ ਹੈ, ਭਾਰਤ ਵਰਗੇ ਦੇਸ਼ਾਂ ਨੂੰ ਖੇਤਰੀ ਸਥਿਰਤਾ ਨੂੰ ਉਤਸ਼ਾਹਿਤ ਕਰਨ ਲਈ ਕੂਟਨੀਤਕ ਅਤੇ ਰੱਖਿਆਤਮਕ ਉਪਾਵਾਂ ਵਿਚ ਸ਼ਾਮਲ ਹੋਣਾ ਜਾਰੀ ਰੱਖਣਾ ਚਾਹੀਦਾ ਹੈ। ਰਣਨੀਤਿਕ ਭਾਈਵਾਲੀ, ਰੱਖਿਆ ਸਮਰੱਥਾਵਾਂ ਦੇ ਆਧੁਨਿਕੀਕਰਨ ਅਤੇ ਕੂਟਨੀਤਿਕ ਸ਼ਮੂਲੀਅਤ ਦੇ ਸਹੀ ਸੁਮੇਲ ਨਾਲ, ਭਾਰਤ ਇੱਕ ਸ਼ਾਂਤੀਪੂਰਨ ਅਤੇ ਸਥਿਰ ਏਸ਼ੀਆ ਵਿਚ ਯੋਗਦਾਨ ਪਾਉਂਦੇ ਹੋਏ ਆਪਣੇ ਹਿੱਤਾਂ ਨੂੰ ਸੁਰੱਖਿਅਤ ਕਰ ਸਕਦਾ ਹੈ।

# ਵਿਸ਼ਵ ਏਡਜ਼ ਦਿਵਸ 2024

# ਆਪਣੀ ਹੈਲਥ ਨੂੰ ਆਪਣਾ ਹੱਕ ਸਮਝੋ

**ਵਿਸ਼ਵ ਏਡਜ਼ ਦਿਵਸ 2024 ਦਾ ਥੀਮ ਹੈ- "ਮੇਰੀ ਸਿਹਤ ਹੀ ਮੇਰਾ ਹੱਕ ਹੈ। ਅੱਜ ਆਪਣੇ ਹੱਕ ਦੀ ਗੱਲ ਕਰਨ ਲਈ, ਹੱਕ ਦਾ, ਸਹੀ ਰਸਤਾ ਅਪਨਾਉਣ ਦੀ ਲੋੜ ਹੈ"-ਅਨਿਲ ਧੀਰ**



ਅਨਿਲ ਧੀਰ
ਬਰੈਂਟਪਨ, ਕੈਨੇਡਾ
647-853-5800
healthmedia1@hotmail.com
(Punjab Mail USA)



ਵਿਸ਼ਵ ਸਿਹਤ ਸੰਸਥਾ, 1 ਦਸੰਬਰ, 2024 ਵਾਲੇ ਦਿਨ ਵਿਸ਼ਵ ਏਡਜ਼ ਦਿਵਸ ਮਨਾਉਣ ਲਈ ਭਾਈਚਾਰਿਆਂ ਅਤੇ ਭਾਈਵਾਲਾਂ ਨਾਲ ਜੁੜ ਕੇ "ਮੇਰੀ ਸਿਹਤ, ਮੇਰਾ ਹੱਕ ਲਈ, ਆਪਣੇ ਅਧਿਕਾਰ ਦਾ ਰਸਤਾ ਲੈਣ ਬਾਰੇ ਗੱਲ ਹੋ ਰਹੀ ਹੈ"। ਮਨੁੱਖੀ ਅਧਿਕਾਰਾਂ ਨੂੰ ਅੱਗੇ ਰੱਖਦੇ ਹੋਏ ਭਾਈਚਾਰਿਆਂ ਦੀ ਅਗਵਾਈ ਹੇਠ, ਵਿਸ਼ਵ 2030 ਤੱਕ ਏਡਜ਼ ਨੂੰ ਇੱਕ ਜਨਤਕ ਸਿਹਤ ਖਤਰੇ ਵਜੋਂ ਖਤਮ ਕਰ ਸਕਦੀ ਹੈ। ਇਸ ਲਈ ਹਰ ਆਦਮੀ ਦੇ ਅਧਿਕਾਰ ਸੁਰੱਖਿਅਤ ਹੋਣੇ ਚਾਹੀਦੇ ਹਨ। ਇਸ ਸਾਲ ਦੀ ਮੁਹਿੰਮ 'ਚ ਵਿਸ਼ਵ ਸਿਹਤ ਸੰਸਥਾ ਵਿਸ਼ਵ ਦੇ ਨੇਤਾਵਾਂ ਅਤੇ ਨਾਗਰਿਕਾਂ ਨੂੰ ਏਡਜ਼ ਨੂੰ ਖਤਮ ਕਰਨ 'ਚ ਤਰੱਕੀ 'ਚ ਰੁਕਾਵਟ ਪਾਉਣ ਵਾਲੀਆਂ ਅਸਮਾਨਤਾਵਾਂ ਨੂੰ ਸੰਬੋਧਿਤ ਕਰਕੇ ਸਿਹਤ ਦੇ ਅਧਿਕਾਰ ਦਾ ਸਮਰਥਨ ਕਰਨ ਲਈ ਬੁਲਾ ਰਿਹਾ ਹੈ। ਹਾਲਾਂਕਿ ਵਿਸ਼ਵ ਸਿਹਤ ਸੰਸਥਾ ਨੇ ਯੂਰਪੀ ਖੇਤਰ 'ਚ ਐੱਚ.ਆਈ.ਵੀ. ਨਾਲ ਨਜਿੱਠਣ 'ਚ ਤਰੱਕੀ ਕੀਤੀ ਹੈ, ਪਰ ਕੇਸਾਂ ਦੀ ਪਛਾਣ ਕਰਨ ਅਤੇ ਇਲਾਜ ਕਰਨ ਦੇ ਨਾਲ-ਨਾਲ ਪਹਿਲੀ ਥਾਂ 'ਤੇ ਨਵੀਂ ਇਨਫੈਕਸ਼ਨ ਨੂੰ ਰੋਕਣ ਮਹੱਤਵਪੂਰਨ ਚੁਣੌਤੀਆਂ ਬਾਕੀ ਹਨ।

ਐੱਚ.ਆਈ.ਵੀ. ਇੱਕ ਇਨਫੈਕਸ਼ਨ ਹੈ, ਜੋ ਸਰੀਰ ਦੀ ਇਮਿਊਨ ਸਿਸਟਮ, ਖਾਸ ਤੌਰ 'ਤੇ ਸੀ.ਡੀ.-4 ਸੈੱਲ ਕਹੇ ਜਾਂਦੇ ਚਿੱਟੇ ਰਕਤਾਣੂਆਂ 'ਤੇ ਹਮਲਾ ਕਰਦਾ ਹੈ। ਐੱਚ.ਆਈ.ਵੀ. ਇਨ੍ਹਾਂ ਸੀ.ਡੀ.-4 ਸੈੱਲਾਂ ਨੂੰ ਨਸ਼ਟ ਕਰ ਦਿੰਦਾ ਹੈ, ਜਿਸ ਨਾਲ ਟੀ.ਬੀ. ਅਤੇ ਕੁੱਝ ਕੈਂਸਰਾਂ ਵਰਗੀਆਂ ਇਨਫੈਕਸ਼ਨਾਂ ਦੇ ਵਿਰੁੱਧ ਵਿਅਕਤੀ ਦੀ ਪ੍ਰਤੀਰੋਧਕ ਸ਼ਕਤੀ ਕਮਜ਼ੋਰ ਹੋ ਜਾਂਦੀ ਹੈ। ਜੇਕਰ ਵਿਅਕਤੀ ਦੇ ਸੀ.ਡੀ.-4 ਸੈੱਲਾਂ ਦੀ ਗਿਣਤੀ 200 ਤੋਂ ਹੇਠਾਂ ਆਉਂਦੀ ਹੈ, ਤਾਂ ਉਨ੍ਹਾਂ ਦੀ ਪ੍ਰਤੀਰੋਧਕ ਸ਼ਕਤੀ ਨੂੰ ਬੁਰੀ ਤਰ੍ਹਾਂ ਨਾਲ ਸਮਝੌਤਾ ਕਰਨ ਕਰਕੇ, ਜਿਸ ਨਾਲ ਉਨ੍ਹਾਂ ਨੂੰ ਇਨਫੈਕਸ਼ਨ ਦੀ ਸੰਭਾਵਨਾ ਵੱਧ ਜਾਂਦੀ ਹੈ। 200 ਤੋਂ ਘੱਟ ਸੀ.ਡੀ.-4 ਦੀ ਗਿਣਤੀ ਵਾਲੇ ਕਿਸੇ ਵਿਅਕਤੀ ਨੂੰ ਏਡਜ਼ ਨਾਲ ਪੀੜਤ ਦੱਸਿਆ ਜਾਂਦਾ ਹੈ।


ਏਡਜ਼ ਨੂੰ ਲੋੜ ਹੈ ਕਿ ਅਸੀਂ ਹਰ ਉਸ ਵਿਅਕਤੀ ਨੂੰ ਮਹੱਤਵ ਦਈਏ ਅਤੇ ਉਨ੍ਹਾਂ ਤੱਕ ਪਹੁੰਚ ਕਰੀਏ, ਜੋ ਐੱਚ.ਆਈ.ਵੀ. ਦੇ ਖਤਰੇ 'ਚ ਹਨ ਜਾਂ ਪੀੜਤ ਹਨ। ਇਨ੍ਹਾਂ 'ਚ ਮਰਦਾਂ ਨਾਲ ਸੈਕਸ ਕਰਨ ਵਾਲੇ ਪੁਰਸ਼, ਟਰਾਂਸਜ਼ੈਂਡਰ ਲੋਕ, ਨਸ਼ੇ ਦਾ ਟੀਕਾ ਲਗਾਉਣ ਵਾਲੇ, ਸੈਕਸ ਵਰਕਰ ਜੇਲ੍ਹਾਂ 'ਚ ਕੈਦ ਲੋਕ ਅਤੇ ਉਨ੍ਹਾਂ ਦੇ ਸਾਥੀ ਵਗੈਰਾ ਆਉਂਦੇ ਹਨ।

ਹੈਲਥ ਮਨੁੱਖੀ ਅਧਿਕਾਰ ਹੈ। ਹਰ ਕਿਸੇ ਨੂੰ ਉਨ੍ਹਾਂ ਸਿਹਤ ਸੇਵਾਵਾਂ ਤੱਕ ਪਹੁੰਚ ਹੋਣੀ ਚਾਹੀਦੀ ਹੈ, ਜਿਨ੍ਹਾਂ ਦੀ ਉਨ੍ਹਾਂ ਨੂੰ ਲੋੜ ਹੁੰਦੀ ਹੈ, ਜਿਸ 'ਚ ਐੱਚ.ਆਈ.ਵੀ. ਦੀ ਰੋਕਥਾਮ, ਇਲਾਜ ਅਤੇ ਦੇਖਭਾਲ ਸੇਵਾਵਾਂ ਸ਼ਾਮਲ ਹਨ, ਜਦੋਂ ਉਨ੍ਹਾਂ ਨੂੰ ਉਨ੍ਹਾਂ ਦੀ ਲੋੜ ਹੁੰਦੀ ਹੈ। ਸਿਹਤ ਦੇ ਅਧਿਕਾਰ ਦੀ ਰੱਖਿਆ ਦਾ ਮਤਲਬ ਇਹ ਯਕੀਨੀ ਬਣਾਉਣਾ ਹੈ ਕਿ ਸਿਹਤ ਦੇਖਭਾਲ ਹਰ ਕਿਸੇ ਲਈ ਉਪਲਬਧ ਹੈ, ਬਿਨਾਂ ਕਿਸੇ ਭੇਦਭਾਵ ਦੇ, ਭਾਵੇਂ ਉਨ੍ਹਾਂ ਦੀ ਐੱਚ.ਆਈ.ਵੀ. ਸਥਿਤੀ, ਪਿਛੋਕੜ, ਲਿੰਗ ਜਾਂ ਉਹ ਕਿੱਥੇ ਰਹਿੰਦੇ ਹਨ। ਹਾਲਾਂਕਿ ਤਰੱਕੀ ਹੋਈ ਹੈ, ਪਰ ਚੁਣੌਤੀਆਂ ਬਰਕਰਾਰ ਹਨ।

## ਬੜਾ ਜਰੂਰੀ ਹੈ ਬਚਾਅ:

- ਅੱਜ ਕਲੰਕ ਅਤੇ ਭੇਦਭਾਵ ਏਡਜ਼ ਵਿਰੁੱਧ ਲੜਾਈ ਨੂੰ ਕਮਜ਼ੋਰ ਕਰ ਰਹੇ ਹਨ। ਐੱਚ.ਆਈ.ਵੀ. ਦੇ ਖਤਰੇ 'ਚ ਜਾਂ ਪੀੜਤ ਲੋਕ, ਅਕਸਰ ਆਪਣੇ ਆਪ 'ਚ ਬਿਮਾਰੀ ਦੇ ਦੋਹਰੇ ਬੋਝ ਅਤੇ ਇਸ ਦੇ ਆਲੇ-ਦੁਆਲੇ ਕਲੰਕ ਦਾ ਅਨੁਭਵ ਕਰਦੇ ਹਨ।
- ਕਲੰਕ ਅਤੇ ਵਿਤਕਰੇ ਨੂੰ ਚੁਣੌਤੀ ਦੇਣ ਦੇ ਨਾਲ-ਨਾਲ ਹਰ ਕਿਸੇ ਦੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਕਰਨਾ ਸਰਵ ਵਿਆਪਕ ਐੱਚ.ਆਈ.ਵੀ. ਦੇਖਭਾਲ ਹਾਸਲ ਕਰਨ ਅਤੇ ਪਹੁੰਚ 'ਚ ਆ ਰਹੀਆਂ ਰੁਕਾਵਟਾਂ ਨੂੰ ਜ਼ਰੂਰੀ ਹੋ ਗਿਆ ਹੈ।
- ਐੱਚ.ਆਈ.ਵੀ. ਦੇ ਖਤਰੇ ਨੂੰ ਘਟਾਉਣ ਲਈ ਸੈਕਸ ਦੌਰਾਨ ਚੰਗੀ ਕੁਆਲਟੀ ਦੇ ਕੰਡੋਮ ਦੀ ਸਹੀ ਵਰਤੋਂ ਕਰੋ।
- ਜੇਕਰ ਤੁਸੀਂ ਨਸ਼ੇ ਦਾ ਟੀਕਾ ਲਗਾਉਂਦੇ ਹੋ, ਤਾਂ ਆਪਣੇ ਆਪ ਨੂੰ ਬਚਾਓ, ਨਸ਼ੇ ਦਾ ਟੀਕਾ ਨਾ ਲਗਾਓ। ਜੇਕਰ ਅਜਿਹਾ ਕਰਦੇ ਹੋ, ਤਾਂ ਸਿਰਫ ਨਿਰਜੀਵ ਇੰਜੈਕਸ਼ਨ ਉਪਕਰਨ ਅਤੇ ਪਾਣੀ ਦੀ ਵਰਤੋਂ ਕਰੋ ਅਤੇ ਕਦੇ ਵੀ ਆਪਣੇ ਸਾਜ਼-ਸਾਮਾਨ ਨੂੰ ਦੂਜਿਆਂ ਨਾਲ ਸਾਂਝਾ ਨਾ ਕਰੋ।
- ਅਗਰ ਤੁਹਾਨੂੰ ਐੱਚ.ਆਈ.ਵੀ. ਨਹੀਂ ਹੈ ਪਰ ਹੋਣ ਦਾ ਖਤਰਾ ਹੈ, ਤਾਂ ਪ੍ਰੀ-ਐਕਸਪੋਜ਼ਰ ਪ੍ਰੋਫਾਈਲੈਕਸਿਸ ਬਾਰੇ ਆਪਣੇ ਹੈਲਥ ਕੇਅਰ ਟੇਕਰ ਨਾਲ ਗੱਲ ਕਰੋ। ਪੀ.ਆਰ.ਈ.ਪੀ. 'ਚ ਸੈਕਸ ਜਾਂ ਇੰਜੈਕਸ਼ਨ ਡਰੱਗ ਦੀ ਵਰਤੋਂ ਦੁਆਰਾ ਐੱਚ.ਆਈ.ਵੀ. ਹੋਣ ਦੇ ਖਤਰੇ ਨੂੰ ਘਟਾਉਣ ਲਈ ਹਰ 2 ਮਹੀਨੇ 'ਚ ਇੱਕ ਖਾਸ ਐੱਚ.ਆਈ.ਵੀ. ਦਵਾਈ ਜਾਂ ਟੀਕਾ ਲੈਣਾ ਸ਼ਾਮਲ ਹੁੰਦਾ ਹੈ।
- ਜੇ ਤੁਸੀਂ ਐੱਚ.ਆਈ.ਵੀ. ਪੀੜਤ ਹੋ ਤਾਂ ਦੂਜਿਆਂ ਨੂੰ ਬਚਾਓ। ਆਪਣੇ ਡਾਕਟਰ ਦੁਆਰਾ ਦੱਸੀ ਗਈ ਐਂਟੀਵਾਈਰਲ ਥੈਰੇਪੀ ਲਵੋ। ਇਸ ਨਾਲ ਖੂਨ ਅੰਦਰ ਐੱਚ.ਆਈ.ਵੀ. ਦਾ ਅਸਰ ਘੱਟ ਸਕਦਾ ਹੈ, ਉਸ ਬਿੰਦੂ ਤੱਕ ਜਿੱਥੇ ਇੱਕ ਟੈਸਟ ਇਸਦਾ ਪਤਾ ਨਹੀਂ ਲਗਾ ਸਕਦਾ। ਜੇ ਤੁਹਾਡੇ ਅੰਦਰ ਇੱਕ ਅਣਪਛਾਣਯੋਗ ਵਾਇਰਲ ਦਾ ਲੋਡ ਹੈ, ਤਾਂ ਤੁਸੀਂ ਆਪਣੇ ਪਾਰਟਨਰ ਨੂੰ ਐੱਚ.ਆਈ.ਵੀ. ਤੋਂ ਬਚਾਉਣ ਲਈ ਸੈਕਸ ਤੋਂ ਪਰਹੇਜ਼ ਕਰੋਗੇ।
- ਪੇਰੀਨੇਟਲ ਟਰਾਂਸਮੀਸ਼ਨ ਨੂੰ ਰੋਕਣ ਲਈ, ਜੇ ਤੁਹਾਨੂੰ ਐੱਚ.ਆਈ.ਵੀ. ਪਾਜ਼ੀਟਿਵ ਹੈ ਅਤੇ ਪ੍ਰੈਗਨੈਂਸੀ ਅਤੇ ਜਣੇਪੇ ਦੌਰਾਣ ਤੁਸੀਂ ਡਾਕਟਰ ਮੁਤਾਬਿਕ ਐੱਚ.ਆਈ.ਵੀ. ਦੀ ਦਵਾਈ ਲੈਂਦੇ ਹੋ, ਤਾਂ ਤੁਹਾਡੇ ਬੱਚੇ ਨੂੰ ਐੱਚ.ਆਈ.ਵੀ. ਦੇ ਸੰਚਾਰਿਤ ਹੋਣ ਦੀ ਸੰਭਾਵਨਾ 1% ਤੋਂ ਘੱਟ ਹੈ।
- ਜੇਕਰ ਇੱਕ ਸਾਥੀ ਐੱਚ.ਆਈ.ਵੀ. ਪੀੜਤ ਹੈ ਅਤੇ ਤੁਸੀਂ ਬੱਚੇ ਦੀ ਪਲਾਨਿੰਗ ਕਰ ਰਹੇ ਹੋ, ਤਾਂ ਬੱਚੇ ਨੂੰ ਇਸ ਤੋਂ ਬਚਾਉਣ 'ਚ ਮਦਦ ਕਰਨ ਲਈ ਪੀ.ਆਰ.ਪੀ. ਬਾਰੇ ਆਪਣੇ ਡਾਕਟਰ ਨਾਲ ਗੱਲ ਕਰੋ।

**ਨੋਟ:** ਐੱਚ.ਆਈ.ਵੀ. ਪੀੜਤ ਨਾਲ ਹੱਥ ਮਿਲਾਉਣ ਨਾਲ, ਹੱਗ ਕਰਨ ਨਾਲ ਅਤੇ ਬੰਦ-ਮੂੰਹ ਨਾਲ ਚੁੰਮਣ ਨਾਲ, ਰੋਗੀ ਦੀ ਟਾਇਲਟ ਸੀਟ ਇਸਤੇਮਾਲ ਕਰਨਾ, ਜਾਂ ਉਸਦੇ ਸਮਾਨ ਨੂੰ ਟੱਚ ਕਰਨ ਨਾਲ ਇਹ ਵਾਇਰਸ ਨਹੀਂ ਘੇਰਦਾ। ਸੈਕਸ ਦੁਆਰਾ ਤਰਲ ਪਦਾਰਥਾਂ ਦੇ ਆਦਾਨ-ਪ੍ਰਦਾਨ ਨਾਲ ਤੁਸੀਂ ਇਸ ਵਾਇਰਸ ਦੇ ਘੇਰੇ 'ਚ ਆ ਸਕਦੇ ਹੋ।






ਪ੍ਰਮੋਦ ਧੀਰ
(ਜੈਤੋ, ਜ਼ਿਲ੍ਹਾ ਫ਼ਰੀਦਕੋਟ)
ਕੰਪਿਊਟਰ ਅਧਿਆਪਕ, ਸਰਕਾਰੀ ਹਾਈ ਸਕੂਲ, ਢੈਪਈ (ਫ਼ਰੀਦਕੋਟ)
ਫੋਨ: 98550-31081
ਪੰਜਾਬ ਮੇਲ USA



## 07 ਦਸੰਬਰ 2024 ਨੂੰ "ਫਲੈਗ ਡੇ" 'ਤੇ ਵਿਸ਼ੇਸ਼

# "ਪ੍ਰਣਾਮ ਸ਼ਹੀਦਾਂ ਨੂੰ"

## ਆਓ ਜਾਣੀਏ "ਹਥਿਆਰਬੰਦ ਸੈਨਾ ਝੰਡਾ ਦਿਵਸ" ਦੀ ਮਹੱਤਤਾ



ਹਰ ਸਾਲ "ਹਥਿਰਾਬੰਦ ਸੈਨਾ ਝੰਡਾ ਦਿਵਸ" 07 ਦਸੰਬਰ ਨੂੰ ਮਨਾਇਆ ਜਾਂਦਾ ਹੈ। ਇਸ ਦਿਨ ਰਾਸ਼ਟਰ ਆਪਣੇ ਬਹਾਦਰ ਸੈਨਿਕਾਂ ਦੀ ਦੇਸ਼ ਦੀ ਰੱਖਿਆ ਲਈ ਦਿੱਤੀਆਂ ਕੁਰਬਾਨੀਆਂ ਨੂੰ ਯਾਦ ਕਰਦਾ ਹੈ। ਸੇਵਾ ਨਿਭਾ ਰਹੇ ਅਤੇ ਸਾਬਕਾ ਸੈਨਿਕਾਂ ਦੀ ਬਹਾਦਰੀ ਪ੍ਰਤੀ ਸਲੂਟ ਕਰਨ ਦਾ ਇਹ ਇੱਕ ਸੁਨਿਹਰੀ ਮੌਕਾ ਹੁੰਦਾ ਹੈ। ਭਾਰਤ ਵਿਚ 1949 ਤੋਂ ਹਰ ਸਾਲ 7 ਦਸੰਬਰ ਨੂੰ "ਹਥਿਰਾਬੰਦ ਸੈਨਾ ਝੰਡਾ ਦਿਵਸ" ਦੇ ਤੌਰ 'ਤੇ ਮਨਾਇਆ ਜਾਂਦਾ ਹੈ, ਜਿਸ ਨੂੰ ਫਲੈਗ ਡੇ ਵਜੋਂ ਵੀ ਜਾਣਿਆ ਜਾਂਦਾ ਹੈ। ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪੰਜਾਬ ਸਰਕਾਰ ਵੱਲੋਂ ਇਸ ਦਿਨ ਨੂੰ ਮਨਾਉਣ ਸਬੰਧੀ ਪੰਜਾਬ ਦੇ ਸਾਰੇ ਸਰਕਾਰੀ ਵਿਭਾਗਾਂ ਦੇ ਮੁਖੀਆਂ ਨੂੰ ਪੱਤਰ ਜਾਰੀ ਕੀਤਾ ਜਾ ਚੁੱਕਾ ਹੈ। ਅੱਜ ਦੇ ਦਿਨ ਅਤਿ ਮਹੱਤਵਪੂਰਨ ਵਿਅਕਤੀਆਂ ਅਤੇ ਸਮੂਹ ਭਾਰਤੀ ਨਾਗਰਿਕਾਂ ਦੇ ਝੰਡਾਂ ਲਗਾਉਣ ਦੀ ਰਸਮ ਵੀ ਕੀਤੀ ਜਾਂਦੀ ਹੈ। ਸਮੂਹ ਵਿਭਾਗਾਂ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਝੰਡੇ ਦੇ ਸਨਮਾਨ ਵਿਚ ਕੁਝ ਤਿਲ-ਫੁਲ ਵਿੱਤੀ ਅੰਸ਼ਦਾਨ ਵੀ ਇਕੱਠਾ ਕੀਤਾ ਜਾਂਦਾ ਹੈ। ਕਈ ਲੋਕ ਅਤੇ ਵਿਦਿਆਰਥੀ ਇਸ ਦਿਨ ਦੀ ਮਹੱਤਤਾ ਤੋਂ ਅਣਜਾਨ ਹੋਣ ਕਾਰਨ ਇਸ ਦਾਨ ਨੂੰ ਫਜ਼ੂਲਖਰਚੀ ਸਮਝਦੇ ਹਨ। ਇਸ ਲਈ ਸਮੂਹ ਅਧਿਆਪਕਾਂ, ਸਮੂਹ ਵਿਭਾਗਾਂ ਦੇ ਮੁਖੀਆਂ ਅਤੇ ਮੀਡੀਆ ਕਰਮੀਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਇਸ ਦਿਨ 'ਤੇ ਇਕੱਠੀ ਕੀਤੀ ਜਾਣ ਵਾਲੀ ਦਾਨ ਰਾਸ਼ੀ ਸਬੰਧੀ ਵਿਦਿਆਰਥੀਆਂ ਅਤੇ ਆਮ ਲੋਕਾਂ ਨੂੰ ਵੱਧ ਤੋਂ ਵੱਧ ਜਾਗਰੂਕ ਕਰਨ ਕਿ ਇਹ ਰਾਸ਼ੀ ਕਿਉਂ ਇਕੱਠੀ ਕੀਤੀ ਜਾਂਦੀ ਹੈ ਅਤੇ ਕਿੱਥੇ ਵਰਤੀ ਜਾਵੇਗੀ, ਤਾਂ ਕਿ ਲੋਕ ਖੁਸ਼ੀ ਨਾਲ ਇਸ ਸੇਵਾ ਵਿਚ ਯੋਗਦਾਨ ਪਾ ਸਕਣ। ਇੱਥੇ ਇਹ ਸਮਝਾਉਣਾ ਜ਼ਰੂਰੀ ਹੈ ਕਿ ਇਕੱਤਰ ਕੀਤੀ ਰਾਸ਼ੀ ਕੇਂਦਰ ਅਤੇ ਰਾਜਾਂ ਦੇ ਸੈਨਿਕ ਬੋਰਡਾਂ ਵੱਲੋਂ ਲਾਗੂ ਕੀਤੀਆਂ ਗਈਆਂ ਕਈ ਪ੍ਰਕਾਰ ਦੀਆਂ ਭਲਾਈ ਸਕੀਮਾਂ ਵਿਚ ਵਰਤੀ ਜਾਂਦੀ ਹੈ। ਇਸ ਦਾਨ ਰਾਸ਼ੀ ਵਿਚੋਂ ਵਿਧਵਾਵਾਂ, ਅਪੰਗ ਸੈਨਿਕਾਂ, ਉਨ੍ਹਾਂ ਦੇ ਆਸ਼ਰਿਤਾਂ ਅਤੇ ਸੇਵਾ ਕਰ ਰਹੇ ਸੈਨਿਕਾਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ। ਤਕਰੀਬਨ ਇੱਕ ਕਰੋੜ ਤੋਂ ਜ਼ਿਆਦਾ ਵਿਅਕਤੀ ਇਸ ਰਾਸ਼ੀ ਤੋਂ ਲਾਭ ਪ੍ਰਾਪਤ ਕਰਦੇ ਹਨ। ਭਾਰਤ ਸਰਕਾਰ ਦੇ ਇਨਕਮ ਟੈਕਸ ਵਿਭਾਗ ਵੱਲੋਂ ਇਸ ਦਿਨ ਸਬੰਧੀ ਇਕੱਤਰ ਕੀਤੀ ਰਾਸ਼ੀ ਟੈਕਸ ਤੋਂ ਵੀ ਮੁਕਤ ਹੈ। ਭਾਰਤ ਦੇ ਸਮੂਹ ਸਕੂਲਾਂ ਦੇ ਵਿਦਿਆਰਥੀਆਂ ਨੂੰ ਵੀ ਵਿਭਾਗ ਵੱਲੋਂ ਝੰਡੇ ਦੇ ਸਟੀਕਰ ਭੇਜ ਕੇ ਥੋੜ੍ਹੀ ਥੋੜ੍ਹੀ ਸੇਵਾ ਇਕੱਤਰ ਕੀਤੀ ਜਾਂਦੀ ਹੈ।

ਹੁਣ ਤੱਕ ਭਾਰਤ ਦੀਆਂ ਪਾਕਿਸਤਾਨ, ਚੀਨ ਆਦਿ ਦੇਸ਼ਾਂ ਨਾਲ ਹੋਈਆਂ ਜੰਗਾਂ ਦੌਰਾਨ ਅਸੀਂ ਆਪਣੇ ਬਹੁਤ ਸਾਰੇ ਫੌਜੀ ਜਵਾਨ, ਯੋਧੇ, ਵੀਰ, ਮਾਂਵਾਂ ਦੇ ਲਾਡਲੇ ਪੁੱਤ, ਪਤਨੀਆਂ ਦੇ ਪਤੀ, ਬੱਚਿਆਂ ਦੇ ਪਿਤਾ, ਭੈਣਾਂ ਦੇ ਵੀਰ ਖੋ ਚੁੱਕੇ ਹਾਂ। ਹਜ਼ਾਰਾ ਸੈਨਿਕ ਜਖਮੀ ਹੋ ਚੁੱਕੇ ਹਨ। ਫਲੈਗ ਦਿਵਸ ਮੌਕੇ ਅਸੀਂ ਉਨ੍ਹਾਂ ਦੀ ਕੁਰਬਾਨੀ ਨੂੰ ਯਾਦ ਕਰਦੇ ਹਾਂ ਅਤੇ ਸਲਾਮ ਕਰਦੇ ਹਾਂ, ਉਨ੍ਹਾਂ ਪਰਿਵਾਰਾਂ ਨੂੰ ਜਿਨ੍ਹਾਂ ਦੇ ਲਾਡਲਿਆਂ ਨੇ ਦੇਸ਼ ਲਈ ਕੁਰਬਾਨੀ ਦਿੱਤੀ। ਅੱਜ ਦੇ ਦਿਨ ਫਲੈਗ ਡੇ ਮੌਕੇ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਆਪਣੀ ਨੇਕ ਕਮਾਈ ਵਿਚੋਂ ਕੁਝ ਹਿੱਸਾ ਇਨ੍ਹਾਂ ਪਰਿਵਾਰਾਂ ਲਈ ਦਾਨ ਕਰੀਏ, ਤਾਂ ਕਿ ਸਰਕਾਰ ਵੱਲੋਂ ਇਨ੍ਹਾਂ ਜ਼ਖਮੀ ਸੈਨਿਕਾਂ ਅਤੇ ਸ਼ਹੀਦਾਂ ਦੇ ਪਰਿਵਾਰਾਂ ਨੂੰ ਵੀ ਸਾਡੇ ਵਾਂਗ ਇਸ ਆਜ਼ਾਦੀ ਦਾ ਨਿੱਘ ਪ੍ਰਾਪਤ ਹੋ ਸਕੇ ।

ਕਈ ਲੋਕ ਹੁਣ ਵੀ ਪਾਕਿਸਤਾਨ ਨਾਲ ਜੰਗ ਚਾਹੁੰਦੇ ਹਨ। ਮੰਨਿਆ ਕਿ ਭਾਰਤ ਪਾਕਿਸਤਾਨ ਤੋ ਫੌਜੀ ਤਾਕਤ 'ਚ ਬਹੁਤ ਜ਼ਿਆਦਾ ਤਾਕਤਵਰ ਹੈ ਪਰ ਇਹ ਵੀ ਨਹੀਂ ਕਿਹਾ ਜਾ ਸਕਦਾ ਕਿ ਉਹ ਬਿਲਕੁਲ ਨਿਹੱਥੇ ਨੇ। ਦੁਸ਼ਮਨ ਕਿੰਨਾ ਵੀ ਕਮਜ਼ੋਰ ਕਿਉਂ ਨਾ ਹੋਵੇ, ਵਾਰ ਤਾਂ ਕਰਦਾ ਹੀ ਹੈ ਤੇ ਉਸ ਵਾਰ ਨਾਲ ਜੋ ਨੁਕਸਾਨ ਹੋਣਾ, ਉਹ ਤਾਂ ਸਾਨੂੰ ਹੀ ਝੱਲਣਾ ਪੈਣਾ। ਸਾਡੇ ਸੈਂਕੜੇ ਸੈਨਿਕ ਹੁਣ ਤੱਕ ਸ਼ਹੀਦ ਹੋ ਚੁੱਕੇ ਹਨ, ਕਈ ਅਪੰਗ ਹੋ ਚੁੱਕੇ ਹਨ।

ਅਸੀਂ ਬੜੇ ਭਾਵੁਕ ਲੋਕ ਹਾਂ, ਜਦੋਂ ਕਿਸੇ 'ਤੇ ਦੁੱਖ ਆਉਂਦਾਂ ਹੈ, ਓਦੋਂ ਅਸੀਂ ਸਾਰੇ ਇੱਕਜੁੱਟ ਹੋ ਕੇ ਦੁੱਖ ਨੂੰ ਸਹਿਣ ਵਿਚ ਇੱਕ ਦੂਸਰੇ ਦੀ ਮਦਦ ਕਰਦੇ ਹਾਂ ਪਰ ਅਸੀਂ ਅਪਣੀ ਵਿਅਸਤ ਮਾਨਸਿਕਤਾ ਦੇ ਵੀ ਸ਼ਿਕਾਰ ਹਾਂ। ਜੋ ਸਮਾਂ ਪੈ ਜਾਣ ਨਾਲ ਸਭ ਕੁੱਝ ਭੁੱਲਣ 'ਚ ਵੀ ਸਾਡੀ ਇਨਸਾਨੀ ਜ਼ਿੰਦਗੀ ਨੂੰ ਅੱਗੇ ਤੋਰਨ 'ਚ ਸਹਾਈ ਹੁੰਦੀ ਹੈ। ਸਾਡੀ ਇਸ ਮਨਬਿਰਤੀ ਦਾ ਜੋ ਅੰਜਾਮ ਹੈ, ਉਸ ਦਾ ਇੱਕ ਪਹਿਲੂ ਇਹ ਵੀ ਹੈ ਕਿ ਅੱਜ ਤੱਕ ਜਿੰਨੇ ਵੀ ਸ਼ਹੀਦ ਹੋਏ ਨੇ ਕਿਸੇ ਵੀ ਜੰਗ ਲੜਨ 'ਚ, ਉਨ੍ਹਾਂ ਦੇ ਪਰਿਵਾਰਾਂ ਦੀ ਸਾਰ ਸਾਡੇ 'ਚੋਂ ਕਿੰਨਿਆ ਕੁ ਨੇ ਲਈ ਹੈ। ਜੋ ਰੱਟ ਲਗਾਈ ਬੈਠੇ ਨੇ ਜੰਗ ਦੀ, ਪਾਕਿਸਤਾਨ ਨੂੰ ਸਬਕ ਸਿਖਾਉਣ ਦੀ, ਉਹ ਕਦੀ ਉਸ ਬੁੱਢੀ ਮਾਂ ਦੀ ਅੱਖਾਂ ਦੀ ਚਮਕ ਨੂੰ ਵੇਖਕੇ ਆਏ ਨੇ ? ਜੋ ਅੱਜ ਦਰਵਾਜ਼ੇ ਦੇ ਜ਼ਰਾ ਜਿੰਨੇ ਖੜਕਨ ਤੇ ਉਸ ਦੇ ਜਿਗਰ ਦੇ ਟੁਕੜੇ ਨੂੰ ਤਲਾਸ਼ਦੀ ਹੈ ਤੇ ਅਪਣੇ ਪੁੱਤਰ ਨੂੰ ਨਾਂ ਪਾਕੇ ਦਰਵਾਜੇ ਤੇ ਇੱਕ ਕਤਰਾ ਲਹੂ ਦਾ ਬਣ ਅੱਖ ਵਿਚੋਂ ਦੀ ਹੁੰਦਾ ਹੋਇਆ, ਸਿੱਧਾ ਦਿਲ 'ਚ ਛੇਕ ਕਰਦੈ। ਕੋਈ ਦੇਖ ਕੇ ਆਇਐ ਉਸ ਬਾਪ ਦੇ ਮੋਢਿਆਂ ਨੂੰ ਜੋ ਕਦੋਂ ਦਾ ਅਪਣਾ ਸਾਰਾ ਬੋਝ ਪੁੱਤਰ ਦੇ ਮੋਢਿਆਂ 'ਤੇ ਪਾਉਣ ਨੂੰ ਉਤਾਵਲੇ ਸਨ ਤੇ ਹੁਣ ਪੁੱਤਰ ਦੀ ਅਰਥੀ ਦੇ ਬੋਝ ਨੇ ਤੇ ਘਰ ਦੇ ਬੋਝ ਨੇ ਮੋਢਿਆਂ 'ਤੇ ਜ਼ਿੰਦਗੀ ਨੂੰ ਢੋਣ ਦਾ ਬੋਝਾ ਪਾ ਦਿੱਤਾ ਗਿਆ ? ਕਿਸੇ ਦੀ ਨਜ਼ਰ ਉਸ ਭੈਣ ਦੀ ਬਾਂਹ 'ਤੇ ਪਈ ਹੈ, ਜੋ ਆਪਣੇ ਆਪ ਨੂੰ ਮਹਿਫੂਜ਼ ਹੋਣ ਦੀ ਤੱਸਲੀ ਦੇਣ ਲਈ ਉਹ ਰੱਖੜੀ ਜੋ ਅਪਣੇ ਭਰਾ ਲਈ ਲੈ ਕੇ ਆਈ ਸੀ, ਉਸ ਨੂੰ ਆਪਣੇ ਗੁੱਟ 'ਤੇ ਬੰਨ੍ਹੀ ਫਿਰਦੀ ਹੈ ? ਉਹ ਵਿਹਾਂਦੜ ਜੋ ਸ਼ਗਨਾਂ ਦਾ ਚੂੜਾ ਪਾ ਅਰਮਾਨਾਂ ਦੀ ਸੇਜ 'ਤੇ ਆ ਬੈਠੀ ਸੀ, ਸਜਾ ਕੇ ਸੂਹੇ ਕੂਲੇ ਜਿਹੇ ਸੁਪਨੇ ਜਿੰਨਾ ਨੂੰ ਪੂਰਾ ਕਰਵਾਉਣਾ ਚਾਹੁੰਦੀ ਸੀ ਮਾਹੀ ਤੋਂ, ਤੇ ਉਨ੍ਹਾਂ ਅਰਮਾਨਾਂ ਦੀ ਸੇਜ ਦਾ ਬਾਲਣ ਬਣਾ ਕਿੱਦਾਂ ਪਾਇਆ, ਹੋਣਾ ਸੁਰਖ ਕੂਲੇ ਚਾਵਾਂ 'ਤੇ ? ਕਿੱਦਾਂ ਆਪਣੇ ਬੱਚੇ ਦੇ ਸੁਆਲਾਂ ਦਾ ਜੁਆਬ ਲੋਚਦੀ ਹੋਣੀ, ਕਿੱਦਾਂ ਲੋਕਾਂ ਦੀਆਂ ਗੰਦੀਆਂ ਨਜ਼ਰਾਂ ਦਾ ਸਾਹਮਣਾ ਕਰਦੀ ਹੋਣੀ, ਕਿੱਦਾਂ ਆਪਣੇ ਬੁੱਢੇ ਮਾਂ-ਬਾਪ ਨੂੰ ਮਰ ਚੁੱਕੇ ਅਰਮਾਨਾਂ ਦੇ ਬਾਵਜੂਦ ਵੀ ਹੱਸ ਕੇ ਵਿਖਾਉਂਦੀ ਹੋਣੀ ? ਨਹੀਂ ਕਿਸੇ ਨੇ ਕੁੱਝ ਨਹੀਂ ਤੱਕਿਆ ਅਸੀਂ ਤਾਂ ਸਿਰਫ ਅਪਣੀਆਂ ਭਾਵਨਾਵਾਂ ਨੂੰ ਜਾਣਦੇ ਹਾਂ। ਫੇਸਬੁੱਕ, ਵਟਸਐਪ, ਇੰਸਟਾਗਰਾਮ, ਟਵਿੱਟਰ ਆਦਿ ਸੋਸ਼ਲ ਮੀਡੀਆ 'ਤੇ ਅਸੀਂ ਸ਼ਹੀਦਾਂ ਨੂੰ ਸਲਾਮਾਂ ਠੋਕ ਸਕਦੇ ਹਾਂ। ਫੌਜੀ ਵੀਰਾਂ ਨੂੰ ਸ਼ਹੀਦ ਕਰਵਾਉਣ ਲਈ ਜੰਗ ਲਗਵਾਉਣ ਦਾ ਸਰਕਾਰਾਂ 'ਤੇ ਦਬਾਅ ਪਾ ਸਕਦੇ ਹਾਂ। ਸ਼ਹੀਦਾਂ ਲਈ ਸਰਕਾਰ ਤੋਂ ਚੰਗੇ ਸਨਮਾਨਾਂ ਚੰਗੀ ਰਾਸ਼ੀ ਦੀ ਮੰਗ ਕਰ ਸਕਦੇ ਹਾਂ ਪਰ ਜੋ ਸਾਡੇ ਲਈ ਸ਼ਹੀਦ ਹੋਏ ਨੇ, ਉਨ੍ਹਾਂ ਦੇ ਪਰਿਵਾਰਾਂ ਲਈ ਸਮਾਂ ਨਹੀਂ ਹੈ, ਸਾਡੇ ਕੋਲ, ਤੇ ਅਸੀਂ ਹੋਰ ਵੀ ਜੰਗ ਚਾਹੁੰਦੇ ਹਾਂ, ਹੋਰ ਵੀ ਸ਼ਹਾਦਤਾਂ ਚਾਹੁੰਨੇ ਹਾਂ।

ਜੰਗ ਕਦੇ ਵੀ ਇਕਤਰਫਾ ਨਹੀਂ ਹੁੰਦੀ ਤੇ ਇਸ ਦਾ ਨੁਕਸਾਨ ਦੋਹਾਂ ਧਿਰਾਂ ਨੂੰ ਹੀ ਹੋਣਾ ਹੈ। ਜਿਵੇਂ ਕਿ ਅਸੀਂ ਦੇਖਿਆ ਕਿ ਪਿਛਲੇ ਮਹੀਨੇ ਤੋਂ ਯੂਕਰੇਨ ਅਤੇ ਇਜ਼ਰਾਈਲ ਦੇਸ਼ਾਂ ਦੀ ਜੰਗ ਲੱਗੀ ਹੋਈ ਹੈ, ਜਿਸਦਾ ਕਿੰਨਾ ਜ਼ਿਆਦਾ ਨੁਕਸਾਨ ਆਮ ਲੋਕਾਂ ਨੂੰ ਭੁਗਤਨਾ ਪੈ ਰਿਹਾ ਹੈ। ਇਸ ਲਈ ਜੰਗ ਦਾ ਖਿਆਲ ਤਿਆਗ ਕੇ ਅਸੀਂ ਉਨ੍ਹਾਂ ਕਮੀਆਂ ਵੱਲ ਸਰਕਾਰ ਦਾ ਧਿਆਨ ਦਵਾਈਏ, ਜਿਨ੍ਹਾਂ ਕਰਕੇ ਐਸੇ ਹਮਲੇ ਹੋ ਜਾਂਦੇ ਨੇ। ਜੰਗ ਦੀ ਬਜਾਏ ਅਸੀਂ ਸਰਕਾਰ 'ਤੇ ਇਹ ਦਬਾਅ ਪਾਈਏ ਕਿ ਜੋ-ਜੋ ਕਮੀਆਂ ਰਹਿ ਜਾਂਦੀਆ ਨੇ, ਜੋ ਵੀ ਘਾਟਾਂ ਨੇ ਸਰਕਾਰ ਉਨ੍ਹਾਂ ਵੱਲ ਧਿਆਨ ਦੇਵੇ, ਨਾ ਕਿ ਜੰਗ ਲੜਨ ਵੱਲ। ਅੱਜ ਅਸੀਂ ਮੈਟਰੋ 'ਤੇ ਸਫਰ ਕਰ ਰਹੇ ਹਾਂ। ਬੁਲੇਟ ਟ੍ਰੇਨ ਵੱਲ ਵੇਖ ਰਹੇ ਹਾਂ। ਹਵਾਈ ਜਹਾਜ਼ਾਂ 'ਤੇ ਸਫ਼ਰ ਕਰ ਰਹੇ ਹਾਂ। 4ਜੀ 5ਜੀ ਇੰਟਰਨੈਟ ਵਰਤ ਰਹੇ ਹਾਂ, ਇਹ ਸਭ ਦੇਸ਼ 'ਚ ਸ਼ਾਂਤੀ ਦੇ ਮਾਹੌਲ ਹੋਣ ਕਰਕੇ ਹੀ ਸੰਭਵ ਹੋਇਆ ਹੈ। ਇਸ ਲਈ ਅਸੀਂ ਭਾਵੁਕ ਹੋ ਕੇ ਆਪਣੇ ਦਿਮਾਗ ਤੋਂ ਕੰਮ ਲੈਂਦੇ ਹੋਏ ਸਹੀ ਫੈਸਲਾ ਲੈਣਾ ਹੈ ਕਿ ਜੰਗ ਕਿਸੇ ਸਮੱਸਿਆ ਦਾ ਹੱਲ ਨਹੀਂ।

ਅਸੀਂ ਸਿਰਫ ਅਪਣੇ ਦੇਸ਼ ਨੂੰ ਇੱਕ ਸੂਤਰ 'ਚ ਪਿਰੋਣ ਦਾ ਯਤਨ ਕਰੀਏ, ਸਭ ਨੂੰ ਸੁਰੱਖਿਅਤ ਮਾਹੌਲ ਦੇਣ ਦਾ ਯਤਨ ਕਰੀਏ, ਜੰਗ ਦਾ ਖਿਆਲ ਸਾਡੇ ਖਿਆਲ 'ਚ ਵੀ ਨਾ ਆਵੇ। ਸਾਨੂੰ ਲੋੜ ਹੈ ਆਪਸੀ ਪਿਆਰ, ਭਾਈਚਾਰੇ ਮਿਲਵਰਤਨ ਦੀ ਅਤੇ ਸ਼ਹੀਦ ਹੋਏ ਅਤੇ ਜ਼ਖਮੀ ਹੋਏ ਸਾਡੇ ਫੌਜੀ ਜਵਾਨਾਂ ਦੇ ਪਰਿਵਾਰਾਂ ਨਾਲ ਹਮਦਰਦੀ ਕਰਦੇ ਹੋਏ, ਉਨ੍ਹਾਂ ਦੀ ਵੱਧ ਤੋਂ ਵੱਧ ਸਹਾਇਤਾ ਕਰਨ ਦੀ। ਅੱਜ ਦੇ ਦਿਨ ਫਲੈਗ ਡੇਅ ਮੌਕੇ ਮੈਂ ਸਲਾਮ ਕਰਦਾ ਹਾਂ, ਉਨ੍ਹਾਂ ਸਾਰੇ ਫੌਜੀਆਂ ਨੂੰ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਜੋ ਸਾਡੇ ਦੇਸ਼ ਲਈ ਸ਼ਹੀਦ ਹੋਏ ਹਨ ਜਾਂ ਜ਼ਖਮੀ ਹੋਏ ਹਨ ਤੇ ਜੋ ਸੈਨਿਕ ਵੀਰ ਅੱਜ ਵੀ ਸਾਡੇ ਸਿਵਲੀਅਨਜ਼ ਲਈ ਰਾਖੀ ਕਰ ਰਹੇ ਹਨ। ਮੈਂ ਪ੍ਰਮਾਤਮਾ ਦੇ ਚਰਨਾਂ ਵਿਚ ਅਰਦਾਸ ਬੇਨਤੀ ਕਰਦਾਂ ਹਾਂ ਕਿ ਸਾਡੇ ਦੇਸ਼ ਦੇ ਸਮੂਹ ਸੈਨਿਕਾਂ, ਸਾਬਕਾ ਸੈਨਿਕਾਂ, ਸ਼ਹੀਦਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਅਤੇ ਦੇਸ਼ਵਾਸੀਆਂ ਨੂੰ ਪ੍ਰਮਾਤਮਾ ਤੰਦਰੁਸਤੀ, ਹਰ ਤਰ੍ਹਾਂ ਦੇ ਸੁੱਖ, ਖੁਸ਼ੀਆਂ ਅਤੇ ਸਹੂਲਤਾਂ ਬਖਸ਼ੇ, ਤਾਂ ਕਿ ਉਹ ਅੰਤਿਮ ਸਵਾਸ ਤੱਕ ਦੇਸ਼ ਲਈ ਸੇਵਾਵਾਂ ਨਿਭਾ ਸਕਣ ਅਤੇ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਰਹਿੰਦੀ ਦੁਨੀਆਂ ਤੱਕ ਲੋਕ ਸਲਾਮ ਕਰਨ।

## ਜੂਆ

### ਕੰਡੇ ਦਾ ਕੰਡਾ

-ਡਾ ਅਮਰੀਕ ਸਿੰਘ ਕੰਡਾ
1764, ਗੁਰੂ ਰਾਮ ਦਾਸ ਨਗਰ
ਨੇੜੇ ਨੈਸ਼ਲੇ ਮੋਗਾ
98557-35666
(Punjab Mail USA)



ਟੀ.ਵੀ. 'ਚ ਮਹਾਂਭਾਰਤ ਨਾਂ ਦਾ ਸੀਰੀਅਲ ਚੱਲ ਰਿਹਾ ਸੀ। ਮੈਂ ਵੇਖ ਕੇ ਹੈਰਾਨ ਹੋ ਗਿਆ। ਇਸ ਐਪੀਸੋਡ 'ਚ ਕੌਰਵਾਂ ਨਾਲ ਪਾਂਡਵ ਜੂਆ ਖੇਡਣ ਲੱਗੇ, ਤਾਂ ਦਰੋਪਤੀ ਨੇ ਪਾਂਡਵਾਂ ਨੂੰ ਪਾਸੇ ਬੈਠਣ ਲਈ ਕਿਹਾ ਤੇ ਖੁਦ ਕੌਰਵਾਂ ਨਾਲ ਜੂਆ ਖੇਡਣ ਲੱਗੀ। ਉਹ ਵੀ ਪਾਂਡਵਾਂ ਵਾਂਗ ਜੂਏ 'ਚ ਸਭ ਕੁੱਝ ਹਾਰ ਗਈ ਤੇ ਖੜ੍ਹੀ ਹੋ ਗਈ ਤੇ ਬੋਲੀ।

"ਮੇਰੇ ਕੋਲ ਕੁੱਛ ਨਹੀਂ ਬਚਿਆ, ਮੈਂ ਸਭ ਕੁਛ ਹਾਰ ਗਈ"॥

"ਤੂੰ ਖੜੀ ਕਿਉਂ ਹੋ ਗਈ, ਤੇਰੇ ਕੋਲ ਤਾਂ ਪੰਜ-ਪੰਜ ਪਤੀ ਨੇ, ਇਨ੍ਹਾਂ ਨੂੰ ਦਾਅ 'ਤੇ ਲਾਅ"॥ਦਰਯੋਧਨ ਦੀ ਆਵਾਜ਼ ਆਈ।

"ਮੈਂ ਏਨੀ ਬੇਗੈਰਤ ਤੇ ਬੇਵਕੂਫ ਨਹੀਂ, ਜਿਹੜੀ ਆਪਣੇ ਜੀਵਨ ਸਾਥੀ ਨੂੰ ਦਾਅ 'ਤੇ ਲਾਅ ਦੇਵਾਂ। ਇਹ ਜੂਆ ਵੀ ਮੈਂ ਇਨ੍ਹਾਂ ਨੂੰ ਸਬਕ ਸਿਖਾਉਣ ਲਈ ਖੇਡਿਆ ਸੀ। ਜੂਆ ਕਿਸੀ ਕਾ ਨਾ ਹੂਆ"। ਦਰੋਪਤੀ ਨੇ ਪੂਰੇ ਗੁੱਸੇ 'ਚ ਆਪਣੇ ਪਤੀਆਂ ਵੱਲ ਵੇਖਿਆ, ਜਿਹੜੇ ਸ਼ਰਮ ਨਾਲ ਨੀਵੀਂ ਪਾਈ ਬੈਠੇ ਸਨ। ਤਦੇ ਮੇਰੀ ਘਰਵਾਲੀ ਮੈਨੂੰ ਕਹਿੰਦੀ, ਉੱਠੋ ਅੱਜ ਆਫ਼ਿਸ ਨਹੀਂ ਜਾਣਾ, ਸੂਰਜ ਗੋਡੇ-ਗੋਡੇ ਚੜ੍ਹਿਆ ਪਿਆ।

## ਭਾਈ ਮਰਦਾਨਾ ਜੀ (1459-1534)


ਭਾਈ ਰਬਾਬੀ ਮਰਦਾਨਾ ਜੀ, ਗੁਰੂ ਨਾਨਕ ਦੇ ਮੀਤ ਹੋ ਗਏ।
ਦੁਨੀਆਂ ਭਾਵੇਂ ਡੂਮ ਆਖਦੀ, ਸਤਗੁਰ ਲਈ ਸੰਗੀਤ ਹੋ ਗਏ।
ਸਾਰਾ ਜੀਵਨ ਸਾਥ ਨਿਭਾਇਆ, ਪ੍ਰੀਤਮ ਦੇ ਨਾਲ ਪ੍ਰੀਤ ਹੋ ਗਏ।
ਗੁਰਬਾਣੀ ਨੂੰ ਗਾਉਂਦੇ ਗਾਉਂਦੇ, ਆਪ ਇਲਾਹੀ ਗੀਤ ਹੋ ਗਏ।

ਡੂਮ ਪੈਂਦੀ ਸੀ ਸਾਰੀ ਵਾੜੀ, ਐਸੀ ਰਬਾਬ ਵਜਾਈ ਦੇਖੋ
ਗੁਰੂ ਵਾਂਗ ਹੀ ਅਮਰ ਹੋ ਗਏ, ਗੁਰੂ ਨਾਨਕ ਦੇ ਭਾਈ ਦੇਖੋ
ਸਿੱਖੀ ਦੀ ਸਭ ਤੋਂ ਹੀ ਮਹਿੰਗੀ, ਪਾਈ ਦਾਤ ਸਵਾਈ ਦੇਖੋ
ਸ਼ਬਦ ਸੁਰਤ ਦਾ ਮੇਲ ਹੋ ਗਿਆ, ਐਸੀ ਤਾਲ ਮਿਲਾਈ ਦੇਖੋ

ਸਤਗੁਰ ਸੰਗ ਭਾਈ ਮਰਦਾਨਾ, ਵਰ੍ਹਿਆਂਬੱਧੀ ਕਰਨ ਉਦਾਸੀ
ਵਰ੍ਹਿਆਂ ਬੱਧੀ ਰਹਿ ਦੌਰੇ 'ਤੇ, ਜੀਅ ਨਾ ਹੋਇਆ ਸੀ ਪ੍ਰਵਾਸੀ
ਵਲੀ ਕੰਧਾਰੀ ਜਏ ਹਮਲੇ ਹੋਏ, ਸਤਗੁਰ ਦਿੰਦੇ ਰਹੇ ਦਿਲਾਸੀ
ਭਾਈ ਮਰਦਾਨੇ ਦੇ ਚਿਹਰੇ 'ਤੇ, ਚੜ੍ਹਿਆ ਰੰਗ ਆਤਮ ਪ੍ਰਗਾਸੀ

ਬ੍ਰਾਹਮਣ, ਜੋਗੀ ਤੇ ਮੁੱਲਾਂ ਜੀ, ਦੇਖਦੇ ਰਹਿ ਗਏ ਸਾਥ ਨੂਰਾਨੀ
ਰੱਬ ਦੇ ਘਰ ਕੋਈ ਊਚ ਨੀਚ ਨਾ, ਉਹ ਕੀ ਜਾਨਣ ਰਾਜ਼ ਰੂਹਾਨੀ
ਧੰਨ ਗੁਰ ਨਾਨਕ ਜੀ ਦੀ ਗੁਰਮਤ, ਸਾਂਝੀ ਹੈ ਸਭ ਦੀ ਇਨਸਾਨੀ
ਗੁਰੂ ਜੀ ਦੀ ਕਿਰਪਾ ਦੇ ਨਾਲ, ਕਿਰਤੀ ਵੀ ਹੋ ਗਏ ਧੰਨਵਾਨੀ

ਭਾਈ ਮਰਦਾਨਾ ਜਏ ਸਿੱਖਾਂ ਦੀ, ਸਿੱਖੀ ਨੂੰ ਹੈ ਲੋੜ ਦੁਬਾਰਾ,
ਸਾਨੂੰ ਸਭ ਨੂੰ ਗਾਉਣਾ ਆਵੇ, ਗੁਰਸਿੱਖੀ ਦਾ ਰਾਗ ਨਿਆਰਾ
ਸੁਰ ਤਾਲ ਗੁਰਸ਼ਬਦੀ ਸੁਰਤੀ, ਕੁਦਰਤ ਵੀ ਦੇਵੇ ਹੁੰਗਾਰਾ
ਗੁਰਸਿੱਖਾਂ ਦੀਆਂ ਸਾਖੀਆਂ ਪੜ੍ਹ ਕੇ, ਢੇਸੀ ਹੋ ਜਾ ਸਿੱਖ ਨਿਆਰਾ।



-ਕੁਲਵੰਤ ਸਿੰਘ ਢੇਸੀ

ਪੰਜਾਬ ਮੇਲ USA

## ਸੁੱਕੇ ਰੁੱਖ ਤੇ ਪੀਘਾਂ

ਕਾਹਦਾ ਮਾਣ ਦੌਲਤਾਂ ਆਈਆਂ ਦਾ
ਸੁੱਕੇ ਰੁੱਖ 'ਤੇ ਪੀਂਘਾਂ ਪਾਈਆਂ ਦਾ
ਤੇਰੀ ਜੜ੍ਹ ਧਰਤੀ 'ਤੇ ਲੱਗੀ ਏ
ਰੁੱਖਾ ਮਾਣ ਨਾ ਕਰੀਂ ਉਚਾਈਆਂ ਦਾ

ਪਾਣੀ ਥੱਲਿਓਂ ਚੱਕਦੇ ਬੱਦਲ ਵੀ
ਕਦੇ ਮਾਣ ਨਾ ਕਰੀਂ ਉਚਾਈਆਂ ਦਾ
ਅੰਤ ਹੁੰਦਾ ਆਖਰ ਧਰਤੀ 'ਤੇ
ਇਨ੍ਹਾਂ ਗੁੱਡੀਆਂ ਸ਼ਿਖਰ ਚੜ੍ਹਾਈਆਂ ਦਾ

ਪੱਤਝੜਾਂ 'ਚ ਪੱਤੇ ਸੁੱਕ ਜਾਂਦੇ
ਰੁੱਖਾ ਮਾਣ ਨਾ ਕਰ, ਹਰਿਆਈਆਂ ਦਾ
ਕਿਸੇ ਅੰਤ ਨਾ ਪਾਇਆ ਸ਼ਿਖਰਾਂ ਦਾ
ਉਹਦੀ ਹੋਂਦ ਦੀਆਂ, ਗਹਿਰਾਈਆਂ ਦਾ

ਓਹਨੂੰ ਫਿਕਰ ਹੈ ਹਰਿਆਂ ਬੇਲਿਆਂ ਦਾ
ਉਹਨੂੰ ਖਿਆਲ ਹੈ ਸੁੱਕੀਆਂ ਕਾਹੀਆਂ ਦਾ
ਫਿੱਟ ਲਾਅਣਤ ਪਵੇ ਬੁਰਾਈਆਂ ਨੂੰ
ਮੁੱਲ ਪੈਂਦਾ ਸਦਾ ਭਲਾਈਆਂ ਦਾ

ਖਹਿੜਾ ਅੰਤ ਨੂੰ ਛੱਡਣਾ ਪੈਣਾ ਏ
ਤਨ ਦੀਆਂ ਗਰਮ ਰਜਾਈਆਂ ਦਾ
ਨਾ ਡਾਣਸੀਵਾਲੀਆ ਮਾਣ ਕਰੀਂ
ਤੂੰ ਹਵਾ 'ਚ ਮੰਜੀਆਂ ਡਾਹੀਆਂ ਦਾ



-ਕੁਲਵੀਰ ਸਿੰਘ ਡਾਨਸੀਵਾਲ, ਸਰੀ,
ਬੀ.ਸੀ. ਕੈਨੇਡਾ
778-863-2472

ਪੰਜਾਬ ਮੇਲ USA

## ਅਧਿਆਪਕ ਸਾਡੇ ਗੁਰੂ

ਅਧਿਆਪਕ ਸਾਡੇ ਗੁਰੂ ਕਹਾਉਂਦੇ
ਮਿਹਨਤਾਂ ਨਾਲ ਰਾਹ ਰੁਸ਼ਨਾਉਂਦੇ।
ਮਨ ਸਾਡੇ ਦੀਆਂ ਬਾਤਾਂ ਪੜ੍ਹਦੇ
ਸਭ ਗੁਣ ਸਾਡੇ ਕੱਢ ਦਿਖਾਉਂਦੇ।
ਸਭ ਨਾਲ ਇੱਕੋ ਕਰਨ ਵਿਹਾਰ
ਜਾਤ-ਪਾਤ ਦੇ ਭੇਦ ਮਿਟਾਉਂਦੇ।
ਜੱਜ ਵਕੀਲ ਡਾਕਟਰ ਸਾਰੇ
ਲੀਡਰ ਤੇ ਵਿਗਿਆਨੀ ਬਣਾਉਂਦੇ।
ਗਿਆਨ ਦੇ ਸਾਗਰ ਬਣ ਕੇ ਆਪ
ਬੇੜੇ ਸਾਡੇ ਬੰਨ੍ਹੇ ਲਾਉਂਦੇ।
ਕਲਾ ਦੇ ਜੋ ਮਾਹਿਰ ਅਧਿਆਪਕ
ਜੀਵਨ ਦੀ ਉਹ ਕਲਾ ਸਿਖਾਉਂਦੇ।
ਜਿਹੜੇ ਕਰਨ ਸਤਿਕਾਰ ਗੁਰੂ ਦਾ
ਉਹੀ ਉੱਚੇ ਰੁਤਬੇ ਪਾਉਂਦੇ।
ਹੱਟੀਆਂ ਪਾ ਜੋ ਖੱਟਦੇ ਖੱਟੀ
ਉਹ ਵੀ ਗੁਰੂਆਂ ਦੇ ਗੁਣ ਗਾਉਂਦੇ।
ਬਾਲ ਮਨਾਂ ਦੀ ਕਰਦੇ ਖੇਤੀ
ਗੁਣ ਭਰਪੂਰ ਨੇ ਫਸਲ ਉਗਾਉਂਦੇ।
ਕਰਦੇ ਜੋ ਸਤਿਕਾਰ ਉਨ੍ਹਾਂ ਦਾ
ਹਰ ਥਾਂ ਉਹ ਨੇ ਜਸ ਕਮਾਉਂਦੇ।
ਦੇਸ਼ ਕੌਮ ਜੋ ਕਰੇ ਤਰੱਕੀ
ਸਿਹਰਾ ਅਧਿਆਪਕ ਸਿਰ ਸਜਾਉਂਦੇ।
ਰੱਬ ਤੋਂ ਪਹਿਲਾਂ ਅਧਿਆਪਕ ਸਾਡੇ
ਤੀਸਰਾ ਨੇਤਰ ਖੋਲ੍ਹ ਦਿਖਾਉਂਦੇ।
ਅਧਿਆਪਕ ਦਾ ਜੋ ਕਹਿਣਾ ਮੰਨਦੇ
ਉੱਚੀਆਂ ਮੰਜ਼ਲਾਂ 'ਮਾਨ' ਉਹ ਪਾਉਂਦੇ ।



-ਬਲਜਿੰਦਰ ਮਾਨ
98150-18947
ਸੰਪਾਦਕ ਨਿੱਕੀਆਂ ਕਰੂੰਬਲਾਂ
ਮਾਹਿਲਪੁਰ (ਹੁਸ਼ਿਆਰਪੁਰ)

ਪੰਜਾਬ ਮੇਲ USA

## ਧੰਨ ਦਸ਼ਮੇਸ਼ ਪਿਤਾ

ਤੇਗ਼ ਬਹਾਦਰ ਗੁਰੂ ਪਿਤਾ, ਤੇ ਮਾਂ ਗੁਜਰੀ ਦੇ ਜਾਏ।
ਪਟਨਾ ਸ਼ਹਿਰ 'ਚ ਜਨਮ ਲਿਆ, ਮੇਰੇ ਧੰਨ ਸ੍ਰੀ ਗੋਬਿੰਦ ਰਾਏ।

ਪੰਜ ਸਾਲ ਦੀ ਉਮਰ ਸੀ ਕੇਵਲ, ਜਦੋਂ ਅਨੰਦਪੁਰ ਆਏ
ਚੋਜੀ ਪ੍ਰੀਤਮ ਨੇ ਕੀ ਆਖਾਂ, ਕੀ-ਕੀ ਚੋਜ ਵਿਖਾਏ।

ਹਿੰਦੂ ਧਰਮ ਬਚਾਵਣ ਦੇ ਲਈ, ਪਿਤਾ ਤੋਰਿਆ ਦਿੱਲੀ
ਤੇਗ਼ ਬਹਾਦਰ ਦਿੱਤੀ ਸ਼ਹਾਦਤ, ਖ਼ਲਕਤ ਸਾਰੀ ਹਿੱਲੀ।

ਬਾਲ-ਵਰੇਸੇ ਗੁਰੂ ਸਾਹਿਬ ਨੇ, ਸ਼ਸਤਰ ਵਿੱਦਿਆ ਸਿੱਖੀ
ਡਰੇ ਪਹਾੜੀ ਰਾਜੇ ਐਸੇ, ਤੇਗ਼ ਵਾਹੀ ਉਹ ਤਿੱਖੀ।

ਤੇਤੀ ਵਰ੍ਹੇ ਦੀ ਉਮਰੇ ਗੁਰੂ ਜੀ, ਅੰਮ੍ਰਿਤ ਤਿਆਰ ਕਰਾਇਆ
ਮਜ਼ਲੂਮਾਂ ਨੂੰ ਉੱਚਾ ਚੁੱਕਿਆ, ਗਿਦੜੋਂ ਸ਼ੇਰ ਬਣਾਇਆ।

'ਪੰਜ ਪਿਆਰੇ' ਸਾਜ ਸਿੱਖਾਂ ਨੂੰ, ਫਿਰ ਉਹ ਕੌਤਕ ਕੀਤਾ
ਗੁਰੂ ਗੋਬਿੰਦ ਨੇ 'ਚੇਲਾ' ਬਣ ਕੇ, ਘੁੱਟ ਅੰਮ੍ਰਿਤ ਦਾ ਪੀਤਾ।

ਜੰਗ ਚਮਕੌਰ ਦੋ ਵੱਡੇ ਬੇਟੇ, ਸਨ ਸ਼ਹੀਦ ਕਰਵਾਏ
ਦੋ ਛੋਟਿਆਂ ਨੂੰ ਖ਼ਾਨ ਵਜ਼ੀਰੇ, ਨੀਂਹਾਂ ਵਿਚ ਚਿਣਾਏ।

ਐਸੀ ਬਿਪਤਾ 'ਤੇ ਵੀ ਉਨ੍ਹਾਂ, ਜ਼ਰਾ ਨਾ ਸੋਗ ਮਨਾਇਆ
'ਯਾਰੜੇ ਦਾ ਸਾਨੂੰ ਸੱਥਰ ਚੰਗਾ', ਉੱਚੀ ਆਖ ਸੁਣਾਇਆ।

'ਜ਼ਫ਼ਰਨਾਮਾ' ਔਰੰਗੇ ਤਾਈਂ, ਲਿਖਿਆ ਜੋਸ਼ 'ਚ ਆ ਕੇ
ਜੇਤੂ ਚਿੱਠੀ ਪੜ੍ਹ ਔਰੰਗਾ, ਕੰਬ ਉੱਠਿਆ ਥੱਰਰਾ ਕੇ।

ਜਿੱਤੀ ਜੰਗ ਖਿਦਰਾਣੇ ਦੀ, ਤੇ ਟੁੱਟੀ ਸਿੰਘਾਂ ਦੀ ਗੰਢੀ
ਪਾੜ ਬੇਦਾਵਾ ਮਹਾਂ ਸਿੰਘ ਦਾ, ਮੰਦੀਓਂ ਕੀਤੀ ਚੰਗੀ।

ਤੁਰਦੇ-ਫਿਰਦੇ ਆਖ਼ਰ ਸਤਿਗੁਰ, ਦੇਸ਼ ਮਾਲਵਾ ਆਏ
ਤਲਵੰਡੀ ਦੀ ਬੰਜਰ ਭੂਮੀ, ਨੂੰ ਆ ਭਾਗ ਲਗਾਏ।

ਦਮਦਮਾ ਸਾਹਿਬ ਨੂੰ ਦਾਤੇ ਨੇ, ਤਖ਼ਤ ਥਾਪਿਆ ਚੌਥਾ
ਕੀਤਾ ਲੰਮਾ ਟਿਕਾਣਾ ਏਥੇ, ਵੇਲਾ ਮੁੱਕਿਆ ਔਖਾ।

ਬੈਠ ਹਜ਼ੂਰੀ ਵਿਚ ਦਾਤੇ ਦੀ, ਮਾਣ ਡੱਲੇ ਦਾ ਟੁੱਟਿਆ
ਛਕਿਆ ਅੰਮ੍ਰਿਤ, ਮੁੱਕੀ ਹਉਮੈ, ਗਰਬ ਦਾ ਭਾਂਡਾ ਫੁੱਟਿਆ।

ਬੀੜ ਗ੍ਰੰਥ ਸੰਪੂਰਨ ਕੀਤੀ, ਵਿਚ ਤਲਵੰਡੀ ਰਹਿ ਕੇ
ਮਨੀ ਸਿੰਘ ਨੂੰ ਆਪ ਲਿਖਾਇਆ, ਮੁੱਖੋਂ ਜ਼ੁਬਾਨੀ ਕਹਿ ਕੇ।

ਦਸਮ ਗ੍ਰੰਥ ਵਿਚ ਲਿਖੀ ਦਾਤੇ ਨੇ, ਕੇਵਲ ਆਪਣੀ ਬਾਣੀ
ਅਜਬ-ਅਨੋਖੀ ਉਹਦੀ ਗਾਥਾ, ਆਖਾਂ ਕਿੰਜ ਕਹਾਣੀ।

ਵਿੱਚ ਨੰਦੇੜ ਹਜ਼ੂਰ ਸਾਹਿਬ ਜਾ, ਅੰਤਿਮ ਫ਼ਤਹਿ ਬੁਲਾਈ
ਗੁਰੂ ਗ੍ਰੰਥ ਨੂੰ ਸੀਸ ਨਿਵਾ ਕੇ, ਸੌਂਪ ਦਿੱਤੀ ਗੁਰਿਆਈ।

ਸਾਲ ਬਿਆਲੀ ਰਹਿ ਦੁਨੀਆਂ ਵਿਚ, ਐਸੇ ਕੌਤਕ ਕੀਤੇ
ਜੋ ਅੜਿਆ ਸੋ ਝੜਿਆ, ਮੁਗ਼ਲਾਂ ਜ਼ਹਿਰ ਪਿਆਲੇ ਪੀਤੇ।

ਦਸਮ ਪਿਤਾ ਗੋਬਿੰਦ ਗੁਰੂ ਜੀ, ਸਨ ਇੱਕ ਮਹਾਂ ਸੈਨਾਨੀ
ਸਭ ਕੁਝ ਵਾਰ ਦਿੱਤਾ ਸੀ ਉਨ੍ਹਾਂ, ਧੰਨ ਸਨ ਸਰਬੰਸਦਾਨੀ।

ਸਭ ਧਰਮਾਂ ਦੇ, ਸਭ ਮਜ਼ਬਾਂ ਦੇ, ਕੀ ਮੁਸਲਿਮ ਕੀ ਹਿੰਦੂ
ਸਭ ਦੇ ਗੁਰੂ-ਪੀਰ ਸਨ ਸਤਿਗੁਰ, ਸਭ ਦੇ ਕੇਂਦਰ ਬਿੰਦੂ।

ਮਿੱਤਰ ਪਿਆਰਾ, ਗੁਣੀ-ਗਹੀਰਾ, ਧੰਨ ਅੰਮ੍ਰਿਤ ਦਾ ਦਾਤਾ
ਕਰ ਕਿਰਪਾ 'ਰੂਹੀ' ਤੇ ਰਹਿਬਰ, ਭੇਤ ਨਾ ਤੇਰਾ ਜਾਤਾ।



- ਪ੍ਰੋ. ਨਵ ਸੰਗੀਤ ਸਿੰਘ
-1, ਲਤਾ ਗਰੀਨ ਐਨਕਲੇਵ, ਪਟਿਆਲਾ
94176-92015

ਪੰਜਾਬ ਮੇਲ USA

## ਸੱਜਣ-ਅਖੌਤੀ ਰਿਸ਼ਤੇਦਾਰ

ਰਿਸ਼ਤਿਆਂ ਦੇ ਮਖੌਟੇ ਪਾ ਕੇ ਖੇਡਾਂ ਖੇਡੇ ਸਾਡੇ ਨਾਲ,
ਇਹ ਨਾ ਸਮਝੀਂ ਸਾਨੂੰ ਕੁਝ ਵੀ ਪਤਾ ਨਹੀਂ।
ਉੱਤੋਂ ਹੋਰ ਤੇ ਅੰਦਰੋਂ ਹੋਰ ਤੂੰ ਸੱਜਣਾ ਵੇ,
ਕਿੱਦਾਂ ਮੰਨੀਏ ਤੇਰੀ ਕੋਈ ਵੀ ਖਤਾ ਨਹੀਂ।
ਸਾਨੂੰ ਵਰਤ ਕੇ ਤੇਰਾ ਹੁਣ ਜੇ ਸਰਦਾ ਏ,
ਸਾਨੂੰ ਵੀ ਬਿਨ ਤੇਰੇ ਫਰਕ ਹੁਣ ਰਤਾ ਨਹੀਂ।
ਸਾਥ ਤੇਰਾ ਹੁਣ ਲੱਗਦਾ ਏ ਇੱਕ ਜੇਲ੍ਹ ਜਿਹਾ,
ਨਾ ਵਰਤਣ ਦਾ ਪਾਇਆ ਭਾਵੇਂ ਮਤਾ ਨਹੀਂ।
ਮੰਨਦੇ ਆਂ ਤੂੰ ਪੈਸੇ ਬਹੁਤ ਕਮਾ ਲਏ ਨੇ,
ਐਪਰ ਇੱਜ਼ਤਾਂ ਦਾ ਕੋਈ ਪਤਾ ਸਤਾ ਨਹੀਂ।
ਘਰ ਤਾਂ ਸੁਣਿਐ ਪਾ ਲਏ ਵੱਡੇ-ਵੱਡੇ ਤੂੰ,
ਪਰ ਫ਼ਾਇਦਾ ਕੀ ਜੇ ਦਿਲ ਵਿਚ ਭੋਰਾ ਜਗ੍ਹਾ ਨਹੀਂ।
'ਚੀਮਾ' ਮੁੱਢ ਕਦੀਮੋਂ ਦਿਲ ਦਾ ਰਾਜਾ ਏ,
ਤੂੰ ਜੋ ਸਮਝੇਂ! ਦਰ ਤੇਰੇ ਦਾ ਮੰਗਤਾ ਨਹੀਂ।



-ਅਮਰਬੀਰ ਸਿੰਘ ਚੀਮਾ
ਸਰਹਿੰਦ, ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ
ਮੋਬਾਈਲ ਨੰ: 98889-40211

ਪੰਜਾਬ ਮੇਲ USA

## ਦੁੱਖਾਂ ਦੇ ਤੂਫਾਨ

ਭਾਵੇਂ ਪੇਕਿਆਂ 'ਚ ਹੁੰਦੀਆਂ ਨੇ ਚਾਰ ਦਿਨ ਦੀਆਂ ਮਹਿਮਾਨ ਧੀਆਂ,
ਤਾਂ ਵੀ ਇਨ੍ਹਾਂ ਨੂੰ ਸਮਝਣ ਆਪਣੀ ਜ਼ਿੰਦ ਜਾਨ ਧੀਆਂ।
ਚੰਗਾ ਪੜ੍ਹ-ਲਿਖ ਕੇ ਉੱਚੇ ਅਹੁਦਿਆਂ 'ਤੇ ਬਿਰਾਜਮਾਨ ਹੋ ਕੇ,
ਸਮਾਜ ਵਿਚ ਬਣਾਉਣ ਆਪਣੀ ਵੱਖਰੀ ਪਹਿਚਾਨ ਧੀਆਂ।
ਆਪਣੇ ਹੱਕਾਂ ਲਈ ਉਠਾਉਣ ਆਵਾਜ਼ ਇਕੱਠੀਆਂ ਹੋ ਕੇ,
ਪਹਿਲਾਂ ਵਾਂਗ ਹੁਣ ਰਹਿਣ ਨਾ ਦੋਸਤੋ, ਬੇਜ਼ੁਬਾਨ ਧੀਆਂ।
ਪੁੱਤਾਂ ਕੋਲੋਂ ਰਹੀ ਨਾ ਉਨ੍ਹਾਂ ਨੂੰ ਹੁਣ ਆਸ ਕੋਈ ਵੀ,
ਸਹੁਰਿਆਂ ਵਾਂਗ ਮਾਪਿਆਂ ਨੂੰ ਵੀ ਦੇਣ ਸਨਮਾਨ ਧੀਆਂ।
ਜਿਨ੍ਹਾਂ ਕੰਮਾਂ ਨੂੰ ਕਰਨ ਬਾਰੇ ਬੰਦਾ ਸੋਚ ਵੀ ਨਹੀਂ ਸਕਦਾ,
ਉਨ੍ਹਾਂ ਕੰਮਾਂ ਨੂੰ ਨੇਪਰੇ ਚਾੜ੍ਹ ਕੇ ਸਭ ਨੂੰ ਕਰਨ ਹੈਰਾਨ ਧੀਆਂ।
ਇਸ ਨੂੰ ਵਗਦਾ ਦੇਖ ਕੇ ਅੱਖਾਂ 'ਚੋਂ ਹੰਝੂ ਨਾ ਕੇਰਨ,
ਦੁੱਖਾਂ ਦੇ ਤੂਫਾਨ ਨੂੰ ਰੋਕਣ ਬਣ ਕੇ ਚੱਟਾਨ ਧੀਆਂ।
ਪੇਕਿਆਂ, ਸਹੁਰਿਆਂ ਨੂੰ ਇਹ ਬਰਾਬਰ ਸਮਝਦੀਆਂ ਨੇ,
ਦੇਖ ਸਕਦੀਆਂ ਨਹੀਂ ਕਿਸੇ ਦਾ ਵੀ ਹੁੰਦਾ ਨੁਕਸਾਨ ਧੀਆਂ।



-ਮਹਿੰਦਰ ਸਿੰਘ ਮਾਨ, ਨਵਾਂ ਸ਼ਹਿਰ
ਫੋਨ : 99158-03554

ਪੰਜਾਬ ਮੇਲ USA

## ਪਾਣੀ ਦੀ ਵਿਗਿਆਨਕ ਗਾਥਾ

ਕੁੱਝ ਨਹੀਂ ਸੀ ਕਾਇਨਾਤ 'ਤੇ, ਸੀ ਚਾਰੇ ਪਾਸੇ ਖ਼ਲਾਅ।
ਹੋਇਆ ਧਮਾਕਾ ਸਭ ਮੰਨਦੇ, ਫਿਰ ਗੈਸਾਂ ਦਾ ਫੈਲਾਅ।
ਇੱਕ ਲੜੀ ਪਟਾਕਿਆਂ ਵਾਂਗੂੰ, ਪ੍ਰਮਾਣੂ ਕਿਰਿਆ ਹੋਈ।
ਇੱਕ ਦੂਜੇ ਸੰਗ ਜੁੜੇ ਅਣੂ, ਨਵੀਂ ਨਵੀਂ ਉੱਤਪਤੀ ਹੋਈ।

ਬੀਤ ਗਏ ਯੁੱਗ ਕਈ ਇੰਝ, ਬਦਲਿਆ ਗੈਸਾਂ ਨੇ ਰੂਪ।
ਬ੍ਰਹਿਮੰਡ ਦੀਆਂ ਧਰਤੀਆਂ, ਸੂਰਜਾਂ ਦਾ ਵੀ ਨਵਾਂ ਸਰੂਪ।
ਅੱਗ ਵਾਂਗੂੰ ਸੀ ਤੱਪਦੀਆਂ, ਘੁੰਮਣ ਇੱਕ ਦੂਜੇ ਨੂੰ ਖਿੱਚ।
ਜਿੰਨਾ ਜ਼ੋਰ ਜਿਸਦਾ ਚੱਲਿਆ, ਦੂਜੇ ਨੂੰ ਜਾਣਿਆਂ ਟਿੱਚ।

ਇੰਝ ਹੀ ਘੁੰਮਦੇ ਰਹੇ ਫਿਰ, ਬੀਤ ਗਏ ਅਰਬਾਂ ਸਾਲ।
ਹੌਲੀ ਹੌਲੀ ਠੰਢੇ ਹੋਏ ਗੋਲ਼ੇ, ਪਾਣੀ ਬਣਿਆ ਗੈਸਾਂ ਨਾਲ਼।
ਪਾਣੀ 'ਚ ਜੀਵਨ ਪਨਪਿਆ, ਕੁਦਰਤ ਨੇ ਕੀਤੀ ਕਮਾਲ।
ਉਪਜੀ ਬਨਸਪਤੀ ਤੇ ਜੀਵ, ਬੱਸ ਧਰਤੀ ਕਰਦੀ ਸੰਭਾਲ਼।

'ਪਵਨ ਗੁਰੂ ਪਾਣੀ ਪਿਤਾ' ਦਾ, ਪਾਇਆ ਨਾਨਕ ਤੋਂ ਮਾਣ।
ਧਰਤੀ ਬਣੀ ਮਾਤਾ, ਦਿਨ ਰਾਤ, ਦਾਈ ਦਾਇਆ ਤੂੰ ਜਾਣ।
ਪਾਣੀ ਬਿਨਾਂ ਨਾ ਜਨਮ ਹੋਵੇ, ਮਾਤ ਗਰਭ ਵੀ ਪਾਣੀ।
ਜੀਣਾ ਪਾਣੀ ਬਿਨਾਂ ਅਸੰਭਵ, ਪਾਣੀ ਬਿਨ ਖਤਮ ਕਹਾਣੀ।



ਸੇਵਾ ਸਿੰਘ 'ਨੂਰਪੁਰੀ'

ਪੰਜਾਬ ਮੇਲ USA




# Gurjatinder S. Randhawa

REALTOR CA DRE licence # 01490567



Gurjatinder S. Randhawa
REALTOR CA DRE licence # 01490567

## FOR SALE & PURCHASE OF ANY KIND OF PROPERTY

ਕੈਲੀਫੋਰਨੀਆ ਵਿਚ ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।

**Gurjatinder S. Randhawa**

**916-320-9444**

web: www.RealtorRandhawa.com

garysingh123@yahoo.com